# ਸਿਰਜਣਾ

ਜੁਲਾਈ-ਸਤੰਬਰ 2002 (ਅੰਕ 125)

July- September 2002

ਸੰਪਾਦਕ: ਰਘਬੀਰ ਸਿੰਘ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

# ਇਜਾਜ਼ਤ
# Permission


ਮੈਂ ਰਘੁਬੀਰ ਸਿੰਘ ਸੰਪਾਦਕ ਸਿਰਜਣਾ ਸੁਖਵੰਤ ਹੁੰਦਲ (13286 55 A Ave. Surrey, BC, Canada) ਨੂੰ ਸਿਰਜਣਾ ਦੇ ਸਾਰੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਦੀ ਇਜਾਜ਼ਤ ਦਿੰਦਾ ਹਾਂ। ਇਹ ਇਜਾਜ਼ਤ ਸਿਰਫ ਸਿਰਜਣਾ ਦੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਲਈ ਹੀ ਹੈ। ਸਿਰਜਣਾ ਦੀ ਸਮੱਗਰੀ ਦੇ ਕਾਪੀਰਾਈਟ ਅਤੇ ਹੋਰ ਸਾਰੇ ਹੱਕ ਰਘਬੀਰ ਸਿੰਘ ਸੰਪਾਦਕ ਸਿਰਜਣਾ ਦੇ ਹਨ।

I Raghbir Singh editor Sirjana hearby grant permission to Sukhwant Hundal (13286 55 A Ave. Surrey, BC, Canada) to upload online all issues of Sirjana in PDF format. This permission is only for uploading issues online in PDF format. The copyright and all other rights for Sirjana's content remains with Raghbir Singh, editor Sirjana.

ਦਸਖਤ –Sign: [signature]

ਪਤਾ –Address:
1728, ਸੈਕਟਰ 43-ਬੀ, ਚੰਡੀਗੜ੍ਹ - 160022
1728, Sector 43-B, Chandigarh - 160022 India

ਤਾਰੀਕ –Date: 25-10-2014




ਜੁਲਾਈ-ਸਤੰਬਰ 2002 **125** ਮੁੱਲ : 15 ਰੁਪਏ

# ਸਿਰਜਣਾ

125

ਜੁਲਾਈ -ਸਤੰਬਰ 2002

*

ਸੰਪਾਦਕ : **ਰਘਬੀਰ ਸਿੰਘ**

Editor : **Raghbir Singh**

*

ਪਤਾ

1728, ਸੈਕਟਰ 43-ਬੀ,

ਚੰਡੀਗੜ੍ਹ - 160022

ਫੋਨ : (0172) 601693
622938

**SIRJANA**

***1728, Sector 43-B,***

***Chandigarh***

***Phone : (0172) 601693***
***622938***

***E.mail : sirjana@glide.net.in***

*

SIRJANA is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966


## ਇਸ ਅੰਕ ਵਿਚ


ਰਘਬੀਰ ਸਿੰਘ/ਸੰਪਾਦਕੀ/ਪੰਜਾਬੀ ਲਈ ਸੰਘਰਸ਼ ਤੇ ਹਿੰਦੀ ਸਾਹਿਤ ਸੰਮੇਲਨ/1

ਅਜਾਇਬ ਕਮਲ/ਕਵਿਤਾ /ਮੀਰਾ/3

ਨਵਜੀਤ ਜੌਹਲ/ਦੋ ਕਵਿਤਾਵਾਂ/5

ਜਗਤਾਰ ਢਾਅ/ਦੋ ਕਵਿਤਾਵਾਂ/6

ਗੁਣਵੰਤ ਕੌਰ ਸਿੱਧੂ/ਕਵਿਤਾ/ਵਰ ਜਾਂ ਸਰਾਪ/7

ਗੁਰਨਾਮ ਢਿਲੋਂ/ਕਵਿਤਾ/ਫ਼ਿਕਰ/8

ਕਸ਼ਮੀਰ ਕਾਦਰ/ਦੋ ਗਜ਼ਲਾਂ/10

ਹਰਵਿੰਦਰ ਭੰਡਾਲ/ਕਵਿਤਾ/ਤ੍ਰਿਸ਼ੰਕੂ ਦਾ ਆਤਮ-ਕਥਨ/11

ਕੇ. ਐਲ ਗਰਗ/ਕਹਾਣੀ/ਕਰੋੜਪਤੀ/13

ਜਤਿੰਦਰ ਸਿੰਘ ਹੰਸ/ਕਹਾਣੀ/ਹੂੰ/18

ਬਲਰਾਜ ਸਿੰਘ ਸਿੱਧੂ/ਕਹਾਣੀ/ਗਲੀਏਂ ਚਿਕੜ ਦੂਰ ਘਰ/27

ਕੁਲਦੀਪ ਸਿੰਘ ਧੀਰ/ਨਿਬੰਧ/ਪੰਜਾਬੀ ਕਹਾਣੀ: ਉਤਰ ਆਧੁਨਿਕ ਦ੍ਰਿਸ਼ਟੀ ਬਿੰਦੂ/38

ਤੇਜਵੰਤ ਸਿੰਘ ਗਿੱਲ/ਨਿਬੰਧ/ਖੇੜੇ ਸੁੱਖ ਵਿਹੜੇ ਸੁੱਖ: ਨਾਵਲ ਦੇ ਨਾਲ ਦਸਤਾਵੇਜ਼ ਵੀ/55

ਕਰਿਸਤਿਆਨ ਸਾਲਮਨ/ਫਲਸਤੀਨੀ ਸਫ਼ਰਨਾਮਾ/ਬੁਲਡੋਜ਼ਰ ਦੀ ਜੰਗ/62

ਲਾਲ ਸਿੰਘ/ਨਿਬੰਧ/ਕਥਾ ਕਨੇਡਾ : ਵਸਤੂਗਤ ਪਰਿਚਯ /68

ਗੁਲਜ਼ਾਰ ਸਿੰਘ ਸੰਧੂ/ਰਿਵਿਊ/ਘੁੰਡੀ/73

ਚੰਦਰ ਮੋਹਨ/ਰਿਵਿਊ/ਧਰਤੀ ਪੁੱਤਰ/75

ਦਰਸ਼ਨ ਗਿੱਲ/ਰਿਵਿਊ/ਆਪਣਾ ਪਿੰਡ ਪਰਦੇਸ/77

ਗੁਲਜ਼ਾਰ ਸਿੰਘ ਸੰਧੂ/ਰਿਵਿਊ/ਫੁੱਲ ਤੇ ਪੱਤੀਆਂ/79

ਰਘਬੀਰ ਸਿੰਘ/ਰਿਵਿਊ/ਭਾਰਤੀ ਦਰਸ਼ਨ/82

ਸੁਰਜੀਤ ਜੱਜ/ਰਿਵਿਊ/ਗੁਲਾਬਾਸੀ/83

ਸੁੱਖਮਿੰਦਰ ਸੇਖੋਂ, ਵਿਸ਼ਾਲ/ਪੱਤਰ/87



ਟਾਈਟਲ ਚਿੱਤਰ : ਦੇਵ

ਵਾਰਸ਼ਿਕ ਚੰਦਾ-ਦੇਸ : 60 ਰੁਪਏ, ਸੰਸਥਾਵਾਂ ਤੇ ਲਾਇਬਰੇਰੀਆਂ ਲਈ: 75 ਰੁਪਏ
ਬਦੇਸ-ਹਵਾਈ ਡਾਕ ਰਾਹੀਂ : 10 ਪੌਂਡ, 15 ਅਮਰੀਕਨ ਡਾਲਰ, 20 ਕੈਨੇਡੀਅਨ ਡਾਲਰ




# ਪੰਜਾਬੀ ਲਈ ਸੰਘਰਸ਼ ਤੇ ਹਿੰਦੀ ਸਾਹਿਤ ਸੰਮੇਲਨ

ਹਿੰਦੀ ਸਾਹਿਤ ਸੰਮੇਲਨ ਪ੍ਰਯਾਗ (ਅਲਾਹਾਬਾਦ) ਵੱਲੋਂ 'ਪੰਜਾਬੀ ਭਾਸ਼ਾ ਦੀ ਰਾਖੀ ਲਈ' ਹੁਣੇ ਜਿਹੇ ਚੰਡੀਗੜ੍ਹ ਵਿਚ ਇਕ ਸੰਮੇਲਨ ਕੀਤਾ ਗਿਆ। ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਪਹਿਲੀ ਸ਼੍ਰੇਣੀ ਤੋਂ ਅੰਗਰੇਜ਼ੀ ਦੀ ਪੜ੍ਹਾਈ ਸ਼ੁਰੂ ਕੀਤੀ ਗਈ ਤਾਂ ਕੇਂਦਰੀ ਪੰਜਾਬੀ ਲੇਖਕ ਸਭਾ ਨੇ ਇਸ ਫੈਸਲੇ ਨੂੰ ਪੰਜਾਬੀ ਭਾਸ਼ਾ ਲਈ ਘਾਤਕ ਦੱਸਦਿਆਂ ਹੋਇਆਂ ਇਸਦਾ ਜ਼ਬਰਦਸਤ ਵਿਰੋਧ ਕੀਤਾ। ਕਈ ਉੱਘੇ ਲੇਖਕਾਂ ਤੇ ਵਿਦਵਾਨਾਂ ਨੇ ਵੀ ਇਸ ਮੁੱਦੇ ਨੂੰ ਲੈ ਕੇ ਆਪਣੀ ਕਲਮ ਰਾਹੀਂ ਇਸਦੇ ਖਿਲਾਫ ਤਕੜੀ ਮੁਹਿੰਮ ਛੇੜੀ।

ਹਿੰਦੀ ਸਾਹਿਤ ਸੰਮੇਲਨ ਨੂੰ ਪੰਜਾਬੀ ਲੇਖਕਾਂ ਦੀ ਸ਼੍ਰੋਮਣੀ ਜਥੇਬੰਦੀ ਅਤੇ ਉੱਘੇ ਲੇਖਕਾਂ ਦੇ ਜਤਨਾਂ ਦੀ ਕਨਸੋਅ ਹੋਈ ਤਾਂ ਇਸ ਨੇ ਆਪਣਾ ਯੋਗਦਾਨ ਪਾਉਣ ਦਾ ਫੈਸਲਾ ਕੀਤਾ। ਅਤੇ ਇੰਝ ਇਸ ਸੰਸਥਾ ਨੇ ਚੰਡੀਗੜ੍ਹ ਵਿਚ ਹਿੰਦੀ ਤੇ ਪੰਜਾਬੀ ਲੇਖਕਾਂ ਦਾ ਸੰਮੇਲਨ ਸੱਦ ਲਿਆ। ਕੇਂਦਰੀ ਪੰਜਾਬੀ ਲੇਖਕ ਸਭਾ ਇਸ ਸੰਮੇਲਨ ਦੀ ਹਿੱਸੇਦਾਰ ਬਣੀ ਅਤੇ ਪੰਜਾਬੀ ਦੇ ਉਹ ਵਿਦਵਾਨ ਲੇਖਕ ਵੀ ਉਤਸ਼ਾਹ ਨਾਲ ਇਸ ਵਿਚ ਸ਼ਾਮਲ ਹੋਏ ਜੋ ਪੰਜਾਬੀ ਭਾਸ਼ਾ ਦੇ ਹਿਤਾਂ ਲਈ ਲਗਾਤਾਰ ਵਧੇਰੇ ਫਿਰਕਮੰਦੀ ਦਾ ਇਜ਼ਹਾਰ ਕਰਦੇ ਆ ਰਹੇ ਸਨ! ਇਸ ਸੰਮੇਲਨ ਵਿਚ ਦੂਜੇ ਪ੍ਰਾਂਤਾਂ ਤੋਂ ਆਏ ਸੱਜਣਾਂ ਵਿਚ ਇਕ ਸਾਬਕਾ ਗਵਰਨਰ ਸਮੇਤ ਸੰਘ ਪਰਿਵਾਰ ਅਤੇ ਭਾਰਤੀ ਜਨਤਾ ਪਾਰਟੀ ਨਾਲ ਜੁੜੇ ਕਈ ਸਿਆਸਤਦਾਨ ਵੀ ਹਾਜ਼ਰ ਸਨ। ਪੰਜਾਬ ਦੀ ਹੁਣ ਦੀ ਕਾਂਗਰਸ ਸਰਕਾਰ ਦੇ ਸਿੱਖਿਆ ਮੰਤਰੀ ਵੀ ਇਸ ਵਿਚ ਸ਼ਾਮਲ ਹੋਏ।

ਪੰਜਾਬ ਦੀ ਅਕਾਲੀ ਸਰਕਾਰ ਬਦਲ ਚੁੱਕੀ ਹੈ ਅਤੇ ਉਸਦੀ ਥਾਂ ਕਾਂਗਰਸ ਪਾਰਟੀ ਦੀ ਸਰਕਾਰ ਸਥਾਪਤ ਹੈ। ਉਹ ਸਿੱਖਿਆ ਮੰਤਰੀ ਜਿਸ ਦੀ ਸਰਕਰਦਗੀ ਵਿਚ ਸਰਕਾਰੀ ਸਕੂਲਾਂ ਵਿਚ ਪੰਜਾਬੀ ਦੇ ਨਾਲ ਨਾਲ ਅੰਗਰੇਜ਼ੀ ਪੜ੍ਹਾਉਣ ਦਾ ਫੈਸਲਾ ਹੋਇਆ ਸੀ, ਅਤੇ ਜਿਸਦੇ ਅਜੀਬ ਜਿਹੇ ਨਾਉਂ ਨੂੰ ਲੈ ਕੇ ਅਕਸਰ ਵਿਅੰਗ ਵੀ ਕਸੇ ਜਾਂਦੇ ਸਨ, ਗੱਦੀਓਂ ਲੱਥਾ ਹੋਇਆ ਹੈ। ਨਵੀਂ ਸਰਕਾਰ, ਨਵਾਂ ਵਜ਼ੀਰ, ਸੰਘ ਪਰਿਵਾਰ ਅਤੇ ਕਾਂਗਰਸ ਪਾਰਟੀ ਦੀ ਹਮਾਇਤ, ਲੇਖਕ ਸਭਾਵਾਂ ਵਿਚਲੇ ਖੱਬੇ-ਪੱਖੀ ਸਾਥੀਆਂ ਦਾ ਉਤਸ਼ਾਹ ਅਤੇ ਫਿਰ ਹਿੰਦੀ ਸਾਹਿਤ ਸੰਮੇਲਨ ਪ੍ਰਯਾਗ ਦੀ ਸਰਪ੍ਰਸਤੀ—ਸਤਹ ਉਤੇ ਸਭ ਕੁਝ ਠੀਕ ਹੀ ਤਾਂ ਲਗਦਾ ਹੈ।

ਇਸ ਸੰਮੇਲਨ ਨੇ ਪ੍ਰੋ. ਪ੍ਰੀਤਮ ਸਿੰਘ, ਗੁਰਦਿਆਲ ਸਿੰਘ, ਸੰਤੋਖ ਸਿੰਘ ਧੀਰ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਡਾ. ਐਸ. ਤਰਸੇਮ ਦਾ ਸਨਮਾਨ ਕੀਤਾ। ਸਾਡੇ ਇਹਨਾਂ ਸਤਿਕਾਰਤ ਲੇਖਕਾਂ ਦੀਆਂ ਸੇਵਾਵਾਂ ਨੂੰ ਹਿੰਦੀ ਸਾਹਿਤ ਸੰਮੇਲਨ ਨੇ ਵੀ ਪ੍ਰਵਾਨਗੀ ਦਿੱਤੀ, ਇਸ ਉਤੇ ਸਭ ਨੂੰ ਖੁਸ਼ੀ ਹੋਣੀ ਚਾਹੀਦੀ ਹੈ! ਐਪਰ ਚੰਡੀਗੜ੍ਹ ਵਿਚਲੇ ਪੰਜਾਬ ਕਲਾ ਭਵਨ ਦੇ ਅਹਾਤੇ ਵਿਚ ਇਹ ਜੋ ਸਾਰਾ ਕੁਝ 'ਚੰਗਾ ਚੰਗਾ' ਹੋਇਆ, ਉਸ ਤੋਂ ਪੰਜਾਬੀ ਭਾਸ਼ਾ ਦੇ ਹਿਤੈਸ਼ੀ ਸੱਚਮੁੱਚ ਪ੍ਰਸੰਨ ਹੋਣ ਜਾਂ ਨਾ—ਇਹ ਜ਼ਰਾ ਸੋਚਣ ਵਾਲੀ ਗੱਲ ਹੈ।

ਅਖਬਾਰੀ ਰੀਪੋਰਟਾਂ ਦੱਸਦੀਆਂ ਹਨ ਕਿ ਸੰਮੇਲਨ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕੋਮਟੀ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਇਹ ਅਪੀਲ ਕੀਤੀ ਕਿ ਉਹ ਅਜਿਹੇ 'ਪਬਲਿਕ' ਸਕੂਲ ਖੋਲ੍ਹਣ ਜਿਨ੍ਹਾਂ ਵਿਚ ਸਿੱਖਿਆ ਦਾ ਮਾਧਿਅਮ ਪੰਜਾਬੀ ਹੋਵੇ। ਇਸ 'ਸ਼ੁਭ ਭਾਵੀ' ਅਪੀਲ ਦਾ ਜੋ ਅਰਥ ਸਾਨੂੰ ਸਮਝ ਪੈਂਦਾ ਹੈ ਉਹ ਇਕ ਤਾਂ ਇਹ ਕਿ ਪੰਜਾਬੀ ਭਾਸ਼ਾ ਦਾ ਤੁਅਲਕ ਸਮੂਹ ਪੰਜਾਬੀਆਂ ਨਾਲ ਨਹੀਂ, ਕੇਵਲ ਸਿੱਖਾਂ ਨਾਲ ਹੀ ਹੈ। ਦੂਸਰਾ ਇਹ ਕਿ ਅਖੌਤੀ ਪਬਲਿਕ ਸਕੂਲਾਂ ਦੀ ਹੋਂਦ ਜ਼ਰੂਰੀ ਹੈ। ਇਸ ਅਨੁਸਾਰ ਬਾਕੀ ਪਬਲਿਕ ਸਕੂਲ ਅੰਗਰੇਜ਼ੀ ਮਾਧਿਅਮ ਰਾਹੀਂ ਸਿੱਖਿਆ ਦਿੰਦੇ ਹਨ, ਜਦਕਿ ਸਿੱਖਾਂ ਵੱਲੋਂ ਚਲਾਏ ਜਾਣ ਵਾਲੇ ਪਬਲਿਕ ਸਕੂਲ ਉਨ੍ਹਾਂ ਦੇ ਟਾਕਰੇ ਉਤੇ ਆ ਸਕਦੇ ਹਨ। ਰਹੀ ਗੱਲ ਸਾਧਾਰਨ ਸਰਕਾਰੀ ਸਕੂਲਾਂ ਵਿਚ ਪੜ੍ਹਨ ਲਈ ਮਜਬੂਰ ਆਮ ਲੋਕਾਂ ਦੇ ਬੱਚਿਆਂ ਦੀ—ਉਨ੍ਹਾਂ ਨੂੰ ਅੰਗਰੇਜ਼ੀ ਤੋਂ

ਦੂਰ ਰੱਖਿਆ ਜਾਣਾ ਚਾਹੀਦਾ ਹੈ ਤਾਕਿ ਉਨ੍ਹਾਂ ਦੇ ਮਾਨਸਿਕ ਵਿਕਾਸ ਉਤੇ ਕੋਈ ਬੁਰਾ ਅਸਰ ਨਾ ਪਵੇ ! ਪਬਲਿਕ ਸਕੂਲਾਂ ਵਿਚ ਸਮਰੱਥ ਤੇ ਅਮੀਰ ਲੋਕਾਂ ਦੇ ਬੱਚੇ ਪੜ੍ਹਦੇ ਹਨ। ਅੰਗਰੇਜ਼ੀ ਪੜ੍ਹਨ ਨਾਲ ਉਨ੍ਹਾਂ ਦੇ ਮਾਨਸਿਕ ਵਿਕਾਸ ਉਤੇ ਪੈਂਦੇ 'ਮਾੜੇ' ਅਸਰ ਦੀ ਚਿੰਤਾ ਕਰਨ ਦੀ ਲੋੜ ਨਹੀਂ !

ਅਚੇਤ ਸੁਚੇਤ ਇਸ ਭਾਂਤ ਦਾ ਵਚਿੱਤਰ ਤਰਕ ਸਾਡੇ ਵਿਦਵਾਨ ਲੇਖਕਾਂ ਤੇ ਸਭਾਵਾਂ ਵੱਲੋਂ ਪੇਸ਼ ਕੀਤਾ ਜਾ ਰਿਹਾ ਹੈ। ਅਤੇ ਉਨ੍ਹਾਂ ਨੇ ਸ਼ਾਇਦ ਏਸੇ ਤਰਕ ਅਨੁਸਾਰ ਪੰਜਾਬੀ ਭਾਸ਼ਾ ਲਈ ਫਿਕਰਮੰਦੀ ਦੀ ਵਾਗਡੋਰ ਹਿੰਦੀ ਸਾਹਿਤ ਸੰਮੇਲਨ ਨੂੰ ਸੌਂਪ ਦਿੱਤੀ ਹੈ। ਹੁਣ ਤਕ ਇਹ ਆਖਿਆ ਜਾਂਦਾ ਰਿਹਾ ਹੈ ਕਿ ਕੇਂਦਰ ਸਰਕਾਰ ਦੀ ਸਰਪ੍ਰਸਤੀ ਨਾਲ ਪੰਜਾਬੀ ਵਰਗੀਆਂ ਖੇਤਰੀ ਭਾਸ਼ਾਵਾਂ ਦਾ ਹਿੰਦੀਕਰਨ ਹੋ ਰਿਹਾ ਹੈ। ਇੰਝ ਪੰਜਾਬੀ ਦੇ ਵਿਗੜਦੇ ਮੁਹਾਂਦਰੇ ਬਾਰੇ ਬਹੁਤ ਚਿੰਤਾ ਪ੍ਰਗਟ ਹੁੰਦੀ ਰਹੀ ਹੈ। ਪਰ ਜਦੋਂ ਹਿੰਦੀ ਸਾਹਿਤ ਸੰਮੇਲਨ ਨਾਲ ਭਿਆਲੀ ਵਿਚ ਪੰਜਾਬੀ ਲਈ ਸੰਘਰਸ਼ ਲੜਿਆ ਜਾਵੇਗਾ ਤਾਂ ਇਸ ਚਿੰਤਾ ਦਾ ਕਿਵੇਂ ਨਿਵਾਰਨ ਹੋਵੇਗਾ, ਇਹ ਵੇਖਣਾ ਬਣਦਾ ਹੈ !

ਸਾਨੂੰ ਕੇਂਦਰੀ ਪੰਜਾਬੀ ਲੇਖਕ ਸਭਾ ਅਤੇ ਪੰਜਾਬੀ ਲਈ ਫਿਰਕਮੰਦ ਲੇਖਕਾਂ ਵਿਦਵਾਨਾਂ ਦੀ ਸੁਹਿਰਦਤਾ ਉਤੇ ਕੋਈ ਸ਼ੰਕਾ ਨਹੀਂ। ਚਿੰਤਾ ਜੇ ਹੈ ਤਾਂ ਇਸ ਗੱਲ ਦੀ ਕਿ ਉਨ੍ਹਾਂ ਦੀ ਸਮਝ ਨੇ ਸਾਨੂੰ ਹਿੰਦੀ ਸਾਹਿਤ ਸੰਮੇਲਨ ਦੀ ਸ਼ਰਨ ਵਿਚ ਪੁਚਾ ਦਿੱਤਾ ਹੈ। ਇਸ ਹਾਲਤ ਵਿਚ ਪੰਜਾਬੀ ਲਈ ਸੰਘਰਸ਼ ਕਿਸ ਦਿਸ਼ਾ ਵਿਚ ਅਤੇ ਕਿਵੇਂ ਚਲਦਾ ਹੈ, ਇਹ ਕਿਆਸ ਕਰਨ ਤੋਂ ਘੱਟੋ ਘੱਟ ਸਾਨੂੰ ਜ਼ਰੂਰ ਡਰ ਲਗਦਾ ਹੈ।

ਅਸੀਂ ਮੁੜ ਦੁਹਰਾਉਂਦੇ ਹਾਂ ਕਿ ਪੰਜਾਬੀ ਭਾਸ਼ਾ ਨੂੰ ਪੰਜਾਬ ਵਿਚ ਸਿੱਖਿਆ ਤੇ ਪ੍ਰਸ਼ਾਸਨ ਵਿਚ ਹਰ ਪੱਧਰ ਉਤੇ ਲਾਗੂ ਕਰਨਾ ਅਤਿਅੰਤ ਜ਼ਰੂਰੀ ਹੈ। ਮੁੱਢਲੀ ਸਿੱਖਿਆ ਲਾਜ਼ਮੀ ਮਾਤਭਾਸ਼ਾ ਪੰਜਾਬੀ ਵਿਚ ਹੋਵੇ। ਪੰਜਾਬ ਵਿਚਲੇ ਮਾਨਤਾ ਪ੍ਰਾਪਤ ਤਥਾ ਕਥਿਤ 'ਪਬਲਿਕ' ਸਾਰੇ ਗੈਰ-ਸਰਕਾਰੀ ਸਕੂਲ ਮੁੱਢੋਂ ਪੰਜਾਬੀ ਪੜ੍ਹਾਉਣ ਅਤੇ ਉਨ੍ਹਾਂ ਦੇ ਪਾਠਕ੍ਰਮ ਵਿਚ ਕੋਈ ਵਖਰੇਵਾਂ ਨਾ ਹੋਵੇ। ਇਹ ਨਹੀਂ ਹੋ ਸਕਦਾ ਕਿ ਪਬਲਿਕ ਸਕੂਲਾਂ ਵਿਚ ਅਮੀਰ ਤੇ ਸਮਰੱਥ ਲੋਕਾਂ ਦੇ ਬੱਚੇ ਹੋਰ ਤਰ੍ਹਾਂ ਦੀ ਸਿੱਖਿਆ ਪ੍ਰਾਪਤ ਕਰਨ ਅਤੇ ਗਰੀਬ ਲੋਕਾਂ ਦੇ ਸਾਧਾਰਨ ਸਕੂਲਾਂ ਵਿਚ ਪੜ੍ਹਦੇ ਬੱਚੇ ਕੁਝ ਹੋਰ ਤਰ੍ਹਾਂ ਦੀ।

ਅਸਲੋਂ ਅਸਲੀ ਇਹ ਸਾਰਾ ਮਾਮਲਾ ਇਕ ਬੰਨੇ ਸਭਿਆਚਾਰਕ ਚੇਤਨਾ ਨਾਲ ਜੁੜਿਆ ਹੋਇਆ ਹੈ ਅਤੇ ਦੂਜੇ ਬੰਨੇ ਜਮਾਤੀ ਹਿਤਾਂ ਨਾਲ। ਬਦਕਿਸਮਤੀ ਨਾਲ ਪੰਜਾਬ ਦੀ ਸਿਆਸੀ ਲੀਡਰਸ਼ਿਪ ਨੂੰ ਆਪਣੇ ਸਭਿਆਚਾਰ ਦੇ ਗੌਰਵ ਦੀ ਚੇਤਨਾ ਨਹੀਂ। ਇਸ ਲਈ ਨੇਤਾ ਲੋਕ ਪੰਜਾਬੀ ਦੇ ਮਹੱਤਵ ਨੂੰ ਨਹੀਂ ਪਛਾਣ ਰਹੇ। ਦੂਜੇ ਬੰਨੇ ਜਮਾਤੀ ਹਿਤਾਂ ਮੁਤਾਬਕ ਹੁਕਮਰਾਨ ਜਮਾਤਾਂ ਵੱਲੋਂ ਮੁੱਢ ਤੋਂ ਹੀ ਸਿੱਖਿਆ ਦੇ ਖੇਤਰ ਵਿਚ ਵਿਤਕਰਾ ਉਭਾਰਨ ਦੀ ਨੀਤੀ ਲਾਗੂ ਰਹੀ ਹੈ ਅਤੇ ਇਸੇ ਨੀਤੀ ਨੂੰ ਹੀ ਹੁਣ ਵੀ ਅੱਗੇ ਤੋਰਿਆ ਜਾ ਰਿਹਾ ਹੈ।

ਅੰਗਰੇਜ਼ੀ ਭਾਵੇਂ ਬਸਤੀਵਾਦੀ ਸ਼ਾਸਕਾਂ ਦੀ ਜ਼ੁਬਾਨ ਰਹੀ ਹੈ ਪਰ ਇਹ ਦੁਨੀਆਂ ਦੀ ਸਭ ਤੋਂ ਅਮੀਰ ਤੇ ਵਿਕਸਤ ਭਾਸ਼ਾ ਹੈ। ਇਹ ਜ਼ੁਬਾਨ ਇਕ ਤਰ੍ਹਾਂ ਦੀ ਅੰਤਰਰਾਸ਼ਟਰੀ ਜ਼ੁਬਾਨ ਬਣ ਚੁੱਕੀ ਹੈ। ਬਹੁਤ ਹੀ ਸ਼ਕਤੀਸ਼ਾਲੀ ਕੌਮਾਂ ਤੇ ਦੇਸ਼ ਹੀ ਅੰਗਰੇਜ਼ੀ ਤੋਂ ਬਗੈਰ ਗੁਜ਼ਾਰਾ ਕਰਨ ਦੀ ਪੁਜ਼ੀਸ਼ਨ ਵਿਚ ਹਨ; ਨਹੀਂ ਤਾਂ ਦੁਨੀਆਂ ਦੇ ਵਡੇਰੇ ਹਿੱਸੇ ਵਿਚ ਸੰਚਾਰ ਭਾਸ਼ਾ ਅੰਗਰੇਜ਼ੀ ਹੀ ਹੈ। ਇਸ ਹਾਲਤ ਵਿਚ ਅੰਗਰੇਜ਼ੀ ਵੱਲ ਤ੍ਰਿਸਕਾਰ-ਭਾਵ ਕੋਈ ਦਰੁਸਤ ਪਹੁੰਚ ਨਹੀਂ। ਇਸ ਕਰਕੇ ਅੰਗਰੇਜ਼ੀ ਦੀ ਪੜ੍ਹਾਈ ਨੂੰ ਬਹਤੁ ਵੱਡਾ ਹਊਆ ਬਣਾ ਕੇ ਪੇਸ਼ ਕਰਨਾ ਅਤੇ ਇਸ ਨੂੰ ਪੰਜਾਬੀ ਦੇ ਵਿਰੁੱਧ ਗਰਦਾਨਣਾ ਠੀਕ ਨਹੀਂ। ਇਹ ਸਪਸ਼ਟ ਹੋਵੇ ਕਿ ਹਿੰਦੀ ਸਾਹਿਤ ਸੰਮੇਲਨ ਪੰਜਾਬੀ ਲਈ ਉਨਾ ਮੋਹਵੰਤ ਨਹੀਂ ਜਿੰਨਾ ਅੰਗਰੇਜ਼ੀ ਦੇ ਵਿਰੁੱਧ ਹੈ।

ਕਿਸੇ ਵੀ ਹਾਲਤ ਵਿਚ ਪੰਜਾਬੀ ਭਾਸ਼ਾ ਨੂੰ ਉਸਦਾ ਹੱਕੀ ਸਥਾਨ ਦੁਆਉਣ ਲਈ ਹਿੰਦੀ ਸਾਹਿਤ ਸੰਮੇਲਨ ਵਰਗੀ ਸੰਸਥਾ ਦਾ ਸਹਿਯੋਗ ਕੋਈ ਸਾਰਥਕ ਸਿੱਟੇ ਕੱਢ ਸਕੇਗਾ—ਇਸ ਤਰ੍ਹਾਂ ਸੋਚਣਾ ਆਪਣੇ ਆਪ ਨੂੰ ਧੋਖਾ ਦੇਣ ਤੋਂ ਵੱਧ ਹੋਰ ਕੁਝ ਨਹੀਂ। **[ਰਘਬੀਰ ਸਿੰਘ]**



# ਮੀਰਾ

## ਅਜਾਇਬ ਕਮਲ

ਲਚਕੀਲੀ ਬੰਸਰੀ ਵਰਗੀ ਬਿਰਹਾਰੀ ਮੀਰਾ
ਅਜੀਬ ਨਾਟ ਰਚਾਉਂਦੀ ਹੈ
ਨੀਲੀਆਂ, ਪੀਲੀਆਂ, ਸੁਰਮੀਲੀਆਂ
ਵੈਰਾਗਮਈ ਛੱਲਾਂ 'ਚ ਡੁੱਬ ਕੇ
ਆਪਣੇ ਅੰਦਰਲੀ ਔਰਤ ਨੂੰ ਵੀਣਾ ਵਾਂਗ
ਸੁਰਤਾਲ 'ਚ ਵਜਾਂਦੀ ਹੈ
ਦਰਦੀਲੀਆਂ ਹੂਕਾਂ ਨਾਲ ਦਿਲਾਂ 'ਚ ਛੇਕ ਪਾਂਦੀ
ਅੰਦਰੋਂ ਉੱਠੇ ਹਉਕਿਆਂ ਨਾਲ
ਚਾਰੇ ਕੂੰਟਾਂ ਹਿਲਾਂਦੀ ਹੈ

ਮੀਰਾ ਵਿਚਲੀ ਮੀਰਾ ਦਾ ਦੁਖਾਂਤ ਹੈ
ਉਸ ਦਾ ਰਾਜ ਕੁਮਾਰ ਪੂਰਾ ਮਨੁੱਖ ਨਹੀਂ
ਅਧੂਰਾ ਪਤੀ ਹੈ
ਵਿਚਾਰਾ ਉਸ ਅੰਦਰਲੀ ਔਰਤ ਦੀ
ਰੂਹ ਵਿਚਲੀ ਤਰਬ ਹਿਲਾ ਨਹੀਂ ਸਕਦਾ
ਚੂੰਢੀਆਂ ਵੱਢ, ਕੁਤਕੁਤਾਰੀਆਂ ਪਾ
ਉਸ ਦੇ ਅੰਦਰ ਸੁੱਤੀ ਪਈ
ਜਵਾਨ ਔਰਤ ਨੂੰ ਨਹੀਂ ਜਗਾ ਸਕਦਾ
ਭਰਵੀਂ ਗਲਵਕੜੀ 'ਚ ਲੈ ਅੱਧੀ ਅਧੂਰੀ ਔਰਤ ਨੂੰ
ਪੂਰੀ ਸੂਰੀ ਔਰਤ ਨਹੀਂ ਬਣਾ ਸਕਦਾ
ਵਿਚਾਰਾ ਮੁਕਤੀ ਦੇਣੋਂ ਪਹਿਲਾਂ ਹੀ
ਮੁਕਤ ਹੋ ਜਾਂਦਾ
ਸਿਖਰਲੇ ਸੰਤੋਖੀ ਛਿਣੋਂ ਪਹਿਲਾਂ ਹੀ
ਉਰੇ ਪਰੇ ਹੋ ਜਾਂਦਾ

ਇਸੇ ਲਈ ਮੀਰਾ ਵਿਚਲੀ ਸਦੀਵੀ ਔਰਤ
ਸਦੀਵੀ ਭਟਕਣ ਬਣਕੇ ਰਹਿ ਗਈ ਹੈ
ਉਚੇ ਮਹਿਲਾਂ ਦੇ ਬੰਦੀਖਾਨੇ 'ਚ ਘਿਰੀ
ਸਦੀਵੀ ਤ੍ਰਿਸ਼ਨਾ ਬਣਕੇ ਰਹਿ ਗਈ ਹੈ
ਵਿਚਾਰੀ ਔਰਤ ਅੱਧੀ ਰੇਤ ਥਲੀ
ਅੱਧੀ ਭਰਮ ਜਲੀ ਬਣਕੇ ਰਹਿ ਗਈ ਹੈ
ਹਾਰ ਹੁਟਕੇ ਸ਼ਿੰਗਾਰੀ ਹੋਈ ਸੱਖਣੀ ਸੇਜ 'ਤੇ
ਨਿਰਾਸ ਹੋਕੇ ਬਹਿ ਗਈ ਹੈ

ਉਹ ਹਰ ਛਿਣ ਤ੍ਰਾਸਦਕ ਇਕਲਾਪੇ ਦਾ
ਥਲ ਵਰਗਾ ਮਾਰੂ ਸੰਤਾਪ ਹੰਢਾਂਦੀ ਹੈ
ਤੇ ਵੀਣਾ ਦੀ ਦਰਦੀਲੀ ਹੂਕ 'ਚ ਲੁਕੇ

ਨੱਟ ਖੱਟ ਕ੍ਰਿਸ਼ਨ ਨੂੰ ਧਿਆਉਂਦੀ ਹੈ
ਉਸ ਨੂੰ ਸਹਾਇਤਾ ਲਈ ਬੁਲਾਉਂਦੀ ਹੈ
ਦਿਨ ਰਾਤ ਉਣੀਂਦੇ ਸੁਪਨੇ ਹੰਢਾਉਂਦੀ ਹੈ ।

ਉਸ ਨੂੰ ਪਤਾ ਉਸ ਦਾ ਬੰਸੀ ਵਾਲਾ
ਉਸਦੇ ਰਾਜ ਕੁਮਾਰ ਵਾਂਗ ਅਧੂਰਾ ਮਨੁੱਖ ਨਹੀਂ
ਸੋਲਾਂ ਕਲਾਂ ਸੰਪੂਰਨ ਅਵਤਾਰ ਹੈ
ਇਸੇ ਲਈ ਪ੍ਰੇਮ ਦੀਵਾਨੀ ਮੀਰਾ
"ਮੇਰੇ ਤੋ ਗਿਰਧਰ ਗੋਪਾਲ" ਦੀ
ਵੀਣਾ 'ਤੇ ਸੁਰ ਅਲਾਂਦੀ ਹੈ ।
ਉਸ ਦੀ ਹੂਕ ਸੁਣਕੇ
ਸੁਰ ਲਹਿਰੀਆਂ 'ਤੇ ਉਛਲਦੀ
ਸਾਂਵਲੇ ਬੰਸੀ ਵਾਲੇ ਦੀ ਨੀਲੀ ਛਾਯਾ
ਉਸ ਵੱਲ ਖਿੱਚੀ ਉਸ ਦੀ ਸੱਖਣੀ ਸੇਜ 'ਤੇ
ਉਡਕੇ ਆ ਜਾਂਦੀ ਹੈ
ਉਸਦੀ ਭਟਕਦੀ ਆਤਮਾ ਨੂੰ
ਨਿੱਘੀ ਬੁੱਕਲ 'ਚ ਛੁਪਾ ਲੈਂਦੀ ਹੈ
ਸਾਹਾਂ 'ਚ ਰਚਾ ਲੈਂਦੀ ਹੈ
ਮੀਰਾ ਬੰਸੀ ਵਾਲੇ ਮਾਖਨ ਚੋਰ ਨੂੰ
ਪੂਰੀ ਸੂਰੀ ਸਮਰਪਤ ਹੋ ਜਾਂਦੀ ਹੈ
ਉਸ ਨਾਲ ਹਸਦੀ, ਉਸ ਨਾਲ ਰੋਂਦੀ
ਉਸ ਨਾਲ ਔਰਤ ਵਿਚਲੀ ਅੰਤ੍ਰੀਵੀ ਭਾਸ਼ਾ ਬੋਲਦੀ ਹੈ

ਮੀਰਾ ਦੀ ਬੇਰੁਖ਼ੀ ਦੇਖ ਰਾਜ ਕੁਮਾਰ ਵਿਚਲਾ ਅਧੂਰਾ ਮਨੁੱਖ
ਕੁੱਟਲ ਚਾਲਾਂ 'ਤੇ ਆ ਜਾਂਦਾ
ਧੋਖੇ ਨਾਲ ਜ਼ਹਿਰ ਦਾ ਪਿਆਲਾ
ਉਸ ਦੇ ਮੂੰਹ ਨੂੰ ਲਾ ਜਾਂਦਾ
ਪਰ ਜ਼ਹਿਰ ਪੀ ਕੇ ਵੀ ਮੀਰਾ ਮਰਦੀ ਨਹੀਂ
ਆਪਣੀ ਵੈਰਾਗੀ ਛੋਹ ਨਾਲ
ਗਿਰਧਰ ਦੀ ਛਾਯਾ 'ਚ ਅਲੋਪੀ ਰਹਿੰਦੀ
ਆਪਣੀ ਛੋਹ ਨਾਲ ਉਸ ਦੀ ਛਾਯਾ ਨੂੰ
ਜੀਉਂਦਾ ਜਾਗਦਾ ਕਲਾਧਾਰੀ ਬਣਾ ਲੈਂਦੀ
ਫੇਰ ਸੰਗਦੀ ਸੰਗਾਂਦੀ ਉਸ ਅੰਦਰਲੇ
ਸੋਲਾਂ ਕਲਾਂ ਸੰਪੂਰਨ ਕਲਾਧਾਰੀ ਨਾਲ
ਲਿਪਟ ਕੇ ਸੌਂ ਜਾਂਦੀ
ਇਸ ਤਰ੍ਹਾਂ ਉਸ ਵਿਚਲੀ ਪਿਆਸੀ ਸਿੱਪੀ ਮੂੰਹ
ਸਵਾਂਤ ਬੂੰਦ ਪੈ ਜਾਂਦੀ
ਤੇ ਭਟਕਦੀ ਆਤਮਾ ਨੂੰ
ਸਿਖਰ ਸੰਤੋਖੀ ਸ਼ਾਂਤੀ ਮਿਲ ਜਾਂਦੀ ।OO

[ ਪਿੰਡ ਡਾਂਡੀਆਂ, ਡਾ. ਬੱਡੋਂ, ਰਾਹੀਂ ਫਗਵਾੜਾ, ਜ਼ਿਲਾ ਹੁਸ਼ਿਆਰਪੁਰ]



# ਦੋ ਕਵਿਤਾਵਾਂ
## ਨਵਜੀਤ ਜੌਹਲ

### 1. ਪਰਛਾਈ

ਮੇਰੇ ਨਿੱਕੇ ਜਿਹੇ ਪੁੱਤਰ ਨੇ
ਮਸਾਂ ਬਹਿਣਾ ਸਿਖਿਆ ਹੈ

ਅੱਜ ਉਹ ਧੁੱਪ 'ਚ ਬੈਠਾ
ਆਪਣੀ ਪਰਛਾਈ ਨੂੰ
ਫੜਨ ਦੀ ਕੋਸ਼ਿਸ਼ ਕਰਦਾ ਰਿਹਾ

ਉਹ ਹਿਲਦਾ
ਪਰਛਾਈ ਵੀ ਹਿਲ ਜਾਂਦੀ
ਉਹ ਉਠਦਾ
ਤੇ ਪਰਛਾਈ ਵੀ ਉਠ ਜਾਂਦੀ
ਉਹ ਢਹਿੰਦਾ
ਪਰਛਾਈ ਵੀ ਢਹਿ ਜਾਂਦੀ

ਉਸਦੇ ਨਿੱਕੇ ਨਿੱਕੇ ਹੱਥ
ਇਧਰ ਉਧਰ ਭਟਕਦੇ
ਤੇ ਥੱਕ ਕੇ ਰਹਿ ਜਾਂਦੇ

"ਸਾਰੀ ਉਮਰ
ਇਹੋ ਤੇ ਕਰਨਾ ਈ ਪੁੱਤਰ
ਅਜੇ ਕੁਝ ਹੋਰ ਖੇਡ"
ਕਹਿ ਕੇ ਮੈਂ ਉਸ ਨੂੰ
ਹਿੱਕ ਨਾਲ ਲਾਉਂਦਾ ਹਾਂ
ਤੇ ਉਹ ਕਿਲਕਾਰੀ ਮਾਰਦਾ ਹੈ

ਹੁਣ ਜਿਉਂ ਮੈਂ
ਇਸ ਕਿਲਕਾਰੀ ਦੀ ਪਰਛਾਈ
ਫੜਨ ਦੀ ਕੋਸ਼ਿਸ਼ 'ਚ ਹਾਂ

### 2. ਚਿਮਨੀ ਦਾ ਧੂੰਆਂ

ਇਕ ਜੇਲ੍ਹ ਨੇੜਲੇ
ਪੁਲ ਉਤੋਂ ਲੰਘ ਰਿਹਾ ਹਾਂ
ਸਭ ਕੁਛ ਕਿੰਨਾ ਤਨਹਾ ਹੈ
ਕਿੰਨਾ ਖਾਮੋਸ਼ !

ਜੇਲ੍ਹ ਦੀ ਇਕ ਚਿਮਨੀ ਚੋਂ ਉਠਦਾ ਧੂੰਆਂ
ਅਹਿਸਾਸ ਦੁਆਉਂਦਾ ਹੈ
ਕਿ ਜ਼ਿੰਦਗੀ ਹੈ ਕਿਤੇ ਆਸ ਪਾਸ

ਘਰ ਪਹੁੰਚਣ ਦੀ ਕਾਹਲ 'ਚ
ਮੈਂ ਘੜੀ ਵੱਲ ਵੇਖਦਾ ਹਾਂ
ਮੇਰੀ ਹਿਸਾਬੇ
ਬੱਸ ਬਹੁਤ ਹੌਲੀ ਚੱਲ ਰਹੀ ਹੈ
----------
ਬੀਵੀ ਇਕੋ ਸਾਹੇ ਬੋਲਦੀ ਹੈ
ਅੱਜ 'ਆਹ' ਤਾਂ ਹੋਇਆ
'ਆਹ' -- 'ਆਹ'--ਤੇ 'ਆਹ' ਨਹੀਂ ਹੋਇਆ
ਟੈਲੀਫੋਨ--ਮਹਿਮਾਨ --ਰਸਮੀ ਸੱਦੇ
ਰਾਸ਼ਨ--ਕੰਮ
----------
ਬਹੁਤ ਥੱਕਿਆ ਹੋਇਆ ਹਾਂ
ਪਰ ਫਿਰ ਚੱਲ ਪਿਆ ਹਾਂ
ਰਸਤੇ 'ਚ ਸਿਪਾਹੀ ਦਾ
ਉਪਰ ਉਠਿਆ ਹੱਥ ਦੇਖ ਕੇ
ਮੈਨੂੰ ਜੇਲ੍ਹ ਦੀ ਚਿਮਨੀ ਯਾਦ ਆਉਂਦੀ ਹੈ
ਤੇ ਉਹ ਪੁਲ

"ਕਿੰਨਾ ਬਦਨਸੀਬ ਹੈ ਮਨੁੱਖ ਹੋਣਾ"
ਕੁਛ ਐਸਾ ਸੋਚਦਾ
ਮੈਂ ਖੁਦ ਚਿਮਨੀ ਦਾ ਧੂੰਆਂ ਬਣ ਗਿਆ ਹਾਂ ।OO

[ਮੁਖੀ, ਪੱਤਰਕਾਰੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ]

## ਦੋ ਕਵਿਤਾਵਾਂ

### ਜਗਤਾਰ ਢਾਅ

### 1. ਚੌਰਾਸੀ ਦਾ ਚੱਕਰ

ਚੌਰਾਸੀ ਦਾ ਚੱਕਰ ਚੱਲੇ
ਕੁਦਰਤ ਚੁੱਕੀ ਕੁੱਛੜ ਧਰਤੀ-ਹਸਦੀ ਗਾਉਂਦੀ
ਸਾਰਾ ਜੀਆ ਜੰਤ ਨਚਾਉਂਦੀ

ਚੌਰਾਸੀ ਦਾ ਚੱਕਰ
ਸੁੱਖਾਂ ਭਰਿਆ - ਦੁੱਖਾਂ ਭਰਿਆ
ਰੰਗਾਂ ਭਰਿਆ - ਡੰਗਾਂ ਭਰਿਆ



ਆਪਣਾ ਵਾਧਾ ਹਰ ਕੋਈ ਚਾਹੁੰਦਾ
ਆਪਣੀ ਥਾਵੇਂ ਹਰ ਕੋਈ ਦੜਿਆ

ਕੀਟ ਪਤੰਗਾ, ਰੁੱਖ, ਜਾਨਵਰ
ਹਰ ਕੋਈ ਆਪਣੀ ਵੇਲ ਵਧਾਵੇ
ਆਪਣੀ ਜੂਨ ਦੀ, ਹਰ ਕੋਈ ਖੈਰ ਮਨਾਵੇ
ਦੰਦੇ ਵਿਚ ਫਸ ਦੰਦਾ ਚਲਦਾ
ਆਪਣੇ ਤੌਰ 'ਤੇ ਕੋਈ ਨਾ ਫਲਦਾ
ਚੌਰਾਸੀ ਤੋਂ ਮੁਕਤੀ ਚਾਹੁਣੀ
ਸੋਚ ਗੁਆਉਣੀ

### 2. ਮੰਜੇ ਹੇਠ ਤੜਫਦੀ ਮੱਛੀ

ਮੰਜੇ ਉਤੇ ਮਾਂ ਸ਼ਾਂਤ-ਚਿੱਤ ਲੰਮੀ ਪਈ ਹੈ
ਮੰਜੇ ਹੇਠ ਮੱਛੀ ਤੜਫ਼ ਰਹੀ ਹੈ
ਰੋਟੀ ਪਾਣੀ ਦੀ ਮੁਹਤਾਜ
ਨਹੀਂ ਰਹੀ ਅੱਖਾਂ ਦੀ ਲੋਅ
ਵਕਤ ਨੇ ਲਿਆ ਸਭ ਕੁਝ ਖੋਹ
ਜ਼ਿੰਦਗੀ ਰਹੀ ਦਰਵਾਜ਼ਾ ਢੋਅ
ਦੇਣ ਨੂੰ ਕੁਝ ਵੀ ਨਹੀਂ ਉਸ ਪਾਸ
ਪਰ ਉਹ ਜਾਣਦੀ ਏ, ਮਿਲਣ ਆਏ
ਫਿਰ ਵੀ ਉਸ ਤੋਂ ਰੱਖਦੇ ਨੇ ਕੋਈ ਆਸ
ਜਿਸ ਨੂੰ ਚਾਹੇ ਉਹ ਦਏਗੀ-ਆਪਣੀ ਅਸੀਸ
ਇਸ ਤਰ੍ਹਾਂ ਮਾਂ
ਮੰਜੇ ਹੇਠ ਤੜਪਦੀ ਮੱਛੀ ਦੀ
ਬਣਾਈ ਰੱਖੇਗੀ ਪੁੱਛ-ਪ੍ਰਤੀਤ... OO

[74, Melbury Ave, Northwood Green, Southhall, U.K.]

## ਵਰ ਜਾਂ ਸਰਾਪ

### ਗੁਣਵੰਤ ਕੌਰ ਸਿੱਧੂ

ਹੇ ਗੁਰੂ ! ਪੰਜਵੇਂ ਗੁਰੂ !!
ਛਾਲਿਆਂ ਭਰੀ ਰੂਹ ਲੈ ਕੇ
ਆਈ ਹਾਂ ਤੇਰੇ ਰੂ-ਬ-ਰੂ
ਜੇ ਵਕਤ ਦੀ ਤੱਤੀ ਤਵੀ 'ਤੇ
ਹਰ ਵਾਰ ਬਿਠਾਏ ਜਾਣਾ ਹੈ
ਤਾਂ ਮੈਨੂੰ ਇਹ 'ਵਰ' ਵੀ ਦੇਹ

ਕਿ "ਤੇਰਾ ਭਾਣਾ ਮੀਠਾ ਲਾਗੈ"
ਹਰ ਵਾਰ ਮੇਰੇ ਮੂੰਹੋਂ ਨਿਕਲੇ
ਜਾਂ ਫਿਰ ਮੈਨੂੰ ਸਰਾਪ ਹੀ ਛੱਡ
ਕਿ ਇਕੋ ਹੀ ਵਾਰ 'ਚ
ਇਹ ਤਨ ਮਨ ਮੇਰਾ
ਭਸਮ ਬਣਜੇ ....
ਤੇ ਬਾਕੀ ਕੱਖ ਨਾ ਰਹੇ
ਵਾਰ ਵਾਰ ਤਵੀ 'ਤੇ ਚੜ੍ਹਾਏ ਜਾਣ ਲਈ !!
ਹੇ ਗੁਰੂ, ਪੰਜਵੇਂ ਗੁਰੂ
ਵਰ ਦੇਹ ਜਾਂ ਸਰਾਪ ਦੇਹ
ਕੁਝ ਤਾਂ ਦੇਹ ○○

[ਪਿੰਡ ਤੇ ਡਾਕਘਰ ਉਦੇਕਰਨ, ਜ਼ਿਲ੍ਹਾ ਮੁਕਤਸਰ]

## ਫਿਕਰ

### ਗੁਰਨਾਮ ਢਿਲੋਂ

ਚੰਦ ਸਾਹਾਂ ਦੀ ਪ੍ਰਾਹੁਣੀ ਮਾਂ ਵਿਧਵਾ
ਮੌਤ ਦੇ ਮੰਜੇ 'ਤੇ ਹੱਡੀਆਂ ਰਗੜ ਰਹੀ ਹੈ
ਅਤਿ ਬਿਰਧ ਜਿਸਮ ਜਿਸ ਦਾ
ਨਾਲੀਆਂ ਦੇ ਨਾਲ ਹੈ ਵਿੰਨ੍ਹਿਆ ਪਿਆ
ਘੋਰੜੂ ਵੱਜੇ ਨਾ ਉਸ ਦਾ
ਸਾਹ ਨਕਲੀ ਦੇਣ ਦੇ ਅਨੁਕੂਲ ਯੰਤਰ
ਮੁੱਖ ਨੂੰ ਹਨ ਬੀੜ ਦਿੱਤੇ

ਲਾਗਲੇ ਕਮਰੇ ਦੇ ਵਿਚ ਪਰਿਵਾਰ ਰਿਸ਼ਤੇਦਾਰ ਮਿੱਤਰ ਤੇ ਸਨੇਹੀ
ਕਾਰੋਬਾਰੀ ਤੇ ਜ਼ਰੂਰੀ ਕੰਮਾਂ ਵਿਚੋਂ ਵਕਤ ਕੱਢ ਕੇ
ਰੋਲਜ਼ ਰੋਇਸ, ਜੈਗਅਰ, ਮਰਸੇਡੀਜ, ਬੀ ਐਮ ਡਬਲਯੂ ਤੇ ਵੋਲਵੋ ਵਿਚ
ਕਰ ਕੇ ਸ਼ਾਹੀ ਸਵਾਰੀ
ਪਾਂਡਿਆਂ ਦੇ ਤੀਰਥੀ ਇਸ਼ਨਾਨ ਵਾਂਙੂੰ
ਹੁਮ-ਹੁਮਾ ਕੇ ਜੁੜ ਰਹੇ ਹਨ
ਕਾਰਜਸ਼ੀਲ ਚਿਹਰਿਆਂ 'ਤੇ
ਖੂਬਸੂਰਤ ਗ਼ਮ ਦੁੱਖ ਦਰਦ ਦੇ
ਨਕਾਬ ਰੱਖੇ ਪਹਿਨ ਹਨ

ਸਾਰਿਆਂ ਦੀ ਵਾਰ ਵਾਰ
ਦੀਵਾਰ - ਘੜੀ ਵੱਲ ਨਜ਼ਰ ਘੁੰਮ ਰਹੀ ਹੈ
ਖਿਣ ਪਲ ਵਿਚ
ਕਿਸੇ ਨੁਕੜ ਨਾਟਕ ਦੇ ਦ੍ਰਿਸ਼ ਵਾਂਙੂੰ
ਦੋ ਦੋ ਜਾਂ ਤਿੰਨ ਤਿੰਨ ਦੇ ਟੋਲਿਆਂ ਵਿਚ ਵਰਗ-ਵੰਡ ਹੋ ਰਹੀ ਹੈ

ਕੋਈ ਹੰਝੂ ਡੱਕ ਰਿਹਾ ਹੈ
ਕੋਈ ਦੂਜੇ ਵੱਲ ਨਜ਼ਰਾਂ ਕਹਿਰੀਆਂ ਸੰਗ ਤੱਕ ਰਿਹਾ ਹੈ
ਕੋਈ ਬਾਹਰੋਂ ਰੋ ਅੰਦਰੋਂ ਹੱਸ ਰਿਹਾ ਹੈ
ਕਿਸੇ ਦੇ ਹੱਥਾਂ ਦੇ ਤੋਤੇ ਉਡ ਰਹੇ ਹਨ
ਕੋਈ ਰਮਜ਼ਾਂ ਨਾਲ ਭੇਦ ਦੱਸ ਰਿਹਾ ਹੈ
ਕੋਈ ਗੁੱਝੇ ਗੁੱਝੇ ਤੀਰ ਛੱਡ ਰਿਹਾ ਹੈ
ਕੋਈ ਕੰਧ ਦੇ ਨਾਲ ਲਾ ਕੇ ਕੰਨ ਸੂਹਾਂ ਕੱਢ ਰਿਹਾ ਹੈ

ਕਿਸ ਤਰ੍ਹਾਂ ਦੀ ਵਿੱਕੋਲਿਤਰੀ ਮਰਨਹਾਰੀ ਅੱਜ ਘੜੀ ਏ
ਪਸ਼ੂ ਖੌਰੂ ਪਾ ਰਹੇ ਹਨ
ਅਣਗਿਣਤ ਕੁੱਤੇ ਰੋ ਰਹੇ ਹਨ
ਜਿੰਨ ਭੂਤ ਨੱਚ ਰਹੇ ਹਨ
ਹਾਦਸੇ ਦਰ ਹਾਦਸੇ ਹੀ ਘਟ ਰਹੇ ਹਨ
ਗੜ੍ਹੇਮਾਰ ਹੋ ਰਹੀ ਏ
ਹਾਵ ਭਾਵ ਉਕਾ ਨਸ਼ਟ ਹੋ ਰਹੇ ਹਨ
ਧਰਤ ਦੇ ਵਸਨੀਕ ਬਾਹਰੋਂ ਜਨ
ਅੰਦਰੋਂ ਨਾਗ ਗੈਂਡੇ ਰਿੱਛ ਉਲੂ ਬਾਘ ਮਗਰਮੱਛ ਹਨ

ਯੁਗ - ਬੋਧ ਗਿਆਨ ਮੀਮਾਂਸਾ ਦਾ ਇਹ ਕਿਹੜਾ ਪੜਾਅ ਹੈ
ਕਿਸ ਤਰ੍ਹਾਂ ਦੀ ਨਵ ਕਾਲੀਨ ਆਦਮੀ ਦੀ ਸੱਭਿਯਤਾ ਹੈ !!

ਜ਼ਰ-ਜ਼ੇਵਰ, ਬੈਂਕ-ਲਾਕਰ, ਬੈਂਕ-ਖਾਤੇ, ਪਾਸ -ਬੁੱਕ
ਘਰ-ਗੈਰਜ ਦੀ ਵਸੀਅਤ
ਪੁਰਖਿਆਂ ਦੀ ਸੰਪਤੀ ਦਾ
ਸਾਰੀਆਂ ਹੀ ਬੰਦ ਜੀਭਾਂ 'ਤੇ ਜ਼ਿਕਰ ਹੈ
ਤੇ ਉਹਦੀ ਔਲਾਦ ਨੂੰ ਤਾਂ ਹੋਰ ਵੀ
ਵਕਤ ਖਰਚਣ ਦਾ ਵਾਧੂ ਦਾ ਫਿਕਰ ਹੈ।

ਮਾਂ ਵਿਧਵਾ
ਮੌਤ ਦੇ ਮੰਜੇ 'ਤੇ ਮੋਈ ਪਈ ਹੈ।○○

[White Lodge, 39, Bullscops Lane, Horndean, Waterlooville, Hants, P08 3RA, U.K.]

# ਦੋ ਗਜ਼ਲਾਂ

## ਕਸ਼ਮੀਰ ਕਾਦਰ

1.

ਦਿਲ ਕਰੇ ਮੇਰਾ ਸ਼ਿਵ ਨੂੰ ਸਿਮਰ ਕੇ ਇਹ ਵਰ ਲਵਾਂ
ਪੀੜ ਸਾਰੇ ਜਗਤ ਦੀ ਮੈਂ ਹੀ ਇਕੱਲਾ ਜਰ ਲਵਾਂ

ਦਰਦ ਸਾਰੇ ਵਿਸ਼ਵ ਦਾ ਲੈਕੇ ਮੈਂ ਉੱਡ ਜਾਵਾਂ ਕਿਤੇ
ਜੜਨ ਲਈ ਤਨ 'ਤੇ ਮਗਰ ਕਿਹੜੀ ਦੁਕਾਨੋਂ ਪਰ ਲਵਾਂ

ਮੇਰੀ ਥਾਂ ਮੁਸਕਾ ਲੈ ਤੂੰ ਮੈਂ ਤੇਰੇ ਬਦਲੇ ਰੋ ਲਵਾਂ
ਬਹੁਤ ਕੁਝ ਕਰਨਾ ਸੀ ਮੈਂ ਏਨਾ ਕੁ ਕੁਝ ਤਾਂ ਕਰ ਲਵਾਂ

ਗ਼ਮ ਉਦਾਸੀ ਫ਼ਿਕਰ ਦੀ ਪੰਡ ਬਹੁਤ ਭਾਰੀ ਕਿਰਤੀਆ !
ਲਿਆ ਮੈਂ ਕੁਝ ਖਿਣ ਲਈ ਤਾਂ ਇਸ ਨੂੰ ਆਪਣੇ ਸਿਰ 'ਤੇ ਧਰ ਲਵਾਂ

ਖੋਲ੍ਹ ਕੇ ਬਾਹਾਂ ਉਡੀਕੇ ਜਦ ਕਿਨਾਰੇ 'ਤੇ ਕੋਈ
ਫਿਰ ਨਦੀ, ਦਰਿਆ ਤਾਂ ਕੀ ਸ਼ਹੁ-ਸਾਗਰਾਂ ਨੂੰ ਤਰ ਲਵਾਂ

ਸੁਖੀ ਵਸਦਾ ਵੇਖਣਾਂ ਲੋਚਾਂ ਮੈਂ ਹਰ ਇਕ ਸ਼ਖ਼ਸ ਨੂੰ
ਰੂਹ ਕਰੇ ਮੇਰੀ ਮੈਂ ਹਰ ਦੁਖੀਏ ਦਾ ਦੁਖੜਾ ਹਰ ਲਵਾਂ

ਜੇ ਮੇਰੀ ਕਵਿਤਾ ਕਿਤੇ 'ਲੋਕਾਂ ਦੀ ਕਵਿਤਾ' ਬਣ ਜਾਵੇ
ਮਰ ਕੇ ਵੀ ਜ਼ਿੰਦਾ ਰਹਿਣ ਦੀ ਰੀਝ ਪੂਰੀ ਕਰ ਲਵਾਂ

ਕਾਸ਼ ! ਪੂਰਾ ਹੋ ਜਾਏ ਅਰਮਾਨ ਇਹ ਅਦਨਾ ਜਿਹਾ
ਆਪਣੇ ਨੈਣੀਂ ਮੈਂ ਕੁੱਲ ਦੁਨੀਆਂ ਦੇ ਅੱਥਰੂ ਭਰ ਲਵਾਂ

2.

ਜੋ ਆਗੂ ਅਮਨ ਦੀ ਕਰਦੇ ਹੋਏ ਜੈ ਜੈ ਕਾਰ ਬੈਠੇ ਨੇ
ਖੁਲ੍ਹਾ ਕੇ ਵੇਖ ਲਓ ਬਗਲਾਂ 'ਚ ਲੈ ਹਥਿਆਰ ਬੈਠੇ ਨੇ

ਇਹ ਅਕਸਰ ਹੀ ਤੁਹਾਡੇ ਰਾਹ 'ਚ ਕੰਡੇ ਬੀਜਦੇ ਰਹਿੰਦੇ
ਜੋ ਫੁੱਲਾਂ ਦੇ ਤੁਸਾਂ ਕੋਲੋਂ ਪੁਆ ਕੇ ਹਾਰ ਬੈਠੇ ਨੇ

ਉਹ ਧੋਖਾ ਫੇਰ ਖਾਵਣਗੇ ਤੁਸੀਂ ਬੱਸ ਵੇਖਦੇ ਰਹਿਣਾ
ਅਜੇ ਵੀ ਰਾਹਨੁਮਾਵਾਂ 'ਤੇ ਜੋ ਕਰ ਇਤਬਾਰ ਬੈਠੇ ਨੇ



ਓ ਲੋਕੋ ਜਾਗਦੇ ਰਹਿਣਾ ! ਤੁਸੀਂ ਪਲ ਭਰ ਵੀ ਨਾ ਸੌਣਾ
ਗ਼ਿਰਾਂ ਦੀ ਕਰਨ ਲਈ ਰਾਖੀ ਜੋ 'ਪਹਿਰੇਦਾਰ' ਬੈਠੇ ਨੇ

ਇਹ ਕਿੱਥੇ ਖੜਨ ਜੋਗੇ ਨੇ ਇਨ੍ਹਾਂ ਨੂੰ ਕਿਨ ਖੜ੍ਹੇ ਕਰਨਾ
ਮਣਾਂ ਮੂੰਹੀ ਜੋ ਗੁਰਬਤ ਦਾ ਸਿਰੀਂ ਲੈ ਭਾਰ ਬੈਠੇ ਨੇ

ਕੋਈ ਪੁੱਛੇ ਵੈਦ ਨੂੰ ਜਾ ਕੇ ਹੁਣੇ ਕਿਉਂ ਢੋ ਲਿਆ ਬੂਹਾ
ਅਜੇ ਤਾਂ ਦਰ ਤੇਰੇ 'ਤੇ ਸੈਂਕੜੇ ਬੀਮਾਰ ਬੈਠੇ ਨੇ

ਉਹ ਮਾਪੇ ਦੇਸ ਵਿਚ ਪਰਦੇਸੀਆਂ ਦੇ ਵਾਂਗ ਫਿਰਦੇ ਨੇ
ਜਿਨ੍ਹਾਂ ਦੇ ਜਿਗਰ ਦੇ ਟੁਕੜੇ ਸਮੁੰਦਰੋਂ ਪਾਰ ਬੈਠੇ ਨੇ

ਕਿਉਂ ਏਨਾ ਡਰ ਗਿਐਂ 'ਕਾਦਰ' ਇਨ੍ਹਾਂ ਦੇ ਵੇਖ ਕੇ ਚਿਹਰੇ
ਮਖੌਟੇ ਭੁੱਲ ਗਏ ਲਾਉਣੇ ਇਹ ਤੇਰੇ ਯਾਰ ਬੈਠੇ ਨੇ OO

[ਪੰਜਾਬੀ ਵਿਭਾਗ, ਗੁਰੂ ਨਾਨਕ ਕਾਲਿਜ, ਸੁਖਚੈਨਿਆਣਾ ਸਾਹਿਬ, ਫਗਵਾੜਾ]

# ਤ੍ਰਿਸ਼ੰਕੂ ਦਾ ਆਤਮ-ਕਥਨ

## ਹਰਵਿੰਦਰ ਭੰਡਾਲ

ਏਥੇ ਨਾ ਇੰਦਰ ਦਾ ਸਵਰਗ ਹੈ
ਨਾ ਵਿਸ਼ਵਾਮਿੱਤਰ ਦਾ
ਜੀਅ-ਜੰਤ ਨੂੰ ਅਸੀਸ ਦਿੰਦੀ
ਧਰਤ ਵੀ ਗੈਰ ਹਾਜ਼ਰ ਹੈ
ਤੇ ਗੈਰ ਹਾਜ਼ਰ ਹੈ
ਫੁੱਲ-ਪੱਤੀਆਂ ਲਈ ਹਰਿਆਲੀ ਦੀ ਦੁਆ
ਮੇਰੇ ਚਿਹਰੇ 'ਤੇ ਸਿਰਫ ਝੁਰੜੀਆਂ ਹਨ
ਸਮਿਆਂ ਦੇ ਹਸਤਾਖਰ
ਮੇਰੀ ਤਪੱਸਿਆ ਦਾ ਫਲ
ਚਹੁੰ ਕੂੰਟਾਂ 'ਚ ਬਸ ਖਲਾਅ ਹੈ
ਰੰਗਾਂ-ਰੋਸ਼ਨੀਆਂ ਦਾ ਹੜ੍ਹ
ਕਿਤੇ ਕਦਮ 'ਚ ਰਸਤੇ ਜਿਹਾ ਕੁਝ ਨਹੀਂ

ਕੈਸੇ ਬਾਜ਼ਾਰ 'ਚ ਜੀਣ ਦੀ
ਸਜ਼ਾ ਮਿਲੀ ਹੈ ਮੈਨੂੰ?

ਬਹੁਤ ਦੇਰ ਮੈਂ
'ਸੱਤਿਅਮ' ਦੀ ਅਰਾਧਨਾ ਕੀਤੀ ਹੈ
ਰੋਸ਼ਨੀ ਵੱਲ ਜਾਂਦੀ
ਹਰ ਪਗਡੰਡੀ ਦੇ ਨਾਲ ਨਾਲ

ਮੈਂ ਬਿਰਖਾਂ ਦੀ ਕਤਾਰ ਬਣਿਆਂ ਹਾਂ
ਮੈਂ ਹਰ ਸੂਰਜ ਨੂੰ ਅਰਘ ਚੜ੍ਹਾਇਆ ਹੈ
ਹਰੇਕ ਚੰਨ ਤਾਰੇ ਦੇ ਸ਼ੁਕਰਾਨੇ 'ਚ ਝੁਕਿਆ ਹਾਂ
ਮੇਰੀ ਹੋਂਦ ਘਟਦੀ ਰਹੀ ਹੈ
ਕਦੇ ਫਸਲਾਂ ਨੂੰ ਲਗਦਾ ਪਾਣੀ
ਕਦੇ ਭਟਕਦੀ ਕਿਸ਼ਤੀ ਲਈ ਕਿਨਾਰੇ ਦੀ ਆਸ

ਪਰੰਤੂ ਮੇਰੇ ਸੁਪਨਿਆਂ ਦੇ ਬਾਵਜੂਦ
ਇਕ ਬਾਜ਼ਾਰ ਕਿੱਥੋਂ ਉੱਗ ਆਇਆ ਹੈ
ਮੇਰੇ ਆਲੇ-ਦੁਆਲੇ ?

ਇਹ ਬਾਜ਼ਾਰ
ਜੀਣ ਲਈ ਮੇਰੀ ਮਜਬੂਰੀ ਹੈ
ਮੇਰੇ ਦਿਲ 'ਚ ਦਾਖਲ ਕੋਈ ਪਰਜੀਵੀ
ਮੇਰੇ ਸੁਪਨ-ਬਿਰਖ ਨਾਲ ਲਿਪਟੀ ਅਮਰ ਵੇਲ
ਇਹ ਬਾਜ਼ਾਰ
ਅੱਜ ਉਹ ਤਪੋਵਨ ਹੈ ਮੇਰਾ
ਜਿੱਥੇ ਜਨਮਦੀ ਹੈ ਹਰ ਪਲ – ਨਵੀਂ ਅਪਸਰਾ
ਜਿੱਥੇ ਭੁੱਲ ਜਾਂਦਾ ਹੈ ਤਪੀ ਨੂੰ – ਹਰ ਮੰਤਰ
ਇਸ ਬਾਜ਼ਾਰ 'ਚ ਮੈਂ ਕੁਝ ਨਹੀਂ ਹਾਂ
ਬਸ ਖਰੀਦਦਾਰ ਹਾਂ – ਕੁਝ ਭਰਮਾਂ ਦਾ
ਇਸ ਬਾਜ਼ਾਰ 'ਚ ਮੈਂ ਕੁਝ ਨਹੀਂ ਹਾਂ
ਬਸ ਦੁਕਾਨਦਾਰ ਹਾਂ
ਤੇ ਵੇਚ ਰਿਹਾ ਹਾਂ ਕੁਝ
ਹਠ ਜਪ ਤੇ ਤਪ

ਮੇਰੇ ਕੋਲ ਤਾਂ ਹਠ ਜਪ ਤੇ ਤਪ ਸੀ
ਫਿਰ ਮੇਰੇ ਮੱਥੇ 'ਚ
ਬਾਜ਼ਾਰ ਕਿਵੇਂ ਖੁੱਭ ਗਿਆ ਹੈ ?

ਬਾਜ਼ਾਰ ਜੀਵਨ 'ਚ ਮੇਰੀ ਮੌਤ ਦਾ ਐਲਾਨ ਹੈ
ਸੁਪਨਾ – ਮੌਤ ਵਿਚ ਵੀ ਜ਼ਿੰਦਗੀ ਦਾ ਵਾਅਦਾ
ਬਾਜ਼ਾਰ – ਮੇਰੀ ਬੀਵੀ ਮੇਰੀ ਬੱਚੀ ਦੀਆਂ ਰੀਝਾਂ ਦਾ ਨਾਂ ਹੈ
ਸੁਪਨਾ – ਸਭ ਬੀਵੀਆਂ ਤੇ ਬੱਚੀਆਂ ਦਾ ਮੁਕਤ ਹੋਣਾ
ਬਾਜ਼ਾਰ – ਸੌਦਾਗਰੀ ਹੈ ਇਸ਼ਕ ਦੀ ਤੇ ਇਸ਼ਟ ਦੀ
ਸੁਪਨਾ – ਇਸ਼ਕ ਤੇ ਇਸ਼ਟ ਨੂੰ ਸਮਰਪਣ ਹੈ

ਫਿਰ ਵੀ ਮੈਂ
ਸੁਪਨੇ ਤੇ ਬਾਜ਼ਾਰ ਦੇ ਦਰਮਿਆਨ
ਤ੍ਰਿਸ਼ੰਕੂ ਹਾਂ
ਇਸ ਪਲ – ਮੈਂ ਸਿਰਫ਼ ਤ੍ਰਿਸ਼ੰਕੂ ਹਾਂ OO

[116, ਮਾਡਲ ਟਾਊਨ, ਕਪੂਰਥਲਾ]



# ਕਰੋੜਪਤੀ

## ਕੇ . ਐਲ . ਗਰਗ

ਤੜਕੇ ਤਾਂ ਮੌਸਮ ਚੰਗਾ ਭਲਾ ਸੀ । ਧੁੱਪ ਨਿਕਲੀ ਹੋਈ ਸੀ । ਪਰ ਦੁਪਹਿਰ ਵੇਲੇ ਇਕ ਦਮ ਘੁੱਪ ਹਨੇਰਾ ਜਿਹਾ ਹੋਕੇ ਅਸਮਾਨ ਗਹਿਰਾ ਹੋ ਗਿਆ ਸੀ । ਫੇਰ ਇਕ ਦਮ ਹਲਕੀ ਹਲਕੀ ਬਰਫ਼ਬਾਰੀ ਵੀ ਸ਼ੁਰੂ ਹੋ ਗਈ ਸੀ । ਬਰਫ਼ ਦੇ ਫੰਭੇ ਜਿਹੇ ਪੱਕੀ ਜ਼ਮੀਨ 'ਤੇ ਡਿਗਦੇ ਹੀ ਪਾਣੀ ਬਣ ਜਾਂਦੇ । ਹੌਲੀ ਹੌਲੀ ਬਰਫ਼ ਦੀ ਚਟਿਆਈ ਜਿਹੀ ਲੂੰਅ ਵਾਂਗ ਸੜਕਾਂ 'ਤੇ ਜਮ੍ਹਾਂ ਵੀ ਹੋਣ ਲੱਗ ਪਈ ਸੀ । ਥੋੜ੍ਹੀ ਥੋੜ੍ਹੀ ਹਵਾ ਵੀ ਚੱਲਣ ਲੱਗ ਪਈ ਸੀ । ਬਾਹਰ ਖਲੋਤੀਆਂ ਗੱਡੀਆਂ ਇਸ ਬਰਫ਼ਬਾਰੀ ਵਿਚ ਸਾਊ ਨਿਆਣੇ ਵਾਂਗ ਚੁੱਪ ਚੁਪੀਤੇ ਖਲੋਤੀਆਂ ਪ੍ਰਤੀਤ ਹੋ ਰਹੀਆਂ ਸਨ । ਟਾਂਵੇਂ ਟਿੱਲੇ ਕਸਟਮਰ ਅਜੇ ਵੀ ਪਾਰਕਿੰਗ ਵਿਚ ਆਪਣੀਆਂ ਗੱਡੀਆਂ ਲਿਆ ਲੈ ਜਾ ਰਹੇ ਸਨ ।

ਅਜਿਹੇ ਮੌਸਮ ਵਿਚ ਵੀ ਸਟੋਰ 'ਚ ਖਲੋਤੇ ਡੀ.ਪੀ. ਖੁਰਾਨਾ ਨੂੰ ਤਿਊਣੀਆਂ ਆ ਰਹੀਆਂ ਸਨ । ਮੁੜ੍ਹਕਾ ਚੋਅ ਚੋਅ ਉਸਦਾ ਸਰੀਰ ਗੱਚ ਹੋ ਗਿਆ ਸੀ । ਇਕ ਵਾਰ ਤਾਂ ਉਸਨੂੰ ਜ਼ੋਰ ਦਾ ਝਟਕਾ ਜਿਹਾ ਵੀ ਵੱਜਿਆ ਸੀ । ਲੱਗਿਆ ਸੀ ਜਿਵੇਂ ਉਸਦਾ ਸਿਰ ਘੁੰਮ ਗਿਆ ਹੋਵੇ ਤੇ ਉਹ ਫ਼ਰਸ਼ 'ਤੇ ਢਹਿ ਢੇਰੀ ਹੁੰਦਾ ਵਾਲ ਵਾਲ ਬਚਿਆ ਹੋਵੇ । ਇਕ ਵਾਰ ਤਾਂ ਉਸਨੂੰ ਉਛਾਲੀ ਆਉਂਦੀ ਵੀ ਮਹਿਸੂਸ ਹੋਈ ਸੀ । ਪਰ ਫੇਰ ਉਹ ਸਿਰ ਨੂੰ ਦੋ ਤਿੰਨ ਵਾਰ ਛੰਡ ਕੇ ਸੰਭਲ ਗਿਆ ਸੀ ।

ਉਸਦੀ ਪੈਂਟ ਦੀ ਜੇਬ ਵਿਚ ਤੁੰਨਿਆਂ ਤੁੱਥ-ਮੁੱਥ ਹੋਇਆ ਨੋਟ ਜਦ ਉਸਦੇ ਪੱਟ 'ਤੇ ਭੋਰਾ ਜਿੰਨਾ ਵੀ ਲਗਦਾ ਤਾਂ ਉਸਨੂੰ ਜਾਪਦਾ ਜਿਵੇਂ ਕੋਈ ਜ਼ਲੀਲ ਗੰਡ ਗੰਡੋਆ ਸਰਕਦਾ ਹੋਇਆ ਹੌਲੀ ਹੌਲੀ ਅਗਾਂਹ ਵਧ ਰਿਹਾ ਹੋਵੇ । ਮੁੜਿਆ ਤਿੜਿਆ ਨੋਟ ਹਾਲ ਦੀ ਘੜੀ ਉਸਨੂੰ ਮੁਰਦਾ ਚੂਹੇ ਜਿਹਾ ਜਾਪ ਰਿਹਾ ਸੀ ਜਿਸਨੂੰ ਕਈ ਚਿਰ ਤੋਂ ਪਿੱਸੂ ਚੂੰਡ ਚੂੰਡ ਖਾ ਰਹੇ ਹੋਣ , ਜੇਬ 'ਚ ਪਏ ਹੋਏ ਨੋਟ ਬਾਰੇ ਸੋਚਦਿਆਂ ਹੀ ਉਸ ਨੂੰ ਘਿਣ ਜਿਹੀ ਆਉਂਦੀ ਤੇ ਉਸਦਾ ਚਿੱਤ ਉਛਾਲੀ ਕਰਨ ਨੂੰ ਕਰਦਾ ।

ਨੋਟ ਦੀ ਥਾਂ ਇਹ ਘਿਣ ਖੁਰਾਨਾ ਨੂੰ ਆਪਣੀ ਖ਼ੁਦੀ ਤੋਂ ਹੀ ਆਉਣ ਲੱਗੀ ਸੀ । ਉਹ ਇੰਡੀਆ ਵਿਚ ਕੀ ਸੀ ਅਤੇ ਅਮਰੀਕਾ ਵਿਚ ਆਕੇ ਕੀ ਬਣ ਗਿਆ ਸੀ ?

ਪਲ ਦੀ ਪਲ ਉਸਨੂੰ ਜਾਪਿਆ ਜਿਵੇਂ ਉਹ ਕਿਸੇ ਢਾਬੇ 'ਤੇ ਕੰਮ ਕਰ ਰਿਹਾ ਕੋਈ ਨਿਪਾਲੀ ਮੁੰਡੂ ਹੋਵੇ । ਸ਼ਰਾਬੀ ਡਰਾਇਵਰਾਂ ਕਲੀਨਰਾਂ ਅਤੇ ਆਏ ਗਏ ਯਾਤਰੀਆਂ ਦੇ ਆਰਡਰ ਭੁਗਤਾਉਣ ਵਾਲਾ ਮੁੰਡੂ ।

"ਗੋਰਖ਼ਾ, ਦੋ ਸੋਢੇ ਬਈ "

"ਗੋਰਖ਼ਾ, ਥੋੜ੍ਹੀ ਸੀ ਬਰਫ਼ ਲਾਨਾ"

"ਗੋਰਖ਼ਾ, ਇਕ ਰੋਸਟਡ ਚਿਕਨ"

ਕਦੀ ਕਦਾਈਂ ਢਾਬੇ ਦੇ ਮਾਲਕ ਦੀ ਕੜਕਦੀ ਆਵਾਜ਼ ਵੀ ਸੁਣਦੀ :

"ਏ ਗੋਰਖ਼ਾ, ਕਿਧਰ ਮਰ ਗਿਆ ਓਇ......"

ਪਰ ਝੱਟ ਹੀ ਉਸ ਨੂੰ ਮਹਿਸੂਸ ਹੁੰਦਾ ਉਹ ਮੁੰਡੂ ਥੋੜ੍ਹੇ ਸੀ । ਉਹ ਤਾਂ ਸੀ ਡੀ. ਪੀ. ਖੁਰਾਨਾ ਰਿਟਾਇਰਡ ਪ੍ਰੋਫੈਸਰ ਪੰਜਾਬੀ ਵਿਭਾਗ ......... ਅਜੇ ਉਹ ਮੂੰਹ 'ਚ ਆਈ ਕੁੜੱਤਣ ਨੂੰ ਨਿਗਲਣ ਦਾ ਯਤਨ ਕਰ ਹੀ ਰਿਹਾ ਸੀ ਕਿ ਉਸਨੂੰ ਇੰਟਰਕਾਮ ਰਾਹੀਂ ਸੁਨੇਹਾ ਮਿਲਿਆ :

"ਕੁਰਾਨਾ ਟੂ ਰਜਿਸਟਰ ਫੋਰ ਫਾਰ ਪਰਾਇਸ ਚੈੱਕ ਪਲੀਜ਼ "

ਇਹ ਆਵਾਜ਼ ਗੋਰੀ ਔਰਤ ਡਰੋਥੀ ਦੀ ਸੀ ਜੋ ਚੌਥੇ ਰਜਿਸਟਰ 'ਤੇ ਖਲੋਤੀ ਕੈਸ਼ੀਅਰ ਦਾ ਕੰਮ ਕਰ ਰਹੀ ਸੀ ।

ਉਸ ਆਪਣਾ ਸਿਰ ਛੰਡਿਆ ਤੇ ਚੌਥੇ ਰਜਿਸਟਰ ਵੱਲ ਨੱਸ ਤੁਰਿਆ । ਡਰੋਥੀ ਨੇ ਉਸ ਹੱਥ

ਸੈਂਡਲਾਂ ਦੀ ਇਕ ਜੋੜੀ ਫੜਾਉਂਦਿਆਂ ਮੁਸਕਰਾ ਕੇ ਆਖਿਆ :

"ਪਰਾਇਸ ਚੈੱਕ ਪਲੀਜ਼"

ਉਹ ਮੁਰਦਾ ਜਿਹੇ ਮਨ ਨਾਲ ਸੈਂਡਲਾਂ ਦੀ ਜੋੜੀ ਫੜਕੇ ਸ਼ੂਅ ਡਿਪਾਰਟਮੈਂਟ ਵੱਲ ਤੁਰ ਪਿਆ ਸੀ ।ਡਿਪਾਰਟਮੈਂਟ 'ਚ ਜਾਕੇ ਉਹ ਐਵੇਂ ਕੈਵੇਂ ਹੀ ਇਧਰ ਉਧਰ ਹੱਥ ਮਾਰੀ ਗਿਆ । ਉਸਦੇ ਨਾਲ ਦੇ ਇੰਨ ਬਿੰਨ ਦੇ ਸੈਂਡਲ ਉਸਨੂੰ ਕਿਤੇ ਨਜ਼ਰ ਨਹੀਂ ਸਨ ਪੈ ਰਹੇ । ਪਹਿਲਾਂ ਤਾਂ ਏਨੀ ਦੇਰੀ ਨਹੀਂ ਸੀ ਲੱਗਦੀ ਹੁੰਦੀ । ਉਹ ਝੱਟ ਹੀ ਮਿਲਦੀ ਜੁਲਦੀ ਚੀਜ਼ ਲੱਭਕੇ ਉਸਦੀ ਕੀਮਤ ਚੈੱਕ ਕਰ ਦਿਆ ਕਰਦਾ ਸੀ ।ਜੁੱਤਿਆਂ ਦੇ ਖਾਨਿਆਂ ਵਿਚਕਾਰ ਖਲੋਤਿਆਂ ਉਸਨੂੰ ਪਟੇਲ ਦੀ ਗੱਲ ਯਾਦ ਆਈ । ਪਟੇਲ ਸ਼ੂਅ ਡਿਪਾਰਟਮੈਂਟ ਵਿਚ ਕੰਮ ਕਰਦਾ ਸੀ ।ਜਦੋਂ ਨਵਾਂ ਨਵਾਂ ਆਇਆ ਸੀ ਤਾਂ ਔਖਾ ਔਖਾ ਰਹਿੰਦਾ ਸੀ । ਗੱਲ ਗੱਲ 'ਤੇ ਰੋਣੀ ਸੂਰਤ ਬਣਾ ਕੇ ਆਖਦਾ :

"ਕਹਾਂ ਫਸ ਗਏ ਸਾਲੇ .....ਉਧਰ ਗਾਂਓਂ ਮੇਂ ਅੱਛਾ ਥਾ.....ਜ਼ਮੀਨ ਥੀ....ਫਸਲ ਬਾੜੀ ਥੀ .......ਅੱਛੀ ਖਾਸੀ ਆਮਦਨੀ ਥੀ । ਅਮਰੀਕਾ ਆ ਗਏ ਕਰੋੜਪਤੀ ਬਨਨੇ ਸਾਲੇ .... ਆ ਜਾਈਏ ਡੈਡੀ ......ਆ ਜਾਈਏ ਡੈਡੀ..........ਲੋ ਆ ਗਏ ਡੈਡੀ.......ਬਨਾ ਦੀਆ ਕਰੋੜਪਤੀ ......"

ਜਿਉਂ ਜਿਉਂ ਸਹਿੰਦੜ ਹੁੰਦਾ ਗਿਆ ਤਿਉਂ ਤਿਉਂ ਉਸਦੀ ਬੋਲ ਬਾਣੀ ਬਦਲਦੀ ਗਈ :

"ਭਈਆ, ਕਰੋੜਪਤੀ ਬਨਨਾ ਹੈ ਤੋ ਪਹਿਲੇ ਮੋਚੀ, ਨਾਈ, ਧੋਬੀ..ਮੁੰਡੂ...ਸ਼ੁੰਡੂ ਸਭ ਬਨਨਾ ਪੜੇਗਾ..." ਤੇ ਉਹ ਹੱਥ ਵਿਚ ਫੜਿਆ ਜੁੱਤਾ ਝੰਡੇ ਵਾਂਗ ਹਵਾ ਵਿਚ ਲਹਿਰਾਉਣ ਲੱਗ ਜਾਂਦਾ । ਸ਼ਾਇਦ ਉਹ ਕਿੰਨੀ ਹੀ ਦੇਰ ਇਉਂ ਖਲੋਤਾ ਰਹਿੰਦਾ ਜੇ ਉਸ ਨੂੰ ਡਰੋਥੀ ਦੀ ਆਵਾਜ਼ ਫੇਰ ਨਾ ਸੁਣਾਈ ਦਿੰਦੀ :

"ਕੁਰਾਨਾ ਟੂ ਰਜਿਸਟਰ ਫੋਰ ਫਾਰ ਪਰਾਇਸ ਚੈੱਕ ਪਲੀਜ਼।" ਉਸ ਜਲਦੀ ਜਲਦੀ ਸੈਂਡਲਾਂ ਦੇ ਖਾਨਿਆ ਵਿਚ ਹੱਥ ਮਾਰੇ, ਉਨ੍ਹਾਂ ਸੈਂਡਲਾਂ ਨਾਲ ਮਿਲਦੇ ਸੈਂਡਲ ਚੁੱਕ ਕੇ ਡਰੋਥੀ ਨੂੰ ਫੜਾ ਆਇਆ। ਡਰੋਥੀ ਨੇ ਮੁਸਕਰਾ ਕੇ ਕਹਿ ਦਿੱਤਾ ਸੀ :

"ਥੈਂਕ ਯੂ ਪਲੀਜ਼......."

ਉਹ ਅਜੇ ਡਰੋਥੀ ਕੋਲੋਂ ਮੁੜਿਆ ਹੀ ਸੀ ਕਿ ਇੰਟਰਕਾਮ 'ਤੇ ਉਸਨੂੰ ਮੈਨੇਜਰ ਮਿਸ ਲਿਜ਼ ਦੀ ਆਵਾਜ਼ ਸੁਣਾਈ ਦਿੱਤੀ :

" ਕੁਰਾਨਾ ਟੂ ਬ੍ਰੇਕ ਰੂਮ ਪਲੀਜ਼......"

ਉਸ ਨੂੰ ਪੰਦਰਾਂ ਮਿੰਟ ਦੀ ਬ੍ਰੇਕ ਲਈ ਆਖਿਆ ਗਿਆ ਸੀ । ਪਹਿਲਾਂ ਤਾਂ ਉਹ ਇਸ ਬ੍ਰੇਕ ਨੂੰ ਉਡੀਕਦਾ ਰਹਿੰਦਾ । ਸੋਚਦਾ ਹੁੰਦਾ ਸੀ ਕਿ ਕਦੋਂ ਬ੍ਰੇਕ ਆਵੇ ਤੇ ਕੋਕ ਜਾਂ ਜੂਸ ਪੀ ਕੇ ਤਰੋ ਤਾਜ਼ਾ ਹੋਵੇ।ਪਰ ਅੱਜ ਤਾਂ ਗੱਲ ਹੀ ਵੱਖਰੀ ਸੀ ।ਅੱਜ ਤਾਂ ਉਸਨੂੰ ਇਕੱਲੇ ਬਹਿੰਦਿਆਂ, ਇਕੱਲੇ ਰਹਿੰਦਿਆਂ ਆਪਨੇ ਆਪ ਤੋਂ ਡਰ ਆ ਰਿਹਾ ਸੀ; ਜਿਵੇਂ ਉਸਦੀ ਇਕੱਲ ਹੀ ਉਸਨੂੰ ਖਾਣ ਨੂੰ ਪੈ ਰਹੀ ਹੋਵੇ ।ਅੱਜ ਤਾਂ ਉਹ ਪੂਰੀ ਤਰ੍ਹਾਂ ਰੁੱਝਿਆ ਰਹਿਣਾ ਚਾਹੁੰਦਾ ਸੀ । ਉਹ ਚਾਹੁੰਦਾ ਸੀ ਕਿ ਉਹ ਏਨਾ ਰੁੱਝ ਜਾਵੇ ਤਾਂਕਿ ਉਸਨੂੰ ਆਪਨੇ ਵਰਤਮਾਨ ਜਾਂ ਅਤੀਤ ਬਾਰੇ ਸੋਚਣ ਦੀ ਵਿਹਲ ਹੀ ਨਾ ਰਹੇ । ਪਰ ਸੋਚਾਂ ਦਾ ਅਜਗਰ ਵਾਰ ਵਾਰ ਉਸਦਾ ਪਿੱਛਾ ਕਰੀ ਜਾ ਰਿਹਾ ਸੀ । ਉਹ ਆਪਨੀਆਂ ਸੋਚਾਂ ਤੋਂ ਹਲਕੇ ਕੁੱਤੇ ਵਾਂਗ ਅਗਾਂਹ ਅਗਾਂਹ ਨੱਸਣ ਦਾ ਯਤਨ ਕਰ ਰਿਹਾ ਸੀ ਪਰ ਉਹ ਫੇਰ ਮੁੜ ਘਿੜ ਕੇ ਉਸਨੂੰ ਆ ਘੇਰਦੀਆਂ ।

ਬ੍ਰੇਕ ਰੂਮ ਵਿਚ ਜਾਕੇ ਉਸਨੇ ਆਪਨੇ ਬੈਗ ਵਿਚੋਂ ਘਰੋਂ ਲਿਆਂਦੇ ਜੂਸ ਦੀ ਬੋਤਲ ਕੱਢੀ ਤੇ ਇਕ ਖੂੰਜੇ ਪਏ ਬੈਂਚ 'ਤੇ ਬਹਿ ਗਿਆ । ਅੱਜ ਜੂਸ ਪੀਣ ਦਾ ਵੀ ਉਸਦਾ ਚਿੱਤ ਨਹੀਂ ਸੀ ਕਰ ਰਿਹਾ। ਅੱਗੇ ਉਹ ਜੂਸ ਕਿੰਨੇ ਚਾਅ ਅਤੇ ਸ਼ੌਕ ਨਾਲ ਪੀਂਦਾ ਸੀ । ਅਮਰੀਕਾ ਆਕੇ ਇਕ ਜੂਸ ਹੀ ਸੀ ਜਿਸਨੂੰ ਉਹ ਪੂਰੇ ਸ਼ੌਕ ਨਾਲ ਪੀਂਦਾ ਸੀ, ਸੇਬ, ਸੰਤਰੇ, ਅਮਰੂਦ, ਅੰਬ, ਬੈਰੀ ਆਦਿ ਸਭ ਤਰ੍ਹਾਂ ਦਾ ਜੂਸ । ਅਜੇ ਉਹ ਹੋਰ ਅਮਰੀਕਨ ਫੂਡ ਪੀਜ਼ਾ, ਹੈਂਬਰਗ, ਡੋਨੱਟ ਆਦਿ ਦਾ ਆਦੀ ਨਹੀਂ ਸੀ ਹੋਇਆ । ਜਦ ਵੀ



ਮੌਕਾ ਲੱਗਦਾ ਜੂਸ ਪੀ ਲੈਂਦਾ, ਸੁਬ੍ਹਾ, ਦੁਪਹਿਰ, ਸ਼ਾਮ....ਹਰ ਵੇਲੇ ।

ਤੁੱਥ-ਮੁੱਥ ਹੋਏ ਨੋਟ ਦਾ ਗੋਲਾ ਜਿਹਾ ਅਜੇ ਵੀ ਉਸਦੇ ਪੱਟ ਨਾਲ ਰੀਂਗ ਰਿਹਾ ਸੀ ।

ਪਟੇਲ ਦੇ ਆਖੇ ਸ਼ਬਦ, "ਬਨ ਰਹੇ ਹੋ ਭਈਆ ਕਰੋੜਪਤੀ...? ਵਾਰ ਵਾਰ ਉਸਦੇ ਜ਼ਿਹਨ 'ਚ ਘੁੰਮਣ ਲੱਗੇ ਸਨ ।ਪਟੇਲ ਦੀ ਯਾਦ ਆਉਂਦਿਆਂ ਹੀ ਉਸਦਾ ਆਪਨਾ ਅਤੀਤ ਭੂਤ ਵਾਂਗ ਉਸਦੇ ਸਾਹਮਣੇ ਆ ਖਲੋਤਾ ਸੀ !

ਉਸਦਾ ਇਕਲੌਤਾ ਪੁੱਤਰ ਵਿਆਹ ਕਰਵਾ ਕੇ ਅਮਰੀਕਾ ਆ ਵਸਿਆ ਸੀ । ਉਹ ਆਪ ਦੋਵੇਂ ਜੀਅ ਨੌਕਰੀਆਂ ਤੋਂ ਰਿਟਾਇਰ ਹੋ ਗਏ ਸਨ । ਚੰਗੀ ਭਲੀ ਪੈਨਸ਼ਨ ਮਿਲਦੀ ਸੀ । ਉਨ੍ਹਾਂ ਦਾ ਮਨ ਤਾਂ ਇਹੀ ਸੀ ਕਿ ਉਹ ਇੰਡੀਆ ਹੀ ਰਹਿਣ । ਪਰ ਨਿਆਣਿਆਂ ਦੀ ਜ਼ਿਦ 'ਤੇ ਇਧਰ ਆ ਗਏ। ਬਲੱਡ ਰਿਲੇਸ਼ਨ ਦੇ ਕੋਟੇ 'ਚ। ਗਰੀਨ ਕਾਰਡ ਆਉਂਦਿਆਂ ਹੀ ਮਿਲ ਗਏ । ਪਰ ਇਧਰ ਸਾਰਾ ਦਿਨ ਵਿਹਲੇ ਰਹਿਕੇ ਬੋਰ ਹੋਣ ਵਾਲੀ ਗੱਲ ਸੀ । ਸਾਰਾ ਦਿਨ ਪਿੰਜਰੇ 'ਚ ਡੱਕੇ ਰਹਿਣ ਵਾਂਗ । ਪੁੱਤਰ ਨੇ ਇਕ ਦਿਨ ਹੱਸਦਿਆਂ ਆਖ ਦਿੱਤਾ ਸੀ :

"ਡੈਡੀ, ਵਿਹਲੇ ਰਹਿ ਕੇ ਕਿਵੇਂ ਟੈਮ ਲੰਘਾਉਗੇ ? ਕਿਤੇ ਥੋੜ੍ਹਾ ਬਹੁਤ ਕੰਮ ਲੱਭ ਲੈਨੇ ਆਂ। ਤੁਹਾਡਾ ਚਿੱਤ ਲੱਗ ਜੂ ।ਨਾਲੇ ਲੈਂਗੁਏਜ ਪਰਾਬਲਮ ਹੱਲ ਹੋਜੂ ।ਗੱਲ ਬਾਤ ਸਮਝਣ ਲੱਗ ਪਏ ਤਾਂ ਚੰਗਾ ਕੰਮ ਵੀ ਲੱਭ ਜੂ।" ਬੀਵੀ ਨੇ ਵੀ ਹੱਸਦਿਆਂ ਹੱਸਦਿਆਂ ਪੁੱਤ ਦੀ ਗੱਲ ਦੀ ਹਾਮੀ ਭਰ ਦਿੱਤੀ ਸੀ :

"ਹੋਰ ਪੁੱਤ, ਭੇਜ ਇਨ੍ਹਾਂ ਨੂੰ ਕਿਸੇ ਪਾਸੇ । ਸਾਰਾ ਦਿਨ ਮੇਰਾ ਮਗਜ਼ ਚੱਟਦੇ ਆ ।ਕੰਮ ਨਾ ਕਾਰ। ਵਿਹਲਾ ਬੰਦਾ ਤਾਂ ਸ਼ੈਤਾਨ ਹੋ ਜਾਂਦੈ .....।"

ਖੁਰਾਣਾ ਨੇ ਵੀ ਗੱਲ ਹਾਸੇ 'ਚ ਪਾ ਲਈ ਸੀ :

"ਪੁੱਤ, ਪੁੱਛੋ ਆਪਨੀ ਮਾਂ ਨੂੰ, ਮੈਂ ਇਸ ਨਾਲ ਕੀ ਸ਼ੈਤਾਨੀ ਕਰਦੈਂ ।ਤੂੰ ਆਪ ਹੀ ਦੱਸਦੇ ਕੀ ਕਰਦੈਂ ਮੈਂ ਤੇਰੇ ਨਾਲ ....?"

"ਉਂ ਬਸ਼ਰਮ ਕਿਤੋਂ ਦੇ !ਨੂੰਹ ਪੁੱਤ ਦੀ ਤਾਂ ਸ਼ਰਮ ਕਰ ਲਿਆ ਕਰੋ । ਜੋ ਮੂੰਹ 'ਚ ਆਉਂਦੈ ਬੋਲੀ ਜਾਨੇਂ ਆਂ । ਮੈਂ ਜਾਣਦੀ ਆਂ ਥੋਨੂੰ ਵੱਡੇ ਭਲਵਾਨਾਂ ਨੂੰ । ਸ਼ੈਤਾਨੀ ਹੁਣ ਤੁਸੀਂ ਕਰੋਂਗੇ ਕੀ ਭਲਾ?"

ਟੱਬਰ ਦਾ ਹਾਸਾ ਲਿਵਿੰਗ ਰੂਮ ਦੀਆਂ ਕੰਧਾਂ ਨਾਲ ਜਾ ਟਕਰਾਇਆ ਸੀ । ਪੁੱਤ ਨੇ ਇਧਰ ਉਧਰ ਪੁੱਛ ਪੁਛਾ ਕੇ ਉਸਨੂੰ ਇਕ ਅਮਰੀਕਨ ਜਨਰਲ ਸਟੋਰ ਵਿਚ ਕੰਮ ਲੱਭ ਦਿੱਤਾ ਸੀ । ਪਹਿਲੇ ਹੀ ਦਿਨ ਉਸਨੂੰ ਸ਼ੂਅ ਡਿਪਾਰਟਮੈਂਟ ਵਿਚ ਪਟੇਲ ਨਾਲ ਲਗਾ ਦਿੱਤਾ ਗਿਆ ਸੀ । ਆਉਂਦਿਆਂ ਹੀ ਪਟੇਲ ਨੇ ਮਜ਼ਾਕ ਕਰਦਿਆਂ ਆਖਿਆ ਸੀ :

"ਕਰੋੜਪਤੀ ਬਨਨੇ ਕਾ ?"

ਸੁਣਦਿਆਂ ਹੀ ਉਹ ਸੁੰਗੜਕੇ ਰਹਿ ਗਿਆ ਸੀ । ਉਸਤੋਂ ਕੁਝ ਬੋਲਿਆ ਨਹੀਂ ਸੀ ਗਿਆ। ਗੱਲਾਂ ਗੱਲਾਂ 'ਚ ਉਸਤੋਂ ਦੱਸ ਹੋ ਗਿਆ ਕਿ ਉਹ ਇੰਡੀਆ ਵਿਚ ਕਾਲਿਜ ਲੈਕਚਰਾਰ ਸੀ । ਉਸਦੇ ਅਨੇਕਾਂ ਵਿਦਿਆਰਥੀ ਕਨੇਡਾ ਅਮਰੀਕਾ ਜਾ ਵਸੇ ਸਨ ।ਪਟੇਲ ਨੇ ਉਦੋਂ ਵੀ ਹਾਸੇ ਹਾਸੇ 'ਚ ਕਹਿ ਦਿੱਤਾ ਸੀ :

"ਯਹਾਂ ਐਮ.ਏ. ਊਮੇ ਕੋ ਕੌਨ ਪੂਛੇ । ਇਸ ਸਿਸਟਮ ਮੇਂ ਤੋਂ ਕਾਮ ਕੇ ਮੁਤਾਬਿਕ ਪੁਰਜ਼ਾ ਬਨਨੇ ਕਾ। ਫਿਟ ਸਹੀ ਪੁਰਜ਼ਾ ।" ਉਸ ਦਿਨ ਤੋਂ ਪ੍ਰੋ. ਡੀ.ਪੀ. ਖੁਰਾਣਾ ਆਪਨੇ ਆਪ ਨੂੰ ਸਿਸਟਮ ਦਾ ਫਿਟ ਪੁਰਜ਼ਾ ਬਣਾਉਣ ਦੇ ਆਹਰ 'ਚ ਰੁੱਝ ਗਿਆ ਸੀ। ਪਟੇਲ ਨੇ ਜਦ ਪਹਿਲੇ ਦਿਨ ਜੁੱਤਿਆਂ ਦੀ ਕਾਰਟ ਭਰਕੇ ਉਸਨੂੰ ਬਾਹਰ ਰੈਕਾਂ ਵਿਚ ਸਾਇਜ਼ ਮੁਤਾਬਕ ਰੱਖ ਆਉਣ ਲਈ ਆਖਿਆ ਸੀ ਤਾਂ ਉਸਨੂੰ ਬੜੀ ਹੀ ਜ਼ਲਾਲਤ ਜਿਹੀ ਮਹਿਸੂਸ ਹੋਣ ਲੱਗੀ ਸੀ । ਖੁਰਾਣਾ ਦੀ ਰੋਂਦੂ ਹੋ ਗਈ ਸੂਰਤ ਨੂੰ ਭਾਂਪਦਿਆਂ ਪਟੇਲ ਨੇ ਆਖ ਦਿੱਤਾ ਸੀ :

"ਕਰੋੜਪਤੀ ਬਨਨੇ ਕਾ ਤੋ ਸਭ ਕੁਛ ਬਨਨਾ ਪੜੇਗਾ ਭਈਆ, ਮੋਚੀ, ਧੋਬੀ, ਨਾਈ.....।"

ਰੇੜ੍ਹੀ ਖਿੱਚ ਕੇ ਸ਼ੂਅ ਡਿਪਾਰਟਮੈਂਟ ਵੱਲ ਜਾਂਦਿਆਂ ਉਸਨੂੰ ਬੜੀ ਅਲਕਤ ਆਈ ਸੀ। ਆਪਨਾ ਆਪ ਬੜਾ ਹੀ ਬੌਨਾ ਲੱਗਿਆ ਸੀ। ਆਪਨੇ ਆਪ ਤੋਂ ਸਖ਼ਤ ਘਿਣ ਆਉਣ ਲੱਗੀ ਸੀ। ਪਰ ਜਦ ਅਗਲੇ ਦਿਨ ਹੀ ਸਟੋਰ ਦੀ ਰੁਕੀ ਫਲੱਸ਼ ਵਿਚ ਮੈਨੇਜਰ ਨੂੰ ਪਲੰਜਰ ਮਾਰਕੇ ਸਾਫ ਕਰਦਿਆਂ ਦੇਖਿਆ ਤਾਂ ਉਸਦਾ ਚਿੱਤ ਕੁਝ ਟਿਕਾਣੇ ਆ ਗਿਆ ਸੀ। ਸ਼ੁਰੂ ਸ਼ੁਰੂ ਵਿਚ ਉਸਨੂੰ ਅੱਕਿਆ ਥੱਕਿਆ ਦੇਖ ਕੇ ਉਸਦਾ ਪੁੱਤਰ ਕਹਿ ਵੀ ਦਿੰਦਾ ਸੀ :

"ਡੈਡੀ, ਇਥੇ ਡਿਗਨਟੀ ਆਫ ਲੇਬਰ ਹੈ। ਕੋਈ ਕੰਮ ਛੋਟਾ ਵੱਡਾ ਨਹੀਂ। ਇਥੇ ਇੰਡੀਆ ਵਾਂਗ ਛੋਟੇ ਵੱਡੇ ਦੀ ਕੋਈ ਗੱਲ ਨਹੀਂ। ਵੱਡੇ ਅਫ਼ਸਰ ਐਵੇਂ ਨਹੀਂ ਪੂੰਛਾਂ ਅਕੜਾਈ ਫਿਰਦੇ। ਕੰਮ ਬੱਸ ਕੰਮ ਹੈ।"

ਪਰ ਉਸਦੇ ਅੰਦਰਲਾ ਪ੍ਰੋਫ਼ੈਸਰ ਅਜੇ ਵੀ ਪੂੰਛ ਅਕੜਾਈ ਖਲੋਤਾ ਰਹਿੰਦਾ ਸੀ। ਨਿੱਕੀ ਨਿੱਕੀ ਗੱਲ 'ਤੇ ਸੱਟ ਖਾ ਜਾਂਦਾ ਸੀ। ਅਜੇ ਉਹ ਇਸ ਅੰਦਰਲੀ ਖਿੱਚ-ਧੂਹ ਤੋਂ ਮੁਕਤ ਵੀ ਨਹੀਂ ਸੀ ਹੋਇਆ ਕਿ ਅਹਿ ਘਟਨਾ ਵਾਪਰ ਗਈ ਜਿਸਨੇ ਉਸਨੂੰ ਧੁਰ ਅੰਦਰ ਤੀਕ ਪੱਛ ਸੁੱਟਿਆ ਸੀ।

ਬ੍ਰੇਕ ਰੂਮ ਵਿਚ ਜੂਸ ਪੀਂਦਿਆਂ ਉਸ ਲੱਤ ਨੂੰ ਭੋਰਾ ਕੁ ਹਿਲਾਇਆਂ ਤਾਂ ਜੇਬ 'ਚ ਪਿਆ ਤੁੱਥ ਮੁੱਥ ਨੋਟ ਫੇਰ ਉਸਦੇ ਪੱਟ 'ਤੇ ਕੀੜੇ ਵਾਂਗ ਰੀਂਗਣ ਲੱਗ ਪਿਆ ਸੀ। ਜੂਸ ਦੀ ਘੁੱਟ ਉਸਦੇ ਮੂੰਹ 'ਚ ਹੀ ਕਿਤੇ ਅੜੀ ਰਹਿ ਗਈ ਸੀ। ਔਖੇ ਸੌਖੇ ਉਸ ਜੂਸ ਅੰਦਰ ਨਿਗਲਿਆ ਤਾਂ ਉਸਨੂੰ ਫੇਰ ਦੁਪਹਿਰ ਵਾਲੀ ਘਟਨਾ ਯਾਦ ਆ ਗਈ ਸੀ। ਗੋਰੀ ਬੁੱਢੜੀ ਦਾ ਕੰਬਦਾ ਹੱਥ ਉਸ ਦੀਆਂ ਅੱਖਾਂ ਮੂਹਰੇ ਹਿੱਲਣ ਲੱਗ ਪਿਆ ਸੀ। ਉਸਦੀਆਂ ਅੱਖਾਂ ਵਿਚਲੀ ਦਇਆ ਉਸਨੂੰ ਚਿੱਚੜ ਵਾਂਗ ਚਿੰਬੜ ਗਈ ਸੀ। ਉਸਨੂੰ ਦੁਪਹਿਰੇ ਇੰਟਰਕਾਮ 'ਤੇ ਮੈਨੇਜਰ ਮਿਸ ਲਿਜ਼ ਦੀ ਆਵਾਜ਼ ਸੁਣਾਈ ਦਿੱਤੀ ਸੀ।

"ਕੁਰਾਨਾ ਟੂ ਸਰਵਿਸ ਰਜਿਸਟਰ ਫਾਰ ਕਸਟਮਰ ਅਸਿਸਟੈਂਸ ਪਲੀਜ਼" ਸੁਣਦਿਆਂ ਹੀ ਉਹ ਸਟੋਰ ਦੇ ਬਾਹਰਲੇ ਬੂਹੇ ਵੱਲ ਤੁਰ ਪਿਆ ਸੀ। ਗੋਰੀ ਬੁੱਢੜੀ ਨੇ ਇਕ ਲੋਹੇ ਦੀ ਭਾਰੀ ਮੇਜ਼ ਖਰੀਦੀ ਸੀ। ਬਾਹਰ ਬਰਫ਼ਬਾਰੀ ਹੋ ਰਹੀ ਸੀ। ਬੁੱਢੜੀ ਉਹ ਮੇਜ਼ ਨਹੀਂ ਸੀ ਚੁੱਕ ਸਕਦੀ। ਉਸਨੇ ਮੈਨੇਜਰ ਨੂੰ ਬੇਨਤੀ ਕੀਤੀ ਸੀ ਕਿ ਕੋਈ ਉਸ ਦੀ ਮੇਜ਼ ਚੁੱਕ ਕੇ ਕਾਰ ਤੀਕ ਲਿਜਾਣ 'ਚ ਮਦਦ ਕਰ ਦੇਵੇ। ਮੈਨੇਜਰ ਨੇ ਪ੍ਰੋਫੈਸਰ ਖੁਰਾਨਾ ਨੂੰ ਇਸ ਕੰਮ ਲਈ ਸੱਦ ਲਿਆ ਸੀ। ਖੁਰਾਨਾ ਭਾਰੀ ਮੇਜ਼ ਚੁੱਕਕੇ ਗੇਟ ਤੋਂ ਬਾਹਰ ਲੈ ਗਿਆ। ਬੁੱਢੜੀ ਪਾਰਕਿੰਗ ਵਿਚੋਂ ਆਪਨੀ ਕਾਰ ਕੱਢਕੇ ਗੇਟ ਕੋਲ ਲੈ ਆਈ ਸੀ। ਕਾਰ ਦੇ ਬੂਹੇ ਖੋਲ੍ਹਕੇ ਬੜੀ ਮੁਸ਼ਕਿਲ ਨਾਲ ਖੁਰਾਨਾ ਨੇ ਉਹ ਮੇਜ਼ ਪਿਛਲੀ ਸੀਟ ਵੱਲ ਅੜਾ ਦਿੱਤੀ ਸੀ। ਮੇਜ਼ ਚੁੱਕਦਿਆਂ ਧਰਦਿਆਂ ਬਰਫ਼ ਪੈਂਦੀ 'ਚ ਵੀ ਉਸਦੇ ਮੁੜ੍ਹਕੇ ਛੁੱਟ ਗਏ ਸਨ। ਇੰਡੀਆ ਤਾਂ ਕਦੀ ਆਪਨੇ ਬਹਿਣ ਲਈ ਵੀ ਉਸ ਕੁਰਸੀ ਆਪ ਨਹੀਂ ਸੀ ਚੁੱਕੀ ਕਦੇ। ਹਮੇਸ਼ਾ ਉਹ ਚਪੜਾਸੀ ਜਾਂ ਕਿਸੇ ਵਿਦਿਆਰਥੀ ਨੂੰ ਹੀ ਹਾਕ ਮਾਰ ਦਿਆ ਕਰਦਾ ਸੀ। ਤੁਰਨ ਲੱਗਿਆਂ ਬੁੱਢੜੀ ਨੇ "ਥੈਂਕ ਯੂ ਵੈਰੀ ਮੱਚ....ਗਾਡ ਬਲੈੱਸ ਯੂ....ਥੈਂਕਯੂ ਅਗੇਨ" ਕਹਿੰਦਿਆਂ ਇਕ ਤੁੱਥ ਮੁੱਥ ਹੋਇਆ ਨੋਟ ਪ੍ਰੋਫ਼ੈਸਰ ਖੁਰਾਨਾ ਦੀ ਮੁੱਠੀ ਵਿਚ ਦੇ ਦਿੱਤਾ ਸੀ ਤੇ ਝੱਟ ਕਾਰ ਸਟਾਰਟ ਕਰਕੇ ਤੇਜ਼ੀ ਨਾਲ ਆਪਨੇ ਰਾਹ ਪੈ ਗਈ ਸੀ। ਉਸ ਏਡੀ ਤੇਜ਼ੀ ਵਿਖਾਈ ਸੀ ਕਿ ਖੁਰਾਨਾ ਨੂੰ ਨਾਂਹ ਕਰਨ ਦਾ ਮੌਕਾ ਵੀ ਨਹੀਂ ਸੀ ਦਿੱਤਾ। ਤੇ ਹੁਣ ਉਹੀ ਤੁੱਥ ਮੁੱਥ ਹੋਇਆ ਨੋਟ ਉਸਦੀ ਪੈਂਟ ਦੀ ਜੇਬ 'ਚ ਪਿਆ ਦੁਪਹਿਰ ਤੋਂ ਹੀ ਕੁਰਬਲ ਕੁਰਬਲ ਕਰਦਾ ਆ ਰਿਹਾ ਸੀ। ਪ੍ਰੋ. ਖੁਰਾਨਾ ਨੂੰ ਆਪਨੇ ਬਚਪਨ ਵਿਚਲਾ ਪਿੰਡ ਯਾਦ ਆਇਆ ਸੀ। ਉਸਨੂੰ ਮੱਝ ਦੇ ਫੋਸ ਵਿਚ ਪਏ ਚਿੱਟੇ ਮਾਊਂ ਯਾਦ ਆਏ। ਚਿੱਟੇ ਮਾਊਂ ਜ਼ਿਹਨ 'ਚ ਆਉਂਦਿਆਂ ਹੀ ਉਸਨੂੰ ਆਪਨੇ ਆਪ ਤੋਂ ਘਿਣ ਆਉਣ ਲੱਗੀ ਸੀ। ਉਸ ਨੂੰ ਆਪਣਾ ਆਪਾ ਮੱਝ ਦੇ ਫੋਸ ਤੋਂ ਵੀ ਹੀਣਾ ਲੱਗਣ ਲੱਗ ਪਿਆ ਸੀ। ਇਕ ਵਾਰ ਤਾਂ ਉਸਨੂੰ ਆਪਨੇ ਆਪ ਤੋਂ ਬੋਅ ਜਿਹੀ ਵੀ ਆਉਂਦੀ ਮਹਿਸੂਸ ਹੋਈ ਸੀ। ਇਸੇ ਉਧੇੜ ਬੁਣ ਵਿਚ ਉਸਦਾ ਸਮਾਂ ਮਸਾਂ ਹੀ ਬੀਤਿਆ ਸੀ। ਉਸ ਹਰ ਹਰ



ਕਰਕੇ ਕਾਰਡ ਪੰਚ ਕੀਤਾ ਤੇ ਆਪਨੀ ਕਾਰ ਵੱਲ ਅੱਪੜਿਆ।

ਕਾਰ ਪਾਰਕਿੰਗ 'ਚੋਂ ਕੱਢ ਕੇ ਉਹ ਆਪਨੇ ਘਰ ਵੱਲ ਚੱਲ ਪਿਆ। ਰਾਹ ਵਿਚ ਗੁਪਤੇ ਦਾ ਗੈਸ ਸਟੇਸ਼ਨ ਆਉਂਦਾ ਸੀ। ਉਹ ਗੈਰ ਕਾਨੂੰਨੀ ਢੰਗ ਨਾਲ ਏਧਰ ਆ ਗਿਆ ਸੀ ਤੇ ਕਿਸੇ ਭਾਈ ਬੰਦ ਪੰਜਾਬੀ ਦੇ ਪਟਰੋਲ ਪੰਪ 'ਤੇ ਕੰਮ ਕਰਨ ਲੱਗ ਪਿਆ ਸੀ। ਖੁਰਾਣੇ ਨੇ ਮੀਟਰ ਵੱਲ ਦੇਖਿਆ। ਪਟਰੋਲ ਥੋੜ੍ਹਾ ਹੀ ਸੀ ਗੱਡੀ ਵਿਚ। ਉਸ ਗੱਡੀ ਲਿਆ ਗੁਪਤੇ ਦੇ ਪਟਰੋਲ ਪੰਪ 'ਤੇ ਖੜ੍ਹਾਈ।

"ਹੋਰ ਪ੍ਰੋਫੈਸਰ ਸਾਹਬ ਕਿਮੇਂ ਐਂ। ਕਾਟੋ ਖੇਡਦੀ ਐ ਫੁੱਲਾਂ 'ਤੇ।" ਗੁਪਤਾ ਰੋਜ਼ ਪਟਰੋਲ ਆਦਿ ਲੈਣ ਕਾਰਣ ਉਸਦਾ ਵਾਕਫ਼ ਹੋ ਗਿਆ ਸੀ।

"ਗੁਪਤਾ ਜੀ ਤੁਸੀਂ ਸੁਣਾਉ, ਕੀ ਹਾਲ ਐ?" ਉਸ ਮੁਰਦਾ ਜਿਹੀ ਆਵਾਜ਼ 'ਚ ਆਖ ਦਿੱਤਾ ਸੀ।

"ਬੱਸ ਮੌਜਾਂ ਹੀ ਮੌਜਾਂ। ਆਪਨੀ ਤਾਂ ਹਰ ਰੋਜ਼ ਦਿਵਾਲੀ ਐ ਜੀ। ਬਾਰਾਂ ਘੰਟੇ ਕੰਮ ਕਰੀਦੈ ਸੱਤ ਦਿਨ। ਸੱਠ ਡਾਲਰ ਮਿਲਦੇ ਐ......ਪੰਜਾਹ ਸੱਠ ਡਾਲਰ ਰੋਜ਼ ਟਿੱਪ ਦੇ ਬਣ ਜਾਂਦੇ ਐ। ਹੋਰ ਰੱਬੋਂ ਕੀ ਮੰਗਦੇ ਆਂ ਜੀ ...... ਦੋ ਲੱਖ ਵੱਧ ਦੇਈਦੈ ਮਹੀਨੇ 'ਚ ....।" ਗੁਪਤਾ ਨੇ 'ਟਿੱਪ' ਸ਼ਬਦ ਜ਼ਰਾ ਚਿੱਥ ਕੇ ਬੋਲਿਆ ਸੀ।

"ਇਹ ਤਾਂ ਵਧੀਆ ਐ ਫੇਰ ਬਈ .... ਤੇਰੀ ਤਾਂ ਚਾਂਦੀ ਐ।"

"ਵੀਹ ਡਾਲਰ ਦਾ ਪਾ ਦੇ......।"

ਪੈਸੇ ਦੇਣ ਲੱਗਿਆਂ ਪ੍ਰੋ. ਖੁਰਾਨਾ ਨੇ ਫੇਰ ਉਸ ਨੋਟ ਵੱਲ ਹੱਥ ਵਧਾਇਆ। ਤੁੱਥ-ਮੁੱਥ ਨੋਟ ਨੂੰ ਛੂੰਹਦਿਆਂ ਹੀ ਉਸਦੇ ਹੱਥ ਨੂੰ ਜਿਵੇਂ ਬਿਜਲੀ ਦੀ ਨੰਗੀ ਤਾਰ ਛੂਹ ਗਈ ਹੋਵੇ। ਉਸ ਛੇਤੀ ਦੇਣੇ ਉਹ ਨੋਟ ਧੂਹਕੇ ਗੁਪਤੇ ਨੂੰ ਫੜਾਉਂਦਿਆਂ ਪੁੱਛਿਆ :

"ਅਹਿ ਦੇਖੀਂ ਤਾਂ ਯਾਰ ਕਿੰਨੇ ਡਾਲਰ ਐ?"

ਗੁਪਤੇ ਨੇ ਨੋਟ ਫੜਕੇ ਬਣਾ ਸੁਆਰ ਕੇ ਉਸਨੂੰ ਹਥੇਲੀ 'ਤੇ ਸਿੱਧਾ ਕੀਤਾ। ਸੱਜਾ ਹੱਥ ਉਸਤੇ ਫੇਰਦਿਆਂ ਨੋਟ ਨੂੰ ਪ੍ਰੈਸ ਕੀਤਾ। ਨਜ਼ਰ ਨੋਟ ਦੇ ਨੇੜੇ ਲਿਜਾ ਕੇ ਬੋਲਿਆ:

"ਪੰਜ ਡਾਲਰ ਐ ਇਹ ਪ੍ਰੋ. ਸਾਹਿਬ।"

"ਹੱਛਿਆ, ਮੈਂ ਤਾਂ ਇਹਨੂੰ ਇਕ ਡਾਲਰ ਦਾ ਨੋਟ ਈ ਸਮਝਦਾ ਰਿਹਾ ....।"

ਕਹਿ ਕੇ ਖੁਰਾਨਾ ਜ਼ੋਰ ਦੀ ਹੱਸਿਆ। ਪਟਰੋਲ ਦੇ ਬਾਕੀ ਪੈਸੇ ਦੇਕੇ ਉਸ ਕਾਰ ਸਟਾਰਟ ਕਰ ਲਈ ਸੀ।

ਹੁਣ ਉਸਨੂੰ ਸਵੇਰੇ ਵਾਂਗ ਘਿਣ ਨਹੀਂ ਸੀ ਆ ਰਹੀ। ਉਸ ਆਪਨੀ ਕਾਰ ਦੀਆਂ ਅਗਲੀਆਂ ਬਾਰੀਆਂ ਦੇ ਸ਼ੀਸ਼ੇ ਹੇਠਾਂ ਲਾਹ ਦਿੱਤੇ ਸਨ। ਬਾਹਰਲੀ ਸ਼ੁਧ ਸਾਫ ਹਵਾ ਉਸਦੇ ਫੇਫੜਿਆਂ 'ਚ ਜਾਣ ਕਰਕੇ ਉਸਦਾ ਚਿੱਤ ਕੁਝ ਕੁਝ ਟਿਕਾਣੇ ਆ ਗਿਆ ਲੱਗਦਾ ਸੀ।

"ਕਰੋੜਪਤੀ ਬਨਨੇ ਕਾ?" ਪਟੇਲ ਦਾ ਪੈੱਟ ਡਾਇਲਾਗ ਯਾਦ ਕਰਕੇ ਉਹ ਜ਼ੋਰ ਦੀ ਹੱਸ ਪਿਆ ਸੀ। ○○

[ ਗਲੀ ਨੰਬਰ 9, ਕਿਸ਼ਨਪੁਰਾ, ਮੋਗਾ]

# ਹੂੰ

## ਜਤਿੰਦਰ ਸਿੰਘ ਹੰਸ

ਸਮਝ ਨੀ ਆਉਂਦੀ ਅਚਾਨਕ ਮੀਤ ਨੂੰ ਕੀ ਹੋ ਗਿਆ ? ਜਿਸ ਸੁੰਨ-ਸਰਾਂ ਵੱਲ ਮੂੰਹ ਵੀ ਨਹੀਂ ਸੀ ਕਰਦਾ ਉਥੇ ਹੀ ਜਾ ਬੈਠਾ । ਜਿਸ ਨਸੀਬੋ ਦਾ ਪਰ੍ਛਾਵਾਂ ਲੈ ਕੇ ਰਾਜ਼ੀ ਨਹੀਂ ਸੀ ਉਹਦੇ ਹੱਥਾਂ ਦੀ ਪੱਕੀ ਰੋਟੀ ਕਿਵੇਂ ਖਾਂਦਾ ਹੋਵੇਗਾ? ਏਥੇ ਕੀ ਨਹੀਂ ਸੀ ਮਿਲਦਾ ਉਹਨੂੰ, ਸਭ ਕੁਛ ਤਾਂ ਸੀ ਜਿਸ ਲਈ ਦੁਨੀਆਂ ਤਰਸਦੀ ਐ । ਸ਼ਰਾਬ ਪਿੱਛੇ ਤਾਂ ਮੈਂ ਕਈ ਵਾਰ ਆਢਾ ਲਾ ਲੈਂਦੀ । ਪੀ ਕੇ ਬਿਮਾਰ ਹੋ ਜਾਂਦਾ, ਸ਼ੂਗਰ ਹੈ ।

ਨੌਕਰ ਨੂੰ ਸੱਦਣ ਭੇਜਿਆ, ਕਹਿੰਦਾ 'ਚੱਲ ਮੈਂ ਆਇਆ'। ਪਰ ਅੱਜ ਤਿੰਨ ਦਿਨ ਹੋ ਗਏ ,ਹੁਣ ਤਕ ਨੀ ਆਇਆ। ਮੈਨੂੰ ਮਿਚ-ਮਿਚ ਕਰਨਾ ਨੀ ਆਉਂਦਾ । ਹੁਣੇ ਜਾਕੇ ਬਾਹੋਂ ਧੂ ਲਿਆਊਨੀ ਆਂ। ਅੱਜ ਇਕ ਸਿਰਾ ਕਰ ਦੇਣਾਂ। ਮੈਂ ਤਾਂ ਮਨਹੂਸ ਨਸੀਬੋ ਦੇ ਮੱਥੇ ਲੱਗਣੋਂ ਜਕਦੀ ਸੀ । ਉਸ ਘਰ ਜਾਣ ਤੋਂ ਜਕਦੀ ਸੀ ਜਿੱਥੋਂ ਨਿਕਲਕੇ ਰੱਬ ਦਾ ਸ਼ੁਕਰ ਮਨਾਇਆ ਸੀ । ਲੱਗਾ ਸੀ ਨਰਕ ਤੋਂ ਖਹਿੜਾ ਛੁੱਟਾ। ਸਮੇਂ ਕਿਵੇਂ ਬਦਲਦੀ ਹੈ । ਅੱਜ ਉਸੇ ਮੀਤ ਦੇ ਜਾਣ ਨਾਲ ਘਰ ਖਾਲੀ - ਖਾਲੀ ਲੱਗਦੈ । ਉਸ ਵੇਲੇ ਸਭ ਤੋਂ ਵੱਡਾ ਨਰਕ ਉਹੀ ਤਾਂ ਲੱਗਿਆ ਸੀ ।

ਮਾਂ-ਬਾਪ ਦਾ ਵਿਹੜਾ ਛੱਡ ਕੇ ਆਈ ਨਵੀਆਂ-ਨਵੇਲੀਆਂ ਵਾਂਗ ਸੰਗਦੀ ਸਾਂ । ਕਿਹੋ ਜਿਹੀ ਰੀਤ ਐ ਜਮਾਨੇ ਦੀ, ਜਿਸਨੂੰ ਜਾਣਦੇ ਵੀ ਨਹੀਂ ਉਸੇ ਨੂੰ ਹੱਥ ਫੜਾ ਦੇਣਾਂ, ਸਾਰੀ ਜ਼ਿੰਦਗੀ ਕੱਢਣ ਨੂੰ । ਡੋਲੀ ਚੜ੍ਹਦੀਆਂ ਕੁੜੀਆਂ ਤਾਹੀਉਂ ਰੋਂਦੀਆਂ ਨੇ । ਕਿੰਨਾ ਹੀ ਚਿਰ ਘਰ ਓਪਰਾ-ਓਪਰਾ ਲੱਗਦਾ ਰਿਹਾ । ਕੋਈ ਵੀ ਅਜਿਹਾ ਜੀਅ ਨਹੀਂ ਸੀ ਜਿਸ ਨਾਲ ਰਚ-ਮਿਚ ਸਕਦੀ । ਕਸ਼ਮੀਰਾ ਵੇਲੇ ਕੁਵੇਲੇ ਘਰ ਬੜਦਾ । ਮੇਰੇ ਪੇਕਿਆਂ ਨੇ ਮੋਟਲ ਸਾਇਕਲ ਜੋ ਦੇ ਦਿੱਤਾ ਸੀ, ਉਸੇ ਤੋਂ ਹੀ ਨਾ ਉਤਰਦਾ । ਨਸੀਬੋ ਛੋਟੀ ਭੈਣ ਵਾਂਗ ਖਿਆਲ ਰੱਖਦੀ । ਪਰ ਉਸ ਬਾਂਝ ਤੋਂ ਡਰ ਜਿਹਾ ਲੱਗਦਾ ਰਹਿੰਦਾ । ਉਹ ਹਰ-ਰੋਜ਼ ਸਾਧਾਂ-ਸੰਤਾਂ ਕੋਲੋਂ ਧਾਗੇ ਤਬੀਤ ਕਰਾਉਂਦੀ ਤੁਰੀ ਰਹਿੰਦੀ । ਕਿਧਰੇ ਕੁਛ ਕਰਾ ਕੇ ਖੁਆ ਹੀ ਨਾ ਦੇਵੇ । ਕੁਛ ਸਿਰ ਨਾ ਪਾ ਦੇਵੇ । ਇਹ ਮੀਤ ਤਾਂ ਉਈਂ ਚੰਗਾ ਨਾ ਲੱਗਿਆ। ਇਹਦੀ ਝਾਕਣੀ ਚੰਗੀ ਨਹੀਂ ਸੀ ।

ਪਹਿਲੀ ਵਾਰ ਇਹਦੀਆਂ ਨਜ਼ਰਾਂ ਉਸੇ ਵੇਲੇ ਚੁਭੀਆਂ ਜਦੋਂ ਵਿਆਹ ਤੋਂ ਬਾਅਦ ਚੌਂਕੇ ਚੜ੍ਹਨ ਦੀ ਰਸਮ ਸੀ । ਮਿੱਠੀਆਂ ਰੋਟੀਆਂ ਪਕਾ ਕੇ ਪਰਿਵਾਰ ਨੂੰ ਪਰੋਸ ਰਹੀ ਸਾਂ । ਥੋੜ੍ਹੇ ਜਿਹੇ ਕੱਢੇ ਘੁੰਡ ਵਿਚੋਂ ਜਦੋਂ ਵੀ ਟੀਰੀ ਜਿਹੀ ਇਸ ਵੱਲ ਝਾਕਦੀ, ਇਹ ਮੇਰੇ ਵੱਲ ਹੀ ਦੇਖ ਰਿਹਾ ਹੁੰਦਾ । ਫਿਰ ਉਂਗਲੀਆਂ ਚੱਟਦਾ ਬੋਲਦਾ, "ਬਈ ਐਹੋ ਜਿਹਾ ਪਕਵਾਨ ਤਾਂ ਕਦੇ ਨੀ ਖਾਧਾ, ਅਜੇ ਵੀ ਹੱਥਾਂ 'ਚੋਂ ਕਸਤੂਰੀ ਵਰਗੀ ਮਹਿਕ ਆਈ ਜਾਂਦੀ ਐ ।"

ਮਨ 'ਚ ਆਈ, ਪੁੱਛਾਂ, "ਫੋਟ ਕਦੇ ਮਿੱਠੀਆਂ ਰੋਟੀਆਂ ਨੀ ਖਾਧੀਆਂ ? ਕਦੇ ਕਸਤੂਰੀ ਦੇਖੀ ਆ ?"

ਥੋੜ੍ਹਾ ਜਿਹਾ ਘੁੰਡ ਕੱਢਕੇ ਜਦੋਂ ਅੱਗਿਉਂ ਲੰਘਦੀ ਤਾਂ ਲੱਗਦਾ ਉਹਦੀਆਂ ਨਜ਼ਰਾਂ ਮੇਰਾ ਪਿੱਛਾ ਕਰ ਰਹੀਆਂ ਨੇ । ਸਰੀਰ 'ਤੇ ਜਾਣੀ ਕੁਛ ਸੂਲਾਂ ਵਾਂਗ ਚੁਭਣ ਲੱਗਦਾ । ਵਾਹ ਲੱਗਦੀ ਇਹਦੇ ਸਾਹਮਣੇ ਨਾ ਜਾਂਦੀ । ਇਹਦੀ ਬਿੜਕ ਸੁਣ ਕੇ 'ਆਪਣੀ ਬੈਠਕ' ਵਿਚ ਜਾ ਬੜਦੀ । ਉਹੀ ਬੈਠਕ ਹੁਣ ਨਸੀਬੋ ਦਾ ਰੈਣ-ਵਸੇਰਾ ਬਣੀ ਹੋਈ ਆ। ਮੀਤ ਵੀ ਹੁਣ ਉਥੇ ਹੀ ਬੈਠਿਆ ਹੋਣੈ। ਜਾ ਬੜਿਆ ਹੋਣੈ ਬਿੱਲੀ ਵਾਂਗ ਪੋਲੇ ਪੈਰੀਂ । ਉਦੋਂ ਵੀ ਇਹ ਘਰ ਬੜਨ ਲੱਗਿਆ ਘਰ ਦੇ ਵੱਡਿਆਂ ਵਾਂਗ ਖੰਘੂਰਾ ਤਾਂ ਕੀ ਮਾਰਨਾ ਸੀ, ਬਿੱਲੀ ਵਾਂਗ ਪੋਲੇ ਪੈਰੀਂ ਅੰਦਰ ਆ ਬੜਦਾ । ਐਵੇਂ ਹੀ ਕੋਈ ਫਜ਼ੂਲ ਜਿਹੀ ਗੱਲ ਪੁੱਛ ਲੈਂਦਾ । ਹਰ ਗੱਲ ਦੇ ਉਤਰ ਵਿਚ ਦੋ ਤਿੰਨ ਵਾਰ ਵੀਰ ਜੀ-ਵੀਰ-ਜੀ ਜ਼ਰੂਰ ਆਖਦੀ



। ਖਿਝਦੀ, ਇਹਨੂੰ ਕੰਜਰ ਨੂੰ ਇਹ ਵੀ ਨੀ ਪਤਾ ਛੋਟੀ ਭਰਜਾਈ ਧੀਆਂ ਵਰਗੀ ਹੁੰਦੀ ਐ । ਦਿਲ ਕਰਦਾ ਕਸ਼ਮੀਰੇ ਨੂੰ ਸਭ ਕੁਝ ਦੱਸ ਦੇਵਾਂ । ਪਰ ਦੱਸਣ ਵਾਲੀ ਕੋਈ ਗੱਲ ਨਾ ਲੱਗੀ । ਹੋ ਸਕਦਾ ਇਹਦੀ ਝਾਕਣੀ ਹੀ ਏਦਾਂ ਦੀ ਹੋਵੇ ।

ਰਾਤ ਨੂੰ ਕਸ਼ਮੀਰੇ ਦੀ ਛਾਤੀ 'ਤੇ ਸਿਰ ਰੱਖਿਆ । ਹੰਝੂ ਆਪ ਮੁਹਾਰੇ ਵਗ ਤੁਰੇ, "ਮੈਂ ਤਾਂ ਥੋਡੀ ਸੂਰਤ ਵੀ ਭੁੱਲਗੀ । ਹਨੇਰੇ-ਸਵੇਰੇ ਘਰ ਬੜਦੇ ਓ... ਮੈਨੂੰ ਤਾਂ ਸੁੰਨ-ਸਰਾਂ ਵਰਗਾ ਘਰ ਖਾਣ ਨੂੰ ਆਉਂਦਾ ।"

ਉਹ ਵਾਲਾਂ ਵਿਚ ਹੱਥ ਫੇਰਦਾ ਬੋਲਿਆ, " ਉਏ ਕਮਲੀਏ, ਇਹ ਸੁੰਨ-ਸਰਾਂ? ਭਾਬੀ ਤੇਰਾ ਗੋਲਪੁਣਾ ਕਰਨ ਨੂੰ ਅੱਗੇ ਪਿੱਛੇ ਰਹਿੰਦੀ ਆ । ਜੇ ਮੈਂ ਵੀ ਤੇਰੇ ਗੋਡੇ-ਮੁੱਢ ਬੈਠਾ ਰਹਾਂ, ਘਰ ਕਿਵੇਂ ਚੱਲੂ?"

"ਕੰਮ ਬਿੰਦ-ਘੜੀ ਦਾ ਹੁੰਦਾ, ਦਿਨ ਰਾਤ.....ਵੀਰ ਜੀ ਨੀ ਕਰ ਸਕਦੇ ਇਹ ਕੰਮ?" ਜਦੋਂ ਕੋਸੇ-ਕੋਸੇ ਹੰਝੂ ਛਾਤੀ ਉਤੇ ਮਹਿਸੂਸ ਹੋਏ, ਉਹਨੇ ਗੰਭੀਰ ਹੋ ਕੇ ਮੇਰਾ ਦੁੱਖ ਪੁੱਛਿਆ ਸੀ ।

" ....ਮੈਨੂੰ ਨਾ ਜਾਣੀ .....ਜਾਣੀ ਡਰ ਜਿਹਾ ਲੱਗਦਾ ਰਹਿੰਦਾ।"

"ਡਰ ? .......ਕਾਹਦਾ?"

"ਵੀਰ ਜੀ ਦੀਆਂ ਅੱਖਾਂ ਕਿੰਨੀਆਂ ਡਰਾਉਣੀਆਂ ਨੇ।"

"ਅੱਛਾ?" ਉਹ ਹੱਸ ਪਿਆ, "ਮੈਨੂੰ ਤਾਂ ਕਦੇ ਡਰ ਨੀ ਲੱਗਿਆ, ਉਹਦੀਆਂ ਚੁੰਨ੍ਹੀਆਂ ਜਿਹੀਆਂ ਅੱਖਾਂ ਤੋਂ ।"

"ਕੁਛ ਕਹਿੰਦਾ ਵੀ ਹੁੰਦੈ?" ਉਹਦੀ ਆਵਾਜ਼ ਤਲਖ ਸੀ।

ਮੈਂ ਨਾਂਹ 'ਚ ਸਿਰ ਹਿਲਾਇਆ ।

ਉਹਨੇ ਮੇਰਾ ਲਾਲ ਹੋਇਆ ਮੂੰਹ ਹੱਥ ਨਾਲ ਉਤਾਂਹ ਚੁੱਕ ਕੇ ਸ਼ਰਾਰਤ ਨਾਲ ਪੁੱਛਿਆ, "ਹੋਰ ਕਿਵੇਂ, ਕਿਵੇਂ ਝਾਕਦਾ?"

ਮੈਂ ਮੂੰਹ ਛਡਵਾ ਕੇ ਫਿਰ ਉਹਦੀ ਛਾਤੀ 'ਚ ਲੁਕੋ ਲਿਆ ।

ਉਹ ਹੱਸ ਪਿਆ, "ਉਏ ਪਾਗਲੇ ! ਕਿੰਨੇ ਸਾਲ ਹੋਗੇ ਉਹ ਕਦੇ ਹੋਰੂ ਨਜ਼ਰਾਂ ਨਾਲ ਭਾਬੀ ਵੱਲ ਨੀ ਝਾਕਿਆ । ਜੇ ਝਾਕਦਾ ਹੁੰਦਾ, ਅੱਜ ਉਹਦੀ ਗੋਦ ਸੁੰਨੀ ਹੁੰਦੀ ? ਚੰਗਾ ਮਾਲਕੋ ਹੁਣ ਨੀ ਥੋਡੇ ਕੋਲੋਂ ਹਿੱਲਦਾ।" ਕਹਿ ਕੇ ਉਹਨੇ ਬਾਹਾਂ ਵਿਚ ਘੁੱਟ ਲਿਆ ਸੀ ।

ਗੱਲ ਹਾਸੇ ਵਿਚ ਟਲ ਗਈ ਸੀ । ਪਰ ਮੈਨੂੰ ਮੀਤ ਦੀਆਂ ਹਰਕਤਾਂ ਤੋਂ ਲੱਗਦਾ ਉਹਦੇ ਚਾਲੇ ਠੀਕ ਨੀ । ਡਰ ਜਿਹਾ ਲੱਗਿਆ ਰਹਿੰਦਾ । ਡਰ ਸੱਚਾ ਵੀ ਨਿਕਲਿਆ ਸੀ ।

ਨਸੀਬੋ ਪੇਕਿਆਂ ਦਾ ਬਹਾਨਾ ਬਣਾ ਕੇ ਕਿਸੇ ਸਾਧ - ਸੰਤ ਦੇ ਡੇਰੇ ਦਵਾਈ ਖਾਣ ਗਈ ਹੋਈ ਸੀ । ਮੀਤ ਟਰੈਕਟਰ ਲੈ ਕੇ ਮੋਟਰ 'ਤੇ ਗਿਆ ਹੋਇਆ ਸੀ । ਕਸ਼ਮੀਰਾ ਸ਼ਹਿਰ ਵੱਲ ਨਿਕਲਿਆ ਹੋਇਆ ਸੀ । ਸੂਰਜ ਲਹਿੰਦੇ ਵੱਲ ਡੁੱਬਦਾ-ਡੁਬਦਾ ਡੁੱਬ ਗਿਆ । ਮੇਰਾ ਦਿਲ ਡੋਬੇ ਖਾਣ ਲੱਗਾ । ਉਸੇ ਤਰ੍ਹਾਂ ਹੀ ਮੱਝਾਂ ਦਾ ਦੁੱਧ ਚੋਅ ਲਿਆ । ਰੋਟੀ-ਟੁੱਕ ਦਾ ਕੰਮ ਨਿਬੇੜ ਲਿਆ । ਸਾਰੇ ਕੰਮ ਮੁਕਾ ਕੇ ਵਿਹਲੀ ਹੋਈ, ਦਿਲ ਜ਼ਿਆਦਾ ਡੁੱਬਣ ਲੱਗਿਆ । ਗੁਆਂਢਣ ਚਾਚੀ ਨੂੰ ਹਾਕ ਮਾਰਨ ਤੁਰੀ । ਬਿਜਲੀ ਚਲੀ ਗਈ । ਚੁੱਲ੍ਹੇ ਅੱਗੇ ਪਿਆ ਦੁੱਧ ਸੰਭਾਲਣ ਲੱਗੀ । ਕਿਧਰੇ 'ਨ੍ਹੇਰੇ 'ਚ ਬਿੱਲੀ ਮੂੰਹ ਨਾ ਮਾਰ ਜਾਵੇ । ਦੀਵਾ ਬਾਲਣ ਲਈ ਉਠੀ । ਮੋਟਰ ਸਾਇਕਲ ਦੀ ਆਵਾਜ਼ ਸੁਣ ਕੇ ਉਥੇ ਹੀ ਬੈਠ ਗਈ । ਜਾਨ 'ਚ ਜਾਨ ਆਈ । ਸ਼ੁਕਰ ਏ 'ਇਹ' ਆ ਗਏ। ਉਹ ਮੋਟਰ ਸਾਇਕਲ ਖੜ੍ਹਾ ਕੇ ਬਾਹਰਲਾ ਗੇਟ ਬੰਦ ਕਰ ਆਇਆ ।

"ਅਜੇ ਵੀਰ ਜੀ ਨੇ ਆਉਣੈ ਗੇਟ ਖੁਲ੍ਹਾ ਰਹਿਣ ਦਿੰਦੇ । " ਸ਼ਰਾਬ ਦੀ ਹਵਾੜ ਮੇਰੇ ਨੱਕ ਨੂੰ ਚੜ੍ਹ ਗਈ ।

"ਹੂੰ"

"ਏਨਾ 'ਨ੍ਹੇਰਾ ਕਰ ਆਏ, ਮੇਰੀ ਤਾਂ ਕੱਲੀ ਦੀ ਡਰ ਨਾਲ ਜਾਨ ਨਿਕਲਣ ਲੱਗੀ ਸੀ ।"

"ਸੌਦੇ ਨੀ ਲਿਆਏ ......ਸ਼ਹਿਰੋਂ?"

"......ਹੂੰ......"

"ਕੀ ਹੂੰ-ਹੂੰ ਕਰੀ ਜਾਨੇ ਓਂ, ਮੈਂ ਦੀਵਾ ਬਾਲਦੀ ਆਂ।"

"..ਹੂੰ.."

ਮੇਰੇ ਲੱਕ ਦੁਆਲੇ ਬਾਂਹ ਦਾ ਬਲੇਵਾਂ ਪਾ ਲਿਆ । ਮੂੰਹ ਨੇੜੇ ਮੂੰਹ ਲੈ ਆਇਆ।ਮੇਰੀ ਚੀਕ ਨਿੱਕਲਗੀ । ਇਹ ਤਾਂ ਮੀਤ ਸੀ । ਉਹਨੂੰ ਧੱਕਾ ਮਾਰ ਕੇ ਚੀਕਾਂ ਮਾਰਦੀ ਬਚੋਲਣ ਮਾਸੀ ਦੇ ਘਰ ਭੱਜ ਗਈ। ਬਾਅਦ 'ਚ ਪਤਾ ਲੱਗਾ ਇਹ ਕਸ਼ਮੀਰੇ ਨੂੰ ਸ਼ਰਾਬੀ ਕਰਕੇ ਮੋਟਰ 'ਤੇ ਪਾ ਆਇਆ ਸੀ । ਸਵੇਰੇ ਦੋਵਾਂ ਭਰਾਵਾਂ ਦੀ ਲੜਾਈ ਹੋਈ ਸੀ । ਅਸੀਂ ਅੱਡ ਹੋ ਗਏ। ਖੇਤ 'ਚ ਆ ਕੋਠੀ ਪਾ ਲਈ ।

ਉਹੀ ਮੀਤ ਜਿਹੜਾ ਮੇਰੀ ਖਾਤਰ ਇਹੋ ਜਿਹੀਆਂ ਕਰਤੂਤਾਂ ਕਰਦਾ ਸੀ, ਹੁਣ ਮੇਰਾ ਸੁਨੇਹਾ ਸੁਣ ਕੇ ਵੀ ਨੀ ਆਇਆ । ਇਹ ਆਦਮੀ ਵੀ ਬੱਸ......।

ਕਸ਼ਮੀਰੇ ਦੀ ਲਾਸ਼ ਘਰ ਆਈ । ਮੈਂ ਲਾਸ਼ ਹੀ ਬਣ ਗਈ ਸਾਂ । ਸਾਰੇ ਅੰਗ-ਸਾਕ ਮੈਨੂੰ ਮੀਤ ਦੇ ਸਿਰ ਧਰਨ ਲਈ ਜ਼ੋਰ ਪਾ ਰਹੇ ਸਨ । ਪਰ ਮੈਂ ਦੋ-ਚਿੱਤੀ 'ਚ....ਹੁਣ ਉਸੇ ਬੰਦੇ ਨਾਲ ਕਿਵੇਂ ਰਹੂੰਗੀ ਜਿਹਨੂੰ ਜੁੱਤੀ ਦੀ ਠੋਕਰ ਵੀ ਨੀ ਸੀ ਸਮਝਦੀ । .....ਇਹ ਤਾਂ ਜਗਤ-ਰਵੀਰਾ....ਸਿਰ ਢਕਣ ਤਾਂ ਕਰਨਾ ਈ ਪੈਣਾ.....ਕਿਉਂ ਨਾ ਪੱਗ ਸੋਨੂੰ ਸਿਰ ਬੰਨ੍ਹੀ ਜਾਵੇ, ਦਸਾਂ ਸਾਲਾਂ ਨੂੰ ਮੇਰੇ ਪੁੱਤ ਨੇ ਜੁਆਨ ਹੋ ਜਾਣੈ ।"

ਸਿਆਣੀਆਂ ਬੁੜ੍ਹੀਆਂ ਨੇ ਕਿਹਾ, "ਇਹਨੂੰ ਜੁਆਕ ਨੂੰ ਸਿਰ 'ਤੇ ਪੱਗ ਦੀ ਏਨੀ ਲੋੜ ਨੀ ਜਿੰਨੀ ਸਿਰ 'ਤੇ ਹੱਥ ਦੀ ।"

'.....ਫਿਰ ਨਸੀਬੋ ਨਿਪੁੱਤੀ ਸੀ....ਸੋਨੂੰ ਨੂੰ ਜ਼ਮੀਨ ਵੀ ਹੋਰ ਮਿਲ ਜਾਣੀ ਸੀ ।' ਇਹਨਾਂ ਭੰਨਾਂ ਘੜਤਾਂ ਵਿਚ ਮੈਂ ਹਾਂ ਕਰ ਦਿੱਤੀ ।

ਨਸੀਬੋ ਵਰਗੀਆਂ ਨਿੱਤ ਨਵੇਂ ਖਸਮ ਭਾਲਦੀਆਂ ਨੇ । ਹੋਰ ਉਹ ਨਿੱਤ ਖੇਹ ਖਾਣ ਨੂੰ ਤੁਰੀ ਰਹਿੰਦੀ ਸੀ । ਕਸ਼ਮੀਰੇ ਦੇ ਹੁੰਦਿਆਂ ਕਿਸੇ ਵੱਲ ਝਾਕੀ ਨੀ । ਨਾ ਈ ਕਿਸੇ ਨੂੰ ਆਪਣੇ ਵੱਲ ਝਾਕਣ ਦਿੱਤਾ । ਪਹਿਲਾਂ ਹੀ ਮੈਂ ਇਹਨੂੰ ਸੌ ਦੀ ਇਕ ਸੁਣਾ ਦਿੱਤੀ, "ਮੈਨੂੰ ਕਿਸੇ ਨਾਲ ਵੰਡਣ ਦੀ ਆਦਤ ਨੀ, ਇਕ ਦਾ ਬਣ ਕੇ ਰਹੀਂ । ਇਹਨੇ ਕਿਹਾ ਸੀ, ਸਾਰੀ ਉਮਰ ਪੈਰ ਧੋ-ਧੋ ਪੀਊਂ ।"

ਕਸ਼ਮੀਰੇ ਤੋਂ ਬਾਅਦ ਮੈਂ ਤਾਂ ਆਪਣਾ ਸਭ ਕੁਝ ਇਹਨੂੰ ਮੰਨ ਲਿਆ । ਪਰ ਇਹਦੇ ਮਨ 'ਚ ਜ਼ਰੂਰ ਕੋਈ ਖੋਟ ਸੀ । ਤਾਹੀਉਂ ਹੁਣ ਏਨੇ ਵਰ੍ਹਿਆਂ ਬਾਅਦ ਫਿਰ ਉਸ ਕੋਲ ਜਾ ਬੈਠਾ । ਕੀ ਖੱਟਿਆ ਇਸ ਵਣਜ ਵਿਚੋਂ । ਇਕ ਵਸੀਅਤ ਹੀ ਤਾਂ ਹੈ । ਉਹਨੂੰ ਕੀ ਸਿਰ 'ਚ ਮਾਰਾਂ । ਵਸੀਅਤ ਬਦਲੀ ਵੀ ਜਾ ਸਕਦੀ ਹੈ । ਹਾਰ ਮੰਨਣ ਵਾਲੀ ਮੈਂ ਵੀ ਨੀ । ਹੁਣੇ ਜਾ ਕੇ ਕੰਜਰ ਨੂੰ ਬਾਹੋਂ ਫੜ ਲਿਆਉਨੀ ਆਂ। ਅੱਜ ਇਕ ਸਿਰਾ ਕਰ ਦੇਣਾਂ ....।"

****** ****** ******

ਬੁੱਧਵਾਰ ਸੀ, ਬੁੱਧ ਕੰਮ ਸੁੱਧ । ਸਿਰ 'ਤੇ ਚਿੱਟੀ ਪੱਗ, ਚਿੱਟਾ ਕੁੜਤਾ ਪਜਾਮਾ, ਦਾਹੜੀ ਨੂੰ ਕਲਫ ਨਾ ਲੱਗੀ ਹੋਣ ਕਰਕੇ ਜੜ੍ਹਾਂ ਵੱਲੋਂ ਚਿੱਟੀ ਅਤੇ ਹੇਠਾਂ ਪੀਲੀ । ਜਿਵੇਂ ਕੋਈ ਫਰਿਸ਼ਤਾ ਹੋਵੇ । ਇਹ ਦਾਨਵ ਫਰਿਸ਼ਤਾ ਕਿਵੇਂ ਹੋ ਸਕਦਾ ? ਆਉਂਦਾ ਦੇਖ ਅੱਖਾਂ ਨੂੰ ਯਕੀਨ ਨਾ ਆਇਆ । ਮਾਲਾ ਹੱਥੋਂ ਡਿੱਗਦੀ-ਡਿੱਗਦੀ ਬਚੀ । ਏਨੇ ਵਰ੍ਹਿਆਂ ਬਾਅਦ ਇਹਨੂੰ ਮੇਰੀ ਯਾਦ ਕਿਵੇਂ ਆ ਗਈ । ਕਿੰਨੀ ਵਾਰ ਬਿਮਾਰ ਹੋਈ । ਦੁੱਖਾਂ ਦੇ ਪਹਾੜ ਟੁੱਟੇ । ਸੱਤ-ਬਿਗਾਨੇ ਵੀ ਹਾਲ-ਚਾਲ ਪੁੱਛ ਜਾਂਦੇ । ਇਹਨੇ ਕਦੇ ਝੂਠੀ-ਮੂਠੀ ਖ਼ਬਰ ਵੀ ਨੀ ਪੁੱਛੀ । ਖ਼ਰਚਾ ਦਾਣੇ ਵੀ ਨੌਕਰ ਹੱਥ ਭੇਜ ਦਿੰਦਾ । ਮੈਂ ਤਾਂ ਇਹਨੂੰ



ਮਰਿਆ ਸਮਝ ਕੇ ਰੋ ਪਿੱਟ ਲਿਆ ਸੀ । ਦਿਲ ਕਰਦੈ ਹੁਣ ਇਹਦੀ ਛਾਤੀ 'ਤੇ ਦੁਹੱਥੜ ਮਾਰ ਕੇ ਪਿੱਟਾਂ। ਉਚੀ ਉਚੀ ਰੋਵਾਂ । ਜੋ ਦਿਲ 'ਚ ਹੈ, ਕਹਿ ਕੇ ਹੌਲੀ ਜਾਵਾਂ ।

ਸੰਤਾਂ ਦੇ ਬਚਨ ਯਾਦ ਆਉਂਦੇ ਨੇ, "ਕਈ ਵਾਰ ਚੰਗਾ ਹੁੰਦਾ ਜੋ ਦਿਲ 'ਚ ਹੈ ਦਿਲ 'ਚ ਏ ਰਹੇ।"

ਵਾਹਿਗੁਰੂ-ਵਾਹਿਗੁਰੂ ਕਰਕੇ ਦਿਲ 'ਚ ਉਠ ਰਹੇ ਉਬਾਲ ਦਬਾਉਣ ਦੀ ਕੋਸ਼ਿਸ਼ ਕਰਦੀ ਹਾਂ। ਮਾਲਾ ਵਾਲਾ ਹੱਥ ਤੇਜ਼-ਤੇਜ਼ ਘੁੰਮਣ ਲੱਗਾ ।

ਇਹ ਆਲਾ-ਦੁਆਲਾ ਦੇਖੀ ਜਾ ਰਿਹਾ ਜਿਵੇਂ ਹੈਰਾਨ ਹੋਵੇ, ਇਹ ਘਰ ਖੋਲਾ ਕਿਉਂ ਨੀ ਬਣਿਆ । ਜਿਸ ਨੂੰ ਉਜਾੜ ਗਿਆ ਸਾਂ । ਸ਼ਾਇਦ ਦੇਖਣ ਆਇਆ ਮੈਂ ਕਦੋਂ ਮਰਦੀ ਆਂ, ਮੰਜਾ ਵਿਹਲਾ ਕਰਦੀ ਆਂ । ਕਾਲੀ ਜ਼ੁਬਾਨ ਆਲੀ ਦੀਪੋ ਰੰਡੀ ਦਾ ਕਿਹਾ, 'ਏਥੇ ਕਬੂਤਰਾਂ ਈ ਬੋਲਣਾ' ਕਦੋਂ ਸੱਚ ਹੁੰਦਾ ।

ਮੇਰੇ ਵੱਲ ਦੇਖ ਨੀਵੀਂ ਪਾ ਲਈ । ਸ਼ਾਇਦ ਅੱਖਾਂ ਭੇੜਨ ਦੀ ਹਿੰਮਤ ਨਹੀਂ । "ਰਾਜੀ ਐਂ?" ਜਿਵੇਂ ਕੋਈ ਓਪਰੀ ਸ਼ੈਅ ਬੋਲੀ ਹੋਵੇ ।

ਮਨ 'ਚ ਆਈ ਆਖਾਂ, "ਆਹੋ, ਏਨੀ ਕੁੱਤੇਖਾਣੀ ਤੋਂ ਬਾਅਦ ਵੀ ਰਾਜੀ ਆਂ.....ਮਰੀ ਨੀ।" ਵਾਵਰੋਲਾ ਜਿਹਾ ਦਿਮਾਗ 'ਚ ਉਠਿਆ, ਆਖਾਂ ਮੇਰੇ ਘਰ ਪੈਰ ਪਾਉਣ ਦੀ ਤੇਰੀ ਹਿੰਮਤ ਕਿਵੇ 'ਹੋਈ ? ਰਾਜ਼ੀ ਏਂ ਪੁੱਛਣ ਵਾਲਾ ਤੂੰ ਕੌਣ ਏਂ ਮੇਰਾ ? ਏਨੇ ਸਾਲ ਉਸ ਰੰਡੀ ਨੇ ਕਿਹੜੇ ਭੜੋਲੇ ਪਾਈ ਰੱਖਿਆ । ਹੁਣ ਰਾਜੀ ਪੁੱਛਣ ਆ ਗਿਆ । ਉਸੇ ਕੋਲ ਰਹਿ, ਉਸੇ ਦੀਆਂ ਲਾਲਾਂ ਚੱਟ ।

ਮਸੀਂ ਬੁੱਲ੍ਹ ਚਿੱਥ ਕੇ ਰੋਣ ਰੋਕਿਆ । ਸੰਤਾਂ ਦੇ ਬਚਨ ਦਿਮਾਗ 'ਚ ਗੂੰਜੇ ਨੇ, "ਪਤੀ ਭਾਵੇਂ ਕਿਹੋ ਜਿਹਾ ਵੀ ਹੋਵੇ, ਪਰਮੇਸ਼ਰ ਹੁੰਦੈ । ਪੂਜਣਯੋਗ ...।" ਫਿਰ ਘਰ ਵੀ ਤਾਂ ਇਸੇ ਦਾ ਹੈ ।

ਮੇਰੇ ਕੋਲੋਂ ਮੰਜਾ ਡਾਹਿਆ ਗਿਆ । ਇਹ ਬੈਠਿਆ ਨਹੀਂ । ਘਰ ਨੂੰ ਨੀਝ ਨਾਲ ਦੇਖੀ ਜਾ ਰਿਹਾ । ਦਿਲ 'ਚ ਹੂਕ ਜਿਹੀ ਉਠੀ, ਕਦੀ ਮੈਨੂੰ ਵੀ ਏਕਣ ਦੇਖਦਾ ਚੰਦਰਿਆ ।

ਮੰਜੇ ਉਤੇ ਬੈਠਣ ਲੱਗੇ ਨੇ ਗੋਡੇ ਉਤੇ ਹੱਥ ਰੱਖਿਆ । ਮੂੰਹੋਂ 'ਹਾਏ' ਨਿਕਲਿਆ । ਗੋਡਿਆਂ ਦੇ ਦਰਦ ਕਰਕੇ ।

ਕੀ ਹੋਇਆ? ਕਹਿੰਦਿਆ ਮੂੰਹ ਮਸੀਂ ਰੋਕਿਆ । .....ਹੁਣ ਮੇਰਾ ਇਹਦੇ ਨਾਲ ਕੀ ਸੰਬੰਧ, ਮੈਂ ਤਾਂ ਇਹਨਾਂ ਦੀ ਸਿਣਕੀ – ਭਿਣਕੀ ਹੋਈ ਆਂ ।

ਰਸੋਈ 'ਚ ਜਾਕੇ ਅੱਖਾਂ ਸਾਫ਼ ਕੀਤੀਆਂ । ਚੰਦਰੀਆਂ ਐਵੇਂ ਵਗ ਤੁਰੀਆਂ ਨੇ । ਇਹ ਆਇਆ ਕਿਉਂ ਏ ? ਮੇਰੇ ਸੁੱਕੇ ਜ਼ਖਮ ਹਰੇ ਕਰਨ । ਕਿਤੇ ਉਸ ਰੰਡੀ ਨੇ ਇਹਨੂੰ ਵੀ ਸਿਣਕ ਤਾਂ ਨਹੀਂ ਦਿੱਤਾ । ਸਭ ਕੁਛ ਆਪਣੇ ਹੱਥ ਕਰਕੇ ਖਸਕੇਰ ਦਿੱਤਾ । ਜਾਂ ਸੰਤਾਂ ਦੇ ਬਚਨ ਪੂਰੇ ਹੋ ਗਏ ਹਨ, "ਉਹਨੇ ਇਕ ਦਿਨ ਮੁੜ ਆਉਣੈ ਜਦੋਂ ਦਾਤੇ ਦੀ ਨਜ਼ਰ ਸਵੱਲੀ ਹੋ ਗਈ ।" ਹੁਣ ਇਸ ਸਵੱਲੀ ਨਜ਼ਰ ਦਾ ਕੀ ਕਰਨਾ । ਅਗਲੇ ਜਹਾਨ ਜਾਣ ਦੀ ਤਿਆਰੀ ਆ । ਉਹ ਵੀ ਜੱਗੋਂ -ਜਹਾਨੋਂ ਖਾਲੀ। 'ਹੇ ਰੱਬ ਸੱਚਿਆ ਅਗਲੇ ਜਨਮ ਤੀਵੀਂ ਦੀ ਜੂਨ ਨਾ ਪਾਈਂ, ਜਾਂ ਫਿਰ ਝੋਲੀ ਖਾਲੀ ਨਾ ਰੱਖੀਂ ।' ਦਿਲ 'ਚ ਅੱਗ ਜਿਹੀ ਮੱਚਦੀ ਹੈ, 'ਅੱਛਾ ਦੀਪੋ ਰੰਡੀਏ, ਤੈਨੂੰ ਅਗਲੇ ਜਹਾਨ ਢੋਈ ਨਾ ਮਿਲੇ।'

'ਸ਼ਾਂਤ ਬੱਚਾ, ਸ਼ਾਂਤ ।' ਸੰਤਾਂ ਦੇ ਬਚਨ ਗੂੰਜੇ ਨੇ ।

ਪਾਣੀ ਦਾ ਗਿਲਾਸ ਭਰਿਆ । ਉਸ ਵੱਲ ਤੁਰ ਪੈਂਦੀ ਹਾਂ । ਪਤਾ ਨਹੀਂ ਇਹ ਕੰਮ ਮੇਰੇ ਕੋਲੋਂ ਕੌਣ ਕਰਵਾਈ ਜਾ ਰਿਹਾ ।

ਗਿਲਾਸ ਫੜਦਾ ਬੋਲਿਆ, "ਕਮਜ਼ੋਰ ਬੜੀ ਹੋਗੀ.....ਸਰੀਰ ਢਿੱਲਾ।"

ਉਹਨੀਂ ਪੈਰੀਂ ਵਾਪਸ ਮੁੜ ਆਈ । ਜੁਆਬ 'ਚ ਕੋਇਆਂ 'ਚ ਪਾਣੀ ਸਿੰਮ ਆਇਆ । ਕਾਹਲੀ-ਕਾਹਲੀ ਰਸੋਈ 'ਚ ਜਾ ਬੜੀ, 'ਚੰਦਰਿਆ ਕਦੇ ਸਰੀਰਾਂ ਤੋਂ ਅੱਗੇ ਵੀ ਝਾਕ ਲਿਆ ਕਰ। ਹਰੇਕ ਦੇ ਆਤਮਾ ਹੁੰਦੀ ਐ । ਮਨ ਵੀ ਹੁੰਦੈ ।

ਪਰ ਜਿਹੜੇ ਬੰਦੇ ਨੇ ਸਾਰੀ ਉਮਰ ਸਰੀਰ ਈ ਦੇਖੇ ਹੋਣ । ਮੈਨੂੰ ਕਹਿੰਦਾ ਹੁੰਦਾ ਸੀ, "ਰੱਬ ਨੇ ਤੈਨੂੰ ਵੀ ਅਜੂਬਾ ਈ ਬਣਾਇਆ...ਢਿੱਲੇ ਜਿਹੇ ਗੁੜ ਵਰਗਾ ਸਰੀਰ, ਜਿਧਰ ਮੋੜੋ ਮੁੜ ਜਾਂਦੈ । ਮੋਟੇ - ਮੋਟੇ ਨੈਣ ਨਕਸ਼ ਥੱਪਤੇ । ਦਿਮਾਗ 'ਚ ਤੂੜੀ ਭਰਤੀ । ਬੱਸ ਇਕ ਗੱਲ ਕਰਤੀ ਉਤੇ ਚਿੱਟੇ ਰੰਗ ਦੀ ਕੂਚੀ ਫੇਰ ਤੀ । ਮੈਂ ਭੋਲਾ ਪੰਛੀ ਚਿੱਟਾ ਰੰਗ ਦੇਖ ਕੇ ਫਸ ਗਿਆ..... ।

ਅੱਛਾ ਮੀਤ ਬੰਦਿਆ ਰੱਬ ਦੇਖਦਾ ਸਾਰਾ ਕੁਛ । ਤੈਂ ਬਥੇਰੇ ਜ਼ੁਲਮ ਕਮਾਏ ਨੇ ਮੇਰੇ ਨਾਲ ਉਸ ਰੰਡੀ ਪਿੱਛੇ ਲੱਗਕੇ ......ਤੈਨੂੰ ਤਾਂ ਮੈਂ ਕੋਈ ਦੁਰ-ਅਸੀਸ ਵੀ ਨਹੀਂ ਦੇ ਸਕਦੀ ।

ਸੋਚਦੀ ਸੀ ਪਾਨੀ ਪੀ ਕੇ ਚਲਾ ਜਾਵੇਗਾ । ਇਹ ਮੰਜੇ ਉਤੇ ਟੇਢਾ ਹੋ ਗਿਆ । ਹਾਰ ਕੇ ਚਾਹ ਧਰ ਦਿੱਤੀ । ਧੂੰਆਂ ਮੇਰੇ ਵੱਲ ਆਉਣ ਲੱਗਾ, ਮਾਂ ਕਹਿੰਦੀ ਹੁੰਦੀ ਸੀ, "ਨੀ ਸੀਬੋ ਤੂੰ ਸਹੁਰਿਆਂ ਨੂੰ ਪਿਆਰੀ ਹੋਵੇਂਗੀ। ਜਦੋਂ ਵੀ ਚੁਲ੍ਹੇ 'ਚ ਅੱਗ ਬਲਦੀ ਏ ਧੂੰਆਂ ਤੇਰੇ ਵੱਲ ਆਉਣ ਲਗਦਾ"। ਇਹ ਚੰਦਰਾ ਐਵੇਂ ਮੇਰੀਆਂ ਅੱਖਾਂ ਗਾਲੀ ਜਾਂਦੈ ।ਮੈਨੂੰ ਤਾਂ ਏਥੇ ਕੋਈ ਵੀ ਇਹੋ ਜਿਹਾ ਨਹੀਂ ਮਿਲਿਆ ਜਿਹਦੇ ਮੋਢੇ 'ਤੇ ਸਿਰ ਰੱਖ ਕੇ ਦੁੱਖ ਰੋ ਸਕਾਂ ।

ਅੱਜ ਤਿੰਨ ਦਿਨ ਹੋ ਗਏ ਨੇ ।ਅੰਦਰ ਪਿਆ ਰਹਿੰਦਾ । ਜੋ ਦਿੰਨੀ ਆਂ ਖਾ ਛੱਡਦਾ । ਹਨੇਰੇ-ਸਵੇਰੇ ਬਾਹਰ-ਅੰਦਰ ਜਾ ਆਉਂਦੈ । ਇਹ ਆਇਆ ਕਿਉਂ ਹੈ? ਨਾ ਤਾਂ ਇਹਨੇ ਦੱਸਿਆ ਨਾ ਹੀ ਮੇਰੀ ਪੁੱਛਣ ਦੀ ਹਿੰਮਤ ਪਈ ਹੈ । ਸ਼ਾਇਦ ਉਸ ਰੰਡੀ ਨੇ ਘਰੋਂ ਕੱਢ ਦਿੱਤਾ । ਜੇ ਘਰ ਦਾ ਪਾਲਿਆ ਕੁੱਤਾ ਬਿੰਦ ਕੁ ਨਾ ਦਿਸੇ ਤਾਂ ਲੱਭਣ ਲੱਗੀਦਾ । ਪਰ ਉਹਨੇ ਇਕ ਵਾਰ ਨੀ ਪੁੱਛਿਆ । ਨਾ ਲੱਭਿਆ।

ਮੇਰਾ ਪਾਠ ਵਿਚ ਮਨ ਨਹੀਂ ਲਗਦਾ । ਕੱਲ ਸਵੇਰੇ ਗੁਰਦੁਵਾਰੇ ਗਈ, ਮੱਥਾ ਟੇਕ ਕੇ ਉਹਨੀਂ ਪੈਰੀਂ ਮੁੜ ਆਈ । ਅੱਖਾਂ ਘੜੀ -ਮੁੜੀ ਵਗਣ ਲੱਗਦੀਆਂ ਨੇ । ਪੰਦਰਾਂ ਵਰ੍ਹੇ ਮਰ-ਮਰ ਕੇ ਜੀਵੀ, ਅੱਖ 'ਚ ਕਦੇ ਪਾਨੀ ਨਹੀਂ ਸੀ ਆਇਆ । ਜਿਵੇਂ ਬਰਫ ਬਣ ਗਿਆ ਸੀ । ਹੁਣ ਪਿਘਰੀ ਜਾਂਦਾ । ਕਸ਼ਮੀਰੇ ਦੀ ਮੌਤ 'ਤੇ ਵੀ ਏਨਾ ਈ ਰੋਈ ਸਾਂ । ਚੰਦਰਾ ਅਣ-ਆਈ ਮਾਰਿਆ ਗਿਆ । ਮਾੜੇ ਕੰਮਾਂ ਦੇ ਮਾੜੇ ਨਤੀਜੇ ਹੁੰਦੇ ਨੇ । ਚੰਦਰਾ ਆਹ ਫੀਮ-ਭੁਮ ਦੀ ਬਲੈਕ ਕਰਦਾ ਸੀ । ਅੱਡ ਹੋ ਕੇ ਤਾਹੀਉਂ ਏਨੀ ਸੋਹਣੀ ਕੋਠੀ ਖੇਤ 'ਚ ਛੱਤ ਲਈ ਸੀ । ਬਥੇਰਾ ਪੈਸਾ ਬਣਾ ਲਿਆ ਸੀ । ਪਰ ਆਪ ਨਾ ਵਰਤ ਸਕਿਆ। ਪੁਲਿਸ ਨਾਲ ਲੁਕਣ-ਮੀਟੀ ਖੇਡਦਾ ਕਾਰ ਸਮੇਤ ਨਹਿਰ ਵਿਚ ਜਾ ਡਿੱਗਾ । ਕਈ ਕਹਿੰਦੇ ਨੇ ਅਖੇ ਪੁਲਿਸ ਨਾਲ ਤਾਂ ਉਹ ਰਲ ਕੇ ਕੰਮ ਕਰਦਾ ਸੀ। ਕਾਰ ਦੇ ਬਰੇਕ ਫੇਹਲ ਹੋਗੇ । ਅੱਡ ਹੋ ਕੇ ਅਸੀਂ ਇਕ ਦੂਜੇ ਨਾਲ ਬੋਲ ਸਾਂਝਾ ਵੀ ਨਹੀਂ ਸੀ ਕੀਤਾ। ਮੁਸੀਬਤ ਪਈ ਤਾਂ ਭੱਜੇ ਗਏ । ਆਖਿਰ ਖੂਨ ਐ, ਤੜਫਦੈ । ਦੀਪੋ ਨੂੰ ਦੰਦਲਾਂ ਪਈ ਜਾਣ । ਕਦੀ ਉਹਨੂੰ ਸੰਭਾਲਦੀ। ਕਦੀ ਜੁਆਕ ਨੂੰ । ਕਦੀ ਆਈਆਂ ਮੁਕਾਣਾਂ ਨੂੰ । ਰੋ-ਰੋ ਬੁਰਾ ਹਾਲ । ਰਾਤੀਂ ਥੱਕ ਟੁੱਟ ਕੇ ਮੰਜੇ ਉਤੇ ਪੈਂਦੀ । ਇਕ ਰਾਤ ਭੈੜਾ ਜਿਹਾ ਸੁਪਨਾ ਆਇਆ । ਜਾਣੀ ਸੱਪ ਤੇ ਸੱਪਣੀ ਮਣੀ ਨਾਲ ਖੇਡਦੇ ਨੇ । ਇਕ ਹੋਰ ਸੱਪਣੀ ਆਈ, ਉਹਨੇ ਪਹਿਲੀ ਸੱਪਣੀ ਨੂੰ ਡੰਗ ਲਿਆ । ਸੱਪ ਤੇ ਮਣੀ ਲੈ ਕੇ ਤੁਰ ਗਈ । ਤ੍ਰਭਕ ਕੇ ਉਠੀ। ਇਹ ਪ੍ਰੇਤ ਦਿਸਣੇ ਚੰਗੇ ਨਹੀਂ ਹੁੰਦੇ । ਉਠ ਕੇ ਆਲਾ- ਦੁਆਲਾ ਦੇਖਿਆ। ਇਹਦੇ ਆਲਾ ਮੰਜਾ ਖਾਲੀ । ਇਹ ਦੂਜੇ ਕਮਰੇ 'ਚ ਬੈਠਾ ਧੌਲੇ ਚੁਗ ਰਿਹਾ ਸੀ । ਮੈਂ ਕੋਲ ਜਾ ਖੜ੍ਹੀ। ਇਹ ਤ੍ਰਭਕਿਆ । ਸ਼ੀਸ਼ਾ ਮੋਚਨਾ ਰੱਖ ਕੇ ਲਾਇਟ ਬੁਝਾ ਦਿੱਤੀ । ਮੈਨੂੰ ਬਾਹੋਂ ਫੜ ਕੇ ਕੋਲ ਬਿਠਾ ਲਿਆ। ਹੌਲੀ ਜਿਹੀ ਬੋਲਿਆ, "ਸਾਰੇ ਸਿਆਣੇ ਬੰਦੇ ਮੇਰੇ ਪਿੱਛੇ ਪਏ ਹੋਏ ਨੇ । .... ਜਿਵੇਂ ਕੰਜਰਖਾਨਾ ਕਰਕੇ ਦੀਪੋ ਅੱਡ ਹੋਈ ਸੀ, ਦਿਲ ਤਾਂ ਮੰਨਦਾ ਨੀ । ..ਪਰ ਇਨ੍ਹਾਂ ਸਿਆਣਿਆਂ ਦੀ ਕਿਵੇਂ ਮੋੜਾਂ ।.....ਨਾਲੇ ਹੋਰ ਕੋਈ ਰਾਹ ਵੀ ਨੀ ..ਸੋਨੂੰ ਅਜੇ ਨਿਆਣਾ....ਜੇ ਇਹਦੇ ਪੇਕੇ ਸਾਡੀ ਖਾਨਦਾਨੀ ਜ਼ਮੀਨ 'ਚ ਬੜੇ , ਹਿੱਕ 'ਤੇ ਸੱਪ ਲਿਟਣੇ ਨੇ । ....ਉਂ ਤੂੰ ਇਹਦੇ ਨਾਲੋਂ ਪਹਿਲਾਂ, ਇਹ ਦੋਇਮ 'ਤੇ ਰਹੂ .....ਰਲ ਮਿਲ ਕੇ .....ਮੁੱਠੀ ਮੀਚੀ ਰਹੂ .....।"



ਮੈਂ ਕੀ ਬੋਲਦੀ ।ਪੱਥਰ ਹੀ ਹੋ ਗਈ ।ਹੁਣ ਸਮਝ ਲੱਗੀ ਕਿਉਂ ਕਈਆਂ ਦਿਨਾਂ ਤੋਂ ਖੱਬੀ ਅੱਖ ਫਰਕਦੀ ਸੀ ।ਸੁੰਨ ਹੋਈ ਬੈਠੀ ਰਹੀ । ਇਹ ਪਤਾ ਨਹੀਂ ਕੀ-ਕੀ ਸਮਝਾ ਕੇ ਚਲਿਆ ਗਿਆ।

ਵੀਰ ਮੇਰੇ ਨੇ ਤਾਂ ਲਕੀਰ ਖਿੱਚ ਲਈ ਸੀ, ਕਹਿੰਦਾ ਮੈਂ ਨੀ ਇਹ ਕੰਮ ਹੋਣ ਦੇਣਾਂ। ਮੈਂ ਹੀ ਉਹਨੂੰ ਰੋਕਿਆ ਸੀ, "ਰਹਿਣ ਦੇ ਵੀਰਾ, ਮੈਂ ਆਪਣੇ ਕਰਮ ਖਾਣੇ ਨੇ, ਰੱਬ ਖਬਰੇ ਕਿਹੜੀ ਗੱਲੋਂ ਰਾਜੀ ਐ ।"

ਕਸ਼ਮੀਰੇ ਦੇ ਭੋਗ ਉਤੇ ਉਹਦੇ ਸਹੁਰਿਆਂ ਨੇ ਪੱਗ ਇਹਦੇ ਸਿਰ ਬੰਨ੍ਹ ਦਿੱਤੀ, ਮੇਰਾ ਰੋਣਾ ਸੁੱਕ ਗਿਆ । ਜੇ ਰੋਨੀ ਆਂ ਤਾਂ ਐਂ ਲੱਗੂ ਕਸ਼ਮੀਰੇ ਨੂੰ ਨੀ ਇਹਨੂੰ ਰੋਨੀ ਆਂ । ਮਰੇ ਆਦਮੀ ਨੂੰ ਰੋਣਾ ਹੋਰ ਗੱਲ ਐ, ਜਿਉਂਦੇ ਨੂੰ ਰੋਂਦੀ ਤਾਂ ਐਵੇਂ ਲੁੱਚੀ ਜਿਹੀ ਲੱਗਦੀ ਐਂ ।

ਸਮਝਦੀ ਸੀ ਮੇਰੇ ਹੇਠਾਂ ਲੱਗਕੇ ਰਹੂਗੀ ।ਅਸੀਂ ਉਹਨੂੰ ਸਹਾਰਾ ਦਿੱਤਾ ਸੀ ।ਇਹਨੇ ਉਹਦੀ ਬਹੁਤੀ ਕਦਰ ਨੀ ਕਰਨੀ, ਦੀਪੋ ਨੇ ਇਹਦੀ ਏਨੀ ਬੇਇਜ਼ਤੀ ਕੀਤੀ ਸੀ, ਇਹ ਉਹਨੂੰ ਘਾਹ ਪਾਨੀ ਨੀ ਪਾਉਣ ਲੱਗਿਆ । ਪਰ ਮੈਨੂੰ ਥੋੜ੍ਹੇ ਚਿਰ ਬਾਅਦ ਹੀ ਪਤਾ ਲੱਗ ਗਿਆ, ਪਹਿਲ-ਦੋਇਮ 'ਤੇ ਨਹੀਂ, ਮੈਂ ਤਾਂ ਲਾਗਣਾਂ ਨਾਲੋਂ ਵੀ ਮਾੜੀ ਆਂ । ਸਭ ਕੁੱਛ ਜਰ ਲੈਂਦੀ ਪਰ ਜਦੋਂ ਇਹ ਵੀ ਮੂੰਹ ਮੋੜ ਗਿਆ। ਕਸੂਰ ਮੇਰਾ ਵੀ ਸੀ । ਵਿਆਹ ਤੋਂ ਪਹਿਲਾਂ ਮੇਰਾ ਮੰਗਣਾ ਹੋਇਆ ਸੀ । ਮੀਤ ਵਿਆਹ ਤੋਂ ਮੁੱਕਰ ਗਿਆ । ਮੈਂ ਹੀ ਗੁਰਦੁਆਰੇ ਜਾਕੇ ਅਰਦਾਸ ਕੀਤੀ ਸੀ, 'ਹੇ ਮਹਾਰਾਜ ਇਹ ਕੰਮ ਸਿਰੇ ਚੜ੍ਹ ਜਾਵੇ, ਮੰਗਣਾ ਛੁੱਟੇ ਦਾ ਦਾਗ ਮੱਥੇ ਲੈ ਕੇ ਕਿੱਥੇ ਫਿਰੂੰਗੀ.....ਹੋਰ ਮੈਂ ਕੁੱਛ ਨਹੀਂ ਮੰਗਦੀ.....ਨਾ ਹੀ ਕਿਸੇ ਚੀਜ਼ ਦੀ ਲੋੜ ਐ। " ਪਰ ਜੀਉਂਦੇ ਜੀਆਂ ਦੀਆਂ ਲੋੜਾਂ ਕਿੱਥੇ ਮੁੱਕਦੀਆਂ ਨੇ । ਮੰਗਣ ਤਾਂ ਉਸੇ ਦਰ ਜਾਣਾ ਪੈਂਦਾ । ਹੁਣ ਸੋਚਦੀ ਆਂ ਸ਼ਾਇਦ ਇਸੇ ਕਰਕੇ ਮੇਰੀ ਗੋਦ ਸੁੰਨੀ ਐ ।

'ਪੱਗ ਬੰਨ੍ਹਾਉਣ' ਤੋਂ ਬਾਅਦ ਇਹ ਇਕ ਦਮ ਬਦਲ ਗਿਆ । ਸੰਤਾਂ ਆਖਿਆ ਦੋਵੇਂ ਪਤੀ-ਪਤਨੀ ਡੇਰੇ ਆਇਓ, ਝੋਲੀ ਫਲ ਪਾਵਾਂਗੇ । ਪਰ ਇਹ ਮੰਨਿਆ ਨਹੀਂ, ਕਹਿੰਦਾ ਬਥੇਰੀਆਂ ਜੁੱਤੀਆਂ ਘਸਾ ਲਈਆਂ ਤੇਰੇ ਨਾਲ ਫਿਰ ਫਿਰਕੇ । ਇਹਨੂੰ ਵਸ ਕਰਨ ਲਈ ਸੰਤਾਂ ਕੋਲੋਂ ਪੂਜਾ ਕਰਵਾ ਰਹੀ ਸਾਂ। ਸੋਨੂੰ ਮੇਰਾ ਬਹੁਤਾ ਕਰਦਾ ਸੀ । ਜਿਧਰ ਜਾਂਦੀ ਮੇਰੇ ਨਾਲ ਜਾਣ ਦੀ ਰਿਹਾੜ ਕਰਨ ਲੱਗਦਾ । ਇਹੋ ਜਿਹੇ ਕੰਮ ਤੁਰਦਿਆਂ ਜੇ ਬੱਚਾ ਹੱਸਦਾ ਮਿਲੇ ਸ਼ੁਭ ਹੁੰਦੈ । ਰੋਂਦਾ ਅਸ਼ੁਭ । ਇਹ ਸੋਚ ਕੇ ਸੋਨੂੰ ਰੋਵੇ ਨਾ ਸੰਤਾਂ ਤੋਂ ਲਿਆਂਦਾ ਪ੍ਰਸ਼ਾਦ ਉਹਨੂੰ ਦੇ ਦਿੱਤਾ । ਦੀਪੋ ਨੇ ਉਹਤੋਂ ਪ੍ਰਸ਼ਾਦ ਖੋਹ ਲਿਆ । ਲੱਗੀ ਮੈਨੂੰ ਗਾਲ੍ਹਾਂ ਕੱਢਣ । ਤਾਹਨਿਆਂ ਨਾਲ ਕਾਲਜਾ ਫੂਕਣ । ਅਖੇ 'ਪਹਿਲਾਂ ਟੂਣੇ-ਟਾਮਣਾਂ ਨਾਲ ਮੇਰਾ ਪਤੀ ਖੋਹ ਲਿਆ। ਹੁਣ ਮੇਰੇ ਪੁੱਤ ਦੇ ਪਿੱਛੇ ਪਈ ਹੋਈ ਏ ...।" ਕੀਰਨੇ ਪਾਉਣ ਲੱਗੀ ।

ਮੈਂ ਕੀ ਬੋਲਦੀ, 'ਕਾਹਨੂੰ ਭੈਣ ਜੀ ਇਹ ਪ੍ਰਸ਼ਾਦ ਆ।' ਉਹਨੂੰ ਆਪਣੇ ਰੌਲੇ-ਗੌਲੇ 'ਚ ਸੁਣਿਆ ਈ ਨਾ । ਮਨ 'ਚ ਆਈ ਆਖਾਂ, 'ਰੰਡੀਏ ਸਭ-ਕੁਛ ਤਾਂ ਤੂੰ ਮੇਰਾ ਸਾਂਭੀ ਫਿਰਦੀ ਏਂ। ਮੈਂ ਈ ਖਾਲਮ -ਖਾਲੀ ਆਂ ।

ਆਏ ਖਸਮ ਕੋਲ ਫਫੇਕੁਟਣੀ ਨੇ ਇਕ ਦੀਆਂ ਚਾਰ-ਚਾਰ ਲਾਕੇ ਦੱਸੀਆਂ । ਮੇਰੀ ਤਾਂ ਇਹ ਸੁਣਦਾ ਈ ਨੀ ਸੀ । ਕਹਿੰਦਾ । "ਜਾਹ ਚਾਰ ਦਿਨ ਪੇਕੀਂ ਲਾ ਆ।" ਨਾਂਹ ਕੀਤੀ । ਝਈਆਂ ਲੈ-ਲੈ ਪਵੇ । ਫਿਰ ਕਹਿੰਦਾ, "ਕਲੇਸ਼ ਮਾੜਾ ਹੁੰਦੈ । ਤੂੰ ਪਿੰਡ ਆਲੇ ਘਰ 'ਚ ਰਹਿ......ਉਹ ਕਹਿੰਦੀ ਆ, 'ਜਾਂ ਇਹ ਘਰ ਰਹੂ ਜਾਂ ਮੈਂ", ਜੇ ਤੂੰ ਏਥੇ ਰਹੀ ਇਕ ਦੀ ਖੈਰ ਨੀ । ਘਰ ਪੱਟਿਆ ਜਾਊ।"

ਮੈਂ ਏਥੇ ਆ ਬੈਠੀ । ਕਈ ਦਿਨ ਅੰਦਰੋਂ ਨਾ ਨਿਕਲੀ । ਕਿਸੇ ਦੇ ਮੱਥੇ ਲੱਗਣ ਨੂੰ ਚਿੱਤ ਨਾ ਕਰੇ। ਜਿਵੇਂ ਮੈਂ ਵੱਡੀ ਗੁਨਹਾਗਾਰ ਹੋਵਾਂ । ਉਹ ਰੰਡੀ ਨੂੰ ਸ਼ਰਮ ਨਾ ਹਿਆ, ਲੋਕਾਂ ਕੋਲ ਕਹੇ - ਅਸੀਂ 'ਸਿਣਕ-ਭਿਣਕ ਤੀ।'

ਦੁਰਅਸੀਸ ਮੇਰੇ ਕੋਲੋਂ ਨਿਕਲ ਗਈ, 'ਤੈਨੂੰ ਦੋਹਾਂ ਜਹਾਨਾਂ 'ਚ ਢੋਈ ਨਾ ਮਿਲੇ, ਮੈਂ ਹੀ ਥੋਨੂੰ ਸਿਣਕ-ਭਿਣਕ ਤਾ।'

ਸੰਤਾਂ ਆਖਿਆ 'ਰਿਸ਼ਤੇ ਕੋਈ ਵਗ ਰਿਹਾ ਨੱਕ ਨਹੀਂ ਹੁੰਦੇ । ਇਹ ਪਰਮਾਤਮਾ ਦੀ ਮਰਜੀ

ਨਾਲ ਜੁੜਦੇ ਨੇ । ਉਹਨੇ ਇਕ ਦਿਨ ਮੁੜ ਅਉਣੈ, ਜਦੋਂ ਦਾਤੇ ਦੀ ਨਜ਼ਰ ਸਵੱਲੀ ਹੋਈ ।

ਸੰਤਾਂ ਦੀ ਰੀਲ ਲਾ ਕੇ ਟੇਪ ਰਿਕਾਰਡ ਦਾ ਬਟਨ ਦੱਬ ਦਿੰਦੀ ਹਾਂ । ਗੁਰਦੁਆਰਾ ਸਾਹਿਬ ਨੂੰ ਤੁਰ ਜਾਂਦੀ ਹਾਂ । ਉਸ ਘਰ ਸ਼ਾਂਤੀ ਏ । ਸਕੂਨ ਏ ।

****** ****** ******

ਨਸੀਬੋ ਗੁਰਦੁਆਰੇ ਚਲੀ ਗਈ । ਮੇਰੇ ਸਿਰਹਾਣੇ ਆਹ ਟੇਪ ਰਿਕਾਰਡ ਜਿਹੀ ਚਲਾਗੀ । ਕੋਈ ਸਾਧ ਪ੍ਰਪਨਾ 'ਪ੍ਰਵਚਨ' ਸੁਣਾ ਰਿਹਾ ।

ਇਹ ਹੁਣ ਗੁਰਦੁਆਰੇ ਕੀ ਮੰਗਣ ਜਾਂਦੀ ਐ ਭਲਾਂ ?

ਊਂ ਦਿਲ ਕਰਦਾ ਇਹਦੇ ਨਾਲ ਗੁਰਦੁਆਰੇ ਜਾਵਾਂ । ਇਹ ਮੈਨੂੰ ਨਾਲ ਜਾਣ ਲਈ ਆਖੇ । ਇਹਦੇ ਅਗਲੇ-ਪਿਛਲੇ ਉਲਾਂਭੇ ਲਾਹੁਣ ਨੂੰ ਦਿਲ ਕਰਦਾ। ਇਹਤੇ ਤਰਸ ਜਿਹਾ ਆਉਂਦੈ । ਪਰ ਇਹ ਤਾਂ ਮੇਰੇ ਨਾਲ ਬੋਲਦੀ ਹੀ ਨਹੀਂ । ਉਠਦੀ-ਬਹਿੰਦੀ, ਤੁਰਦੀ-ਫਿਰਦੀ ਹਉਕੇ ਜਿਹੇ ਭਰ-ਭਰ ਬਾਖਰੂ-ਬਾਖਰੂ ਕਰੀ ਜਾਂਦੀ ਹੈ । ਤਿੰਨ ਦਿਨ ਹੋ ਗਏ ਇਧਰ ਆਏ ਨੂੰ । ਇਹਨੇ ਨੀ ਬੋਲ ਸਾਂਝਾ ਕੀਤਾ।

ਉਹ ਵੀ ਸਮਾਂ ਸੀ ਜਦੋਂ ਇਹਦੇ ਕੋਲ ਪਲ ਠਹਿਰਨ ਨੂੰ ਵੀ ਮਨ ਨਾ ਕਰਦਾ । ਪਰ ਹੁਣ.... ਆਦਮੀ ਤਾਂ ਟੁੱਟਿਆ ਹੋਇਆ ਪੱਤਾ ਹੁੰਦਾ, ਉਹਨੂੰ ਮਨ ਹਵਾ ਕੇ ਬੁੱਲੇ ਵਾਂਗ ਕਿਤੇ ਦਾ ਕਿਤੇ ਲੈ ਜਾਂਦਾ । ਹੁਣ ਇਹੋ ਮਨ ਚਾਹੁੰਦਾ ਨਸੀਬੋ ਮੇਰੇ ਨਾਲ ਗੱਲਾਂ ਕਰੇ । ਅਲਕਤ ਜਿਹੀ ਆਉਂਦੀ ਜਿਵੇ 'ਬੇਲੋੜਾ ਸ਼ੋਰ ਸਿਰ 'ਚ ਵਜਦੈ। ਇਹਦਾ ਹਰ ਕੰਮ ਕੁਚੱਜਾ ਲੱਗਦਾ । ਹੋਰ ਤਾਂ ਹੋਰ ਇਹਦੀ ਗੁਰਦੁਆਰੇ ਨਾਲ ਲਿਜਾਣ ਦੀ ਜ਼ਿੱਦ ਵੀ ਬੇਥਵੀ ਲੱਗਦੀ, ਭਾਵੇਂ ਇਹ ਜੋ ਗੁਰਦੁਆਰੇ ਮੰਗਣ ਜਾਂਦੀ ਸੀ ਉਹਦੀ ਮੈਨੂੰ ਵੀ ਲੋੜ ਸੀ । ਪਹਿਲਾਂ ਮੈਂ ਇਹਦੇ ਨਾਲ ਜਾਂਦਾ ਵੀ ਰਿਹਾ । ਡਾਕਟਰਾਂ, ਬਾਬਿਆਂ, ਸਾਧੂਆਂ, ਮੰਦਰਾਂ ਮਸੀਤਾਂ ਜਿੱਥੇ ਆਖਦੀ ਨਾਲ ਜਾਂਦਾ। ਹਾਰ ਕੇ ਮਨ ਸਮਝਾ ਲਿਆ, 'ਇਹ ਕੱਲਰਕਾਠੀ 'ਚ ਕੁੱਛ ਨੀ ਉਗਣਾ।'

ਇਹ ਜਿੰਨਾ ਮਰਜ਼ੀ ਦਿਖਾਵਾ ਕਰੇ । ਅੰਦਰੋਂ ਟੁੱਟੀ ਪਈ ਹੈ । ਇਹਨੂੰ ਤੋੜਨ ਲਈ ਮੈਂ ਜਿੰਮੇਵਾਰ ਹਾਂ । ਮੈਂ ਵੀ ਕੀ ਕਰਦਾ, ਟੁੱਟੇ ਪੱਤੇ ਵਾਂਗ ਮਨ ਦੇ ਆਖੇ ਲੱਗਿਆ ਉਡਿਆ ਫਿਰਦਾ ਰਿਹਾ। ਦੀਪੋ ਦੇ ਰੂਪ ਨੇ ਮੈਨੂੰ ਪਾਗਲ ਕਰ ਦਿੱਤਾ ਸੀ । ਕਾਲਾ ਜਾਦੂ ਸੀ ਓਸ ਕੋਲ । ਇਕ ਵਾਰ ਬੰਦੇ ਦੇ ਸਿਰ 'ਚ ਪਾਤਾ। ਬੰਦਾ ਪਿੱਛੇ-ਪਿੱਛੇ । ਜਦੋਂ ਪਹਿਲੀ ਵਾਰ ਧਿਆਨ ਨਾਲ ਦੇਖਿਆ ਆਹੀ ਉਟੇ ਕੋਲੇ ਬੈਠੀ ਰੋਟੀਆਂ ਪਕਾ ਰਹੀ ਸੀ । ਬਾਹਾਂ 'ਚ ਤਾਲ ਨਾਲ ਖੜਕਦੀਆਂ ਚੂੜੀਆਂ ਨੇ ਮੇਰਾ ਧਿਆਨ ਖਿੱਚਿਆ ਸੀ । ਉਹ ਆਟੇ ਦਾ ਪੇੜਾ ਕਰਦੀ । ਪਰੇਥਣ ਲਾਉਂਦੀ । ਚਕਲੇ ਉਤੇ ਰੱਖ ਕੇ ਵੇਲਣੇ ਨਾਲ ਵੇਲਦੀ । ਫਿਰ ਹੱਥਾਂ 'ਚ ਚੱਕ ਕੇ ਇਧਰ-ਉਧਰ ਥਪੇੜੇ ਮਾਰਦੀ । ਤਵੇ ਉਤੇ ਪਾ ਦੇਂਦੀ। ਜਿਵੇਂ ਕੋਈ ਜਾਦੂਗਰ ਜਾਦੂ ਦੇ ਟਰਿਕ ਦਿਖਾ ਰਿਹਾ ਹੋਵੇ । ਪਰਾਂਤ ਵਿਚ ਗੁੰਨ੍ਹਿਆ ਪਿਆ ਜਿਵੇਂ ਆਟਾ ਨਾ ਹੋਵੇ ਮੈਂ ਹੋਵਾਂ । ਚੁਲ੍ਹੇ ਦੀ ਅੱਗ ਦੀ ਲੋਅ ਨਾਲ ਗੱਲ੍ਹਾਂ ਦੀ ਲਾਲੀ ਹੋਰ ਭੜਕ ਉਠਦੀ । ਅੱਗ ਸਹਮਣੇ ਅੱਗ ਬੈਠੀ ਸੀ । ਉਹਦੇ ਹਰ ਅੰਗ, ਹਰ ਹਰਕਤ ਵਿਚ ਸਲੀਕਾ ਸੀ । ਰੱਬ ਨੇ ਦੁਨੀਆਂ ਬਣਾਈ, ਉਹਦੇ ਅੰਗ ਲਗਾਏ ਲੋੜਾਂ ਪੂਰੀਆਂ ਕਰਨ ਲਈ ਪਰ ਜਦੋਂ ਦੀਪੋ ਬਣਾਈ ਤਾਂ ਉਹਦਾ ਮਕਸਦ ਕੋਈ ਹੋਰ ਵੀ ਹੋਣਾਂ।

ਮੈਂ ਕਮਲਾ ਜਿਹਾ ਹੋ ਗਿਆ। ਕੀੜਿਆਂ ਆਲੇ ਕੁੱਤੇ ਵਾਂਗੂੰ ਚੈਨ ਈ ਨਾ ਆਵੇ । ਬੱਸ ਦੀਪੋ ਬਾਰੇ ਹੀ ਸੋਚੀ ਜਾਂਦਾ । ਹੋਰ ਕੁਛ ਸੋਚਣਾ ਮੇਰੇ ਵਸ 'ਚ ਨਹੀਂ ਸੀ । ਟਰੈਕਟਰ ਲੈ ਕੇ ਮੋਟਰ 'ਤੇ ਜਾਣਾਂ। ਬੇਧਿਆਨੇ ਐਕਸੀਡੈਂਟ ਹੋਣੋ ਕਈ ਵਾਰ ਬਚਿਆ। ਪਸ਼ੂਆਂ ਲਈ ਪੱਠੇ ਵੱਢਦੇ ਨੇ ਹੱਥ ਵਢਾ ਲੈਣਾਂ । ਕਿਆਰੇ 'ਚ ਪਾਣੀ ਵੱਟਾਂ ਉਪਰੋਂ ਲੰਘੀ ਜਾਣਾਂ, ਅੱਗੇ ਨੱਕਾ ਨਾ ਛੱਡਣਾ, ਬੱਸ ਦੀਪੋ ਬਾਰੇ ਹੀ ਸੋਚੀ ਜਾਣ। ਕਈ ਵਾਰ ਕਸ਼ਮੀਰੇ 'ਤੇ ਗੁੱਸਾ ਆਉਂਦਾ, ਸਾਲਾ ਮੋਟੀ ਮੱਤ ਦਾ ਘਰੇ ਈ ਨੀ ਬੜਦਾ । ਜੇ ਇਹ ਮੇਰੀ ਘਰਵਾਲੀ ਹੁੰਦੀ ਮੈਂ ਘਰੋਂ ਨਾ ਨਿਕਲਦਾ । ਸੱਥ ਮੇਰੇ ਕੋਲੋਂ ਛੁੱਟ ਗਈ ਸੀ । ਖੇਤ ਜਾ ਕੇ ਮਨ ਘਰ ਜਾਣ ਨੂੰ ਕਾਹਲਾ ਪੈਣ ਲੱਗਦਾ । ਕਸ਼ਮੀਰੇ ਨਾਲ ਖਾਰ ਹੋਣ ਲੱਗੀ । ਸਾਨੂੰ ਦੋਵਾਂ ਭਰਾਵਾਂ ਨੂੰ ਇਕੋ



ਜਿੰਨੀ ਜਮੀਨ ਸੀ, ਸ਼ਕਲਾਂ ਦਾ ਉਨੀ ਇੱਕੀ ਦਾ ਫਰਕ। ਮੈਂ ਖੇਤੀ ਦਾ ਕੰਮ ਚੱਕੀ ਫਿਰਦਾ । ਉਹ ਲੰਡੂ ਵੈਲੀਆਂ ਨਾਲ ਤੁਰਿਆ ਰਹਿੰਦਾ । ਫਿਰ ਵੀ ਉਹਨੂੰ ਦੁਨੀਆਂ ਦੀ ਸਭ ਤੋਂ ਸੁਹਣੀ ਤੀਵੀਂ ਮਿਲੀ ਸੀ । ਮੈਨੂੰ ਇਹ, ਉਹ ਵੀ ਫੰਡਰ । ਇਹ ਗੁਰਦੁਆਰੇ ਪਾਠੀ ਬੋਲਦੇ ਨਾਲ ਜਾਂਦੀ, ਮੈਂ ਵੀ ਨਾਲ ਚਲਿਆ ਜਾਂਦਾ। ਦੀਪੋ ਦੇ ਆਉਣ ਬਾਅਦ ਇਹਦੇ ਨਾਲ ਜਾਣ ਨੂੰ ਦਿਲ ਨਾ ਕਰੇ। ਇਹਨੇ ਨਾਲ ਜਾਣ ਲਈ ਕਿਹਾ । ਮੈਂ ਕਿਹਾ, "ਤੂੰ ਕੱਲੀ ਹੀ ਜਾ ਆ, ਨਹੀਂ ਤੂੰ ਵੀ ਰਹਿਣ ਦੇ। ਪਾਠੀ ਸਪੀਕਰ 'ਚ ਪਾਠ ਕਰਦਾ ਘਰੇ ਈ ਸੁਣ ਜਾਂਦਾ ।" ਮੇਰਾ ਧਿਆਨ ਪਾਠ ਵੱਲ ਕਿੱਥੇ ਸੀ, ਧਿਆਨ ਤਾਂ ਦੀਪੋ ਦੀਆਂ ਝਾਂਜਰਾਂ ਦੀ ਛਣਕਾਹਟ ਵੱਲ ਸੀ । ਉਹ ਸਵੇਰੇ ਉਠ ਕੇ ਕੰਮ ਕਰਦੀ ਫਿਰਦੀ। ਬਿਨਾਂ ਉਸ ਵੱਲ ਦੇਖਿਆਂ ਦੱਸ ਸਕਦਾ ਸੀ ਕਦੋਂ ਪੈਰ ਚੁੱਕੇਗੀ ਕਦੋਂ ਰੱਖੇਗੀ । ਪਰ ਉਸ ਵੱਲ ਦੇਖਿਆ ਜਾਂਦਾ, ਆਨੀਂ ਬਹਾਨੀਂ ਨੇੜੇ ਹੋਣ ਦੀ ਕੋਸ਼ਿਸ਼ ਕਰਦਾ । ਪਰ ਉਹ ਦਿਲ 'ਚ ਕੁਛ ਪਿਘਰਨ ਲਾ ਕੇ ਔਹ ਗਈ-ਔਹ ਗਈ । ਉਸ ਵੇਲੇ ਇਹ ਅਖੌਤ ਮੇਰੇ 'ਤੇ ਢੁਕਦੀ ਸੀ, 'ਅਹਿਮਕ ਕੁੱਤਾ ਮਿਰਗਾਂ ਦੇ ਮਗਰ ।'

ਉਸ ਵੇਲੇ ਅੱਲ੍ਹੜ ਉਮਰੋਂ ਟੱਪ ਗਿਆ ਸਾਂ। ਉਸ ਉਮਰ 'ਚ ਸਾਂ ਜਦੋ ਬੰਦਾ ਆਪਣਾ ਚੰਗਾ ਮਾੜਾ, ਇੱਜ਼ਤ-ਬੇਇਜ਼ਤੀ, ਨਫਾ-ਨੁਕਸਾਨ ਬਾਰੇ ਸੋਚ ਕੇ ਕਦਮ ਪੁੱਟਦਾ । ਪਰ ਕਦਮ ਮੇਰੇ ਕਾਬੂ 'ਚ ਕਿੱਥੇ ਸਨ । ਪੱਤੇ ਵਾਂਗ ਸਾਂ ਜਿਹਨੂੰ ਮਨ ਹਵਾ ਦੇ ਬੁੱਲੇ ਵਾਂਗ ਉਡਾਈ ਫਿਰਦਾ ਸੀ ।

'..... ਮਨ ਬੜਾ ਚੰਚਲ ਹੈ .... ਇਹ ਬੜਾ ਪਾਪੀ ਹੈ ।' ਸੰਤ ਪ੍ਰਵਚਨ ਸੁਣਾ ਰਿਹਾ ਸੀ ।

"ਵੀਰ ਜੀ ਕੱਟਾ ਤਾਂ ਛੱਡਿਉ।" ਉਸ ਦਿਨ ਦੀਪੋ ਨੇ ਆਪ ਬੁਲਾਇਆ ਸੀ । ਪਹਿਲੀ ਵਾਰ। ਉਹ ਮੱਝਾਂ ਦੀਆਂ ਧਾਰਾਂ ਕੱਢ ਰਹੀ ਸੀ । ਕੱਟਾ ਤਾਂ ਮੈਂ ਛੱਡ ਦਿੱਤਾ ਪਰ ਇਹ ਸ਼ਬਦ ....'ਕੱਟਾ ਤਾਂ ਛੱਡਿਉ ....ਕੱਟਾ ਤਾਂ ਛੱਡਿਉ ......ਕੱਟਾ ਛੱਡਿਉ .....ਕੱਟਾ ।' ਕੱਟਾ ਛੱਡਣ ਨੂੰ ਤਾਂ ਕਦੋਂ ਦਾ ਫਿਰਦਾ ਸਾਂ । ਮਨ 'ਚ ਆਈ ਜਾਂਦਾ ਮਨਾਂ ਕੱਟਾ ਛੱਡ, ਜੇ ਲਾਹ ਲਿਆ ਤਾਂ ਮੌਜ ਕਰੀਂ, ਲੱਤ ਮਾਰਗੀ ਤਾਂ ਦੇਖੀ ਜਾਊ । ਮੇਰੇ ਅੰਦਰੋਂ ਕੋਈ ਬੋਲਦਾ, ਇਹ ਗਲਤ ਹੈ। ਕਿਉਂ ਇਹੋ ਜਿਹੀਆਂ ਫਜ਼ੂਲ ਬੇਤੁਕੀਆਂ ਸੋਚੀ ਜਾ ਰਿਹਾਂ । ਰਿਸ਼ਤਾ ਤਾਂ ਦੇਖ ਤੇਰਾ-ਉਹਦਾ ਕੀ ਹੈ । ....ਪਰ ਸਾਲੇ ਰਿਸ਼ਤੇ ਵੀ ਤਾਂ ਆਪਣੇ ਈ ਬਣਾਏ ਹੋਏ ਨੇ । ਜੇ ਇਹਦੇ ਨਾਲ ਮੇਰਾ ਵਿਆਹ ਹੋਇਆ ਹੁੰਦਾ । ਇਹ ਮੇਰੀ ਘਰ ਵਾਲੀ ਹੁੰਦੀ। ਜੋ ਹਊਗਾ ਦੇਖੀ ਜਾਊ, ਮਨਾਂ ਛੱਡ ਕੱਟਾ ।

ਇਹ ਉਹੀ ਦੀਪੋ ਵਾਲੀ ਬੈਠਕ ਆ ਜਿੱਥੇ ਕੱਟਾ ਛੱਡਿਆ ਸੀ ।

ਮੱਸਿਆ ਦਾ ਦਿਨ ਸੀ । ਨਸੀਬੋ ਸੰਤ ਦੇ ਡੇਰੇ ਦਵਾਈ ਖਾਣ ਜਾਂਦੀ ਹੁੰਦੀ । ਉਥੇ ਬਾਂਝ ਤੀਵੀਆਂ ਨੂੰ ਪਹੁ ਫੁਟਾਲੇ ਤੋਂ ਪਹਿਲਾਂ ਦਹੀਂ ਨਾਲ ਦਵਾਈ ਖਿਲਾਈ ਜਾਂਦੀ । ਕਈ ਮੱਸਿਆ ਉਹਦੇ ਨਾਲ ਗਿਆ ਸਾਂ । ਇਹਨਾਂ ਪ੍ਰਪਨਿਆਂ ਨੂੰ ਮੰਨਦਾ ਨੀ ਪਰ ਦੁਖੀ ਹੋਇਆ ਬੰਦਾ ਸੌ ਪਾਸੇ ਹੱਥ ਪੈਰ ਮਾਰਦਾ । ਖੇਤ ਵਾਹ ਰਿਹਾ ਸੀ । ਨਸੀਬੋ ਆਪਣੇ ਬਾਪ ਨਾਲ ਦਵਾਈ ਖਾਣ ਗਈ । ਕਸ਼ਮੀਰਾ ਸ਼ਹਿਰੋਂ ਦਿਨ ਖੜ੍ਹੇ ਹੀ ਮੁੜ ਆਇਆ । ਉਹਨੂੰ ਦੇਖ ਟਰੈਕਟਰ ਰੋਕ ਮੋਟਰ 'ਤੇ ਆ ਗਿਆ । ਉਹ ਅੰਗਰੇਜੀ ਸ਼ਰਾਬ ਦੀ ਬੋਤਲ ਲਈ ਫਿਰਦਾ ਸੀ । ਕਹਿੰਦਾ ਘਰੇ ਜਾ ਕੇ ਫਰਿਜ 'ਚ ਰੱਖਦਾਂ । ਆਜੀਂ ਪੀਵਾਂਗੇ । ਪਰ ਮੈਂ ਮੋਟਰ 'ਤੇ ਹੀ ਪੀਣ ਦਾ ਸਾਮਾ ਬਣਾ ਲਿਆ । ਉਹ ਬੋਤਲ ਮੁੱਕੀ । ਘਰ ਦੀ ਕੱਢੀ ਦਾਰੂ ਦੀ ਬੋਤਲ ਲੈ ਆਇਆ । ਉਹਨੂੰ ਡਬਲ ਪੈਗ ਦਿੱਤੇ । ਆਪ ਪੈਰਾਂ ਸਿਰ ਰਿਹਾ। ਉਹ ਨਸ਼ੇ 'ਚ ਟੱਲੀ ਹੋ ਗਿਆ । ਹਨੇਰਾ ਬਹੁਤ ਹੋ ਗਿਆ ਸੀ। ਅੱਜ ਕੱਟਾ ਛੱਡਣ ਦਾ ਮੌਕਾ ਸੀ । ਟਰੈਕਟਰ ਦੀ ਥਾਂ ਮੋਟਰ - ਸਾਇਕਲ ਚੱਕਿਆ । ਟਰਾਂਸਫਾਰਮਰ ਦੀ ਸੁੱਚ ਸਿੱਟ ਕੇ ਸਾਰੇ ਪਿੰਡ ਨੂੰ ਹਨੇਰੇ 'ਚ ਡਬੋ ਦਿੱਤਾ । ਘਰ ਜਾ ਕੇ 'ਕੱਟਾ ਛੱਡਿਆ' । ਜਿਵੇਂ ਮੱਝ ਧਾਰ ਕੱਢਣ ਵਾਲਾ ਹੱਥ ਪਹਿਚਾਣਦੀ ਹੈ । ਦੀਪੋ ਨੇ ਹਨੇਰੇ 'ਚ ਵੀ ਮੈਨੂੰ ਪਛਾਣ ਲਿਆ । ਰੌਲਾ ਪਿਆ । ਦੋਵਾਂ ਭਰਾਵਾਂ ਦੇ ਸਿਰ ਪਾਟੇ । ਘਰ ਪਾਟਿਆ । ਕਸ਼ਮੀਰੇ ਨੇ ਖੇਤ 'ਚ ਕੋਠੀ ਪਾ ਲਈ ।

'.....ਕਾਮ ਤੇ ਕਰੋਧ, ਲੋਭ, ਮੋਹ, ਹੰਕਾਰ ਪੰਜ ਦੁਸ਼ਟ ਨੇ ਮਨੁੱਖ ਦੇ ....।' ਸੰਤ ਪ੍ਰਵਚਨ ਕਰ ਰਿਹਾ ਹੈ ।

ਕਾਮ ਤੇ ਮੋਹ ਜ਼ਿੰਦਗੀ 'ਚੋਂ ਕੱਢ ਦੇਈਏ ਬਾਕੀ ਬਚਦਾ ਈ ਕੁਛ ਨੀ । ਸਭ ਰਿਸ਼ਤੇ ਖਤਮ।

ਦੁਨੀਆਂ ਨਿਰਮੋਹੀ ਹੋ ਜਾਵੇ।ਮੇਰੀ ਜ਼ਿੰਦਗੀ 'ਚ ਵੀ ਕੀ ਬਚਿਆ ਸੀ, ਬੱਸ ਸਾਲਾ ਸੁੰਨਾਪਨ। ਘਰ ਵੱਢ - ਖਾਣ ਨੂੰ ਆਉਂਦਾ। ਖੇਤ ਇਸ ਲਈ ਜਾਂਦਾ, ਰਾਹ ਵਿਚ ਦੀਪੋ ਦੀ ਕੋਠੀ ਸੀ। ਜਿਸਨੂੰ ਪਰਸੋਂ ਛੱਡ ਆਇਆਂ। ਦੀਪੋ ਐਨੀ ਕੁੱਤੇ ਖਾਣੀ ਕਰਕੇ ਅੱਡ ਹੋਈ ਸੀ। ਫਿਰ ਵੀ ਉਹਦੇ ਬਾਰੇ ਸੋਚਿਆ ਜਾਂਦਾ। ਮੈਂ ਮਨ 'ਚ ਧਾਰ ਲਈ ਇਹਨੂੰ ਹਰ ਹੀਲੇ ਕਾਬੂ ਕਰਨਾਂ।

ਕਸ਼ਮੀਰੇ ਦੀ ਰੂਹ ਮੈਨੂੰ ਚੈਨ ਨੀ ਲੈਣ ਦਿੰਦੀ। ਕਹਿੰਦੇ ਨੇ ਅਣਆਈ ਮੌਤ ਮਰੇ ਬੰਦੇ ਦੀ ਰੂਹ ਭਟਕਦੀ ਰਹਿੰਦੀ ਹੈ। ਉਹ ਵੀ ਪ੍ਰੇਤ ਬਣ ਕੇ ਭਟਕਦਾ ਫਿਰਦਾ। ਕਾਹਨੂੰ ਏਡਾ ਪਾਪ ਕਰਨਾ ਸੀ। ਆਖਿਰ ਅੰਮਾ ਜਾਇਆ ਸੀ। ਉਹਦੀ ਮੌਤ ਬਾਅਦ ਲੱਖ ਯਤਨ ਕਰਨ 'ਤੇ ਹੰਝੂ ਕੋਇਆਂ ਤੋਂ ਬਾਹਰ ਨਾ ਆਉਂਦੇ। ਸੱਥਰ 'ਤੇ ਬੈਠਾ ਬਾਰ-ਬਾਰ ਪੱਗ ਦਾ ਲੜ ਅੱਖਾਂ 'ਤੇ ਫੇਰਦਾ। ਮੇਰੇ ਅੰਦਰ ਕੁਛ ਖ਼ੁਸ਼ੀ 'ਚ ਨੱਚੀ ਜਾ ਰਿਹਾ ਸੀ। ਜਦੋਂ ਦੀਪੋ ਦੇ ਪੇਕਿਆਂ ਵੱਲੋਂ ਕਿਸੇ ਨੇ ਪੱਗ ਸੋਨੂੰ ਦੇ ਸਿਰ ਬੰਨ੍ਹਣ ਦੀ ਗੱਲ ਤੋਰੀ ਤਾਂ ਸਾਲਾ ਰੋਣ ਨਿਕਲਿਆ ਸੀ। ਇਹ ਸਾਲਾ ਰੋਣਾ - ਹੱਸਣਾ ਵੀ ਬੰਦੇ ਦੇ ਵਸ ਨੀ ਹੁੰਦਾ, ਬੰਦਾ ਤਾਂ ਟੁੱਟਿਆ ਪੱਤਾ।

ਦੀਪੋ ਜਿਹੜੀ ਮੈਨੂੰ ਦੇਖ ਨਹੀਂ ਸੁਖਾਂਦੀ ਸੀ। ਉਹ ਮੇਰੀ ਪਟਰਾਣੀ ਬਣਗੀ ਤੇ ਫਰਮਾਨ ਜਾਰੀ ਕਰ ਦਿੱਤਾ, 'ਇਕ ਦਾ ਬਣ ਕੇ ਰਹਿ।' ਨਸੀਬੋ ਤੋਂ ਮਾੜਾ ਜਿਹਾ ਮੂੰਹ ਕੀ ਮੋੜਿਆ। ਇਹ ਇਥੇ ਆ ਬੈਠੀ। ਉਂ ਚੰਗਾ ਈ ਹੋਇਆ। 'ਕੱਠੀਆਂ ਹੁੰਦੀਆਂ ਦੋਵੇਂ ਲੜਦੀਆਂ। ਕਈ ਵਾਰ ਰਸਤੇ 'ਚ ਇਹਨੂੰ ਬੁਲਾਉਣ ਦਾ ਮਨ ਬਣਿਆ, ਇਹ ਪਾਸਾ ਵੱਟ ਕੇ ਤੁਰ ਜਾਂਦੀ। ਕਲੇਸ਼ ਤੋਂ ਡਰਦਾ ਮੈਂ ਵੀ ਚੁੱਪ ਹੋ ਜਾਂਦਾ।

"....ਸਾਧ ਸੰਗਤ ਜੀ, ਜਿਵੇਂ ਕਸਤੂਰੀ ਵਾਲਾ ਮਿਰਗ, ਭਟਕਦਾ ਕਸਤੂਰੀ ਦੀ ਭਾਲ 'ਚ ਜੰਗਲ 'ਚ.....।" ਸੰਤ ਕੋਈ ਕਥਾ ਸੁਣਾ ਰਿਹਾ ਸੀ।

ਕਮਰੇ ਅੰਦਰ ਜਾਣੀ-ਪਹਿਚਾਣੀ ਮਹਿਕ ਆਈ। ਅੱਖਾਂ ਉਤਾਂਹ ਚੁੱਕੀਆਂ। ਦੀਪੋ ਸੀ। ਸਮੇਂ ਨੇ ਇਹਨੂੰ ਮੇਰੇ ਵਾਂਗ ਬੁੱਢਾ ਨਹੀਂ ਕੀਤਾ। ਚੁੰਨੀ ਸਿਰ ਤੋਂ ਲਹਿ ਕੇ ਗਲ 'ਚ ਪਈ ਹੋਈ। ਸਿਰ ਦੇ ਵਾਲਾਂ 'ਚ ਕੋਈ -ਕੋਈ ਚਿੱਟਾ। ਅਜੇ ਵੀ ਇੰਦਰ ਦੇ ਅਖਾੜੇ ਦੀ ਅਪਸਰਾਂ ਵਰਗੀ। ਗੁੱਸੇ ਵਿਚ ਗੱਲ੍ਹਾਂ ਲਾਲ। ਦੋਵੇਂ ਹੱਥ ਢਾਕਾਂ 'ਤੇ ਰੱਖੀ ਖੜ੍ਹੀ। ਉਹਨੇ ਟੇਪ ਰਿਕਾਰਡ ਬੰਦ ਕਰ ਦਿੱਤੀ।

"ਅੱਛਾ ਤਾਂ ਤੂੰ ਏਥੇ ਆਇਆ ਬੈਠਾਂ?" ਮੂੰਹ 'ਚੋਂ ਲਾਟਾਂ ਨਿਕਲੀਆਂ।

"........।"

"ਨਾ ਤੂੰ ਦੱਸ ਕੇ ਨੀ ਆ ਸਕਦਾ ਸੀ, ਐਂ ਚੋਰਾਂ ਵਾਂਗੂੰ ਭੱਜ ਆਇਆ, ਜਿਵੇਂ ਜਿਹਲ 'ਚ ਹੁੰਨੈ?"

"........।"

"ਨਾ ਮੈਂ ਤੈਨੂੰ ਖਾਂਦੀ ਤੀ, ਮੈਂ ਘਰੇ ਬੈਠੀ ਅੱਡ ਤੜਫੀ ਜਾਨੀ ਆਂ।"

"........ਹੂੰ।"

"ਹੁਣ ਤੇਰੇ ਕੀ ਸੱਪ ਲੜ ਗਿਆ, ਉਦੋਂ ਤਾਂ ਕਹਿੰਦਾ ਤੀ, ਸਾਰੀ ਉਮਰ ਪੈਰ ਧੋ-ਧੋ ਪੀਊਂ। ਹੁਣ ਵਿਚਾਲੇ ਈ ਡੋਬਾ ਦੇ ਆਇਆ।"

"........ਹੂੰ।"

"ਨਾ ਹੁਣ ਬੋਲਦਾ ਨੀ, ਮੈਂ ਕੁੱਤੀ ਭੌਂਕਦੀ ਆਂ। ਚੌਰਿਆ ਮੈਂ ਤੇਰਾ ਪਜਾਮਾ ਜਿਹਾ ਪਾਟ ਦੂੰ।"

"ਪਾਟ ਚਾਹੇ ਛੱਡ ਕੁਲਦੀਪ ਕੁਰੇ.....ਪਜਾਮੇ 'ਚ ਹੁਣ ਕੁਛ ਨੀ।"

ਇਹ ਸ਼ਬਦ ਮੇਰੇ ਸੰਘ 'ਚ ਅੜ ਗਏ।

ਨਜ਼ਰਾਂ ਝੁਕਦੀਆਂ-ਝੁਕਦੀਆਂ ਉਹਦੇ ਪੈਰਾਂ 'ਤੇ ਚਲੀਆਂ ਕਈਆਂ। ਮੂੰਹੋਂ ਨਿਕਲਿਆ, ਹੂੰ...।OO

[ਪਿੰਡ ਅਲੂਣਾ ਤੋਲਾ, ਡਾਕਖਾਨਾ ਅਲੂਣਾ ਪੱਲਾ, ਜ਼ਿਲ੍ਹਾ ਲੁਧਿਆਣਾ-141414]



# ਗਲੀਏਂ ਚਿਕੜ ਦੂਰ ਘਰ

## ਬਲਰਾਜ ਸਿੰਘ ਸਿੱਧੂ

ਆਹ! ਦੁਪਹਿਰਾ ਚੜ੍ਹ ਆਇਆ ਹੈ ਤੇ ਮੈਂ ਅਜੇ ਤਕ ਸੁੱਤਾ ਪਿਆ ਹਾਂ। ਉਠ ਜਾਗ ਘੁਰਾੜੇ ਮਾਰ ਨਹੀਂ। ਇਹ ਸੌਣ ਤੇਰੇ ਦਰਕਾਰ ਨਹੀਂ। ਮੈਂ ਸੋਫਾ ਛੱਡ ਕੇ ਖੜ੍ਹਾ ਹੁੰਦਾ ਹਾਂ। ਸਾਹਮਣੇ ਅੰਜੀਲ 'ਤੇ ਕੈਨਵਸ ਰੱਖੀ, ਹੱਥਾਂ ਵਿਚ ਰੰਗਾਂ ਵਾਲੀ ਟਰੇਅ ਅਤੇ ਬੁਰਸ਼ ਫੜੀ ਖੜੋਤਾ ਮੇਰਾ ਚਿਤਰਕਾਰ ਪੋਤਾ ਕੋਈ ਤਸਵੀਰ ਵਾਹ ਰਿਹਾ ਹੈ।

ਕੋਲ ਜਾ ਕੇ ਦੇਖਾਂ ਕੀ ਕਰ ਰਿਹਾ ਹੈ? ਕਿਤੇ ਅੰਮ੍ਰਿਤਾ ਸ਼ੇਰਗਿਲ ਵਾਂਗ ਕੋਈ ਨੂਡ ਪੋਟਰੇਟ ਨਾ ਬਣਾਈ ਜਾਂਦਾ ਹੋਵੇ। ਉਹ ਵੀ ਸਹੁਰੀ ਆਪਣੀਆਂ ਹੀ ਨੰਗੀਆਂ ਮੂਰਤਾਂ ਬਣਾਉਣ ਲੱਗ ਪਈ ਸੀ। ਅਖੇ 'ਇਹ ਮੋਡਰਨ ਆਰਟ ਐ, ਮੈਂ ਫਰਾਂਸ 'ਚੋਂ ਸਿੱਖ ਕੇ ਆਈ ਹਾਂ।' ... ਹੋਰ ਗੱਲਾਂ ਦੀਆਂ ਗੱਲਾਂ ਬਈ ਚਿਤਰਕਾਰੀ ਦਾ ਬਹੁਤ ਸ਼ੌਕ ਹੈ ਇਸ ਮੁੰਡੇ ਨੂੰ। ਹੱਥ 'ਚ ਸਫਾਈ ਵੀ ਬੜੀ ਹੈ। ਇਹਦੀਆਂ ਬਣਾਈਆਂ ਮੂਰਤਾਂ ਦੇਖ ਕੇ ਇੰਝ ਲਗਦਾ ਹੁੰਦਾ ਹੈ ਜਿਵੇਂ ਹੁਣੇ ਹੀ ਬੋਲਣ ਅਤੇ ਚੱਲਣ ਫਿਰਨ ਲੱਗ ਜਾਣਗੀਆਂ। ਰੱਬ ਕਰੇ ਇਹ ਵੀ ਪਿਕਾਸੋ, ਐਮ. ਐਫ. ਹੁਸੈਨ ਅਤੇ ਸੋਭਾ ਸਿੰਘ ਵਰਗਾ ਵੱਡਾ ਮਨੱਵਰ ਬਣੇ ਔਰ ਖਾਨਦਾਨ ਦਾ ਨਾਮ ਰੌਸ਼ਨ ਕਰੇ।

ਮੈਨੂੰ ਆਪਣੀ ਵੱਲ ਆਉਂਦਾ ਤੱਕ ਕੇ ਪੋਤਾ ਆਪਣਾ ਚਲਦਾ ਹੱਥ ਰੋਕ ਲੈਂਦਾ ਹੈ।

ਮੈਂ ਡੂੱਡ ਜਿਹਾ ਮਾਰਦਾ ਉਹਦੇ ਕੋਲ ਨੂੰ ਜਾਂਦਾ ਹਾਂ, "ਮੌਰਨਿੰਗ ਪੁੱਤਰਾ।"

"ਇੱਟ ਇਜ਼ ਗਰੈਂਡ ਡੈਡ? ਮੈਨੂੰ ਤਾਂ ਪਤਾ ਹੀ ਨਹੀਂ ਲੱਗਿਆ ਕਿ ਸਵੇਰਾ ਹੋ ਗਿਆ ਹੈ।" ਪੋਤਾ ਮੇਰੇ ਵੱਲ ਕਹਿਰੀ ਜਿਹੀ ਅੱਖ ਨਾਲ ਦੇਖ ਕੇ ਵਿਅੰਗ ਕਸਣ ਮਗਰੋਂ ਕਮਰੇ ਦੀ ਬਾਰੀ ਦੇ ਸ਼ੀਸ਼ੇ ਥਾਣੀਂ ਗੁੱਡੇ ਵਾਂਗੂੰ ਅਸਮਾਨ ਦੇ ਸਿਖਰ 'ਤੇ ਚੜ੍ਹੇ ਸੂਰਜ ਵੱਲ ਝਾਕਦਾ ਹੈ।

ਮੈਂ ਛਿੱਥਾ ਜਿਹਾ ਪੈ ਜਾਂਦਾ ਹਾਂ। ਵਾਕਿਆ ਹੀ ਮੈਂ ਖਾਸੇ ਚਿਰ ਤਕ ਸੁੱਤਾ ਰਿਹਾ ਹਾਂ।

"ਅਰਲੀ ਬੈੱਡ ਐਂਡ ਅਰਲੀ ਰਾਇਜ਼, ਮੇਕਸ ਏ ਮੈਨ ਹੈਲਥੀ, ਵੈਲਥੀ ਐਂਡ ਵਾਈਜ਼।" ਪੋਤਾ ਆਪਣੀ ਨਸੀਅਤ ਮੇਰੇ ਸਿਰ ਮੜ੍ਹਦਾ ਹੈ।

"ਸਾਡੇ ਹੱਥੀਂ ਜੰਮ ਕੇ ਸਾਨੂੰ ਹੀ ਮੱਤਾਂ?" ਮੈਂ ਉਸਦੇ ਕੰਨ ਖਿੱਚਣ ਦੇ ਬਹਾਨੇ ਤਸਵੀਰ 'ਤੇ ਨਿਗਾਹ ਮਾਰਨ ਦੀ ਕੋਸ਼ਿਸ਼ ਵਿਚ ਅੱਗੇ ਜਾਣ ਲੱਗਦਾ ਹਾਂ।

"ਅਈਥੇ ਹੀ ਰੁਕ ਜੋ, ਗਰੈਂਡ ਡੈਡ। ਦੇਖਦੇ ਨ੍ਹੀਂ ਮੈਂ ਪੇਂਟਿੰਗ ਬਣਾ ਰਿਹਾ ਹਾਂ।"

"ਉਹੀ ਤਾਂ ਦੇਖਣੀ ਚਾਹੁੰਦਾਂ।"

ਪੋਤਾ ਅੱਗੇ ਵਧ ਕੇ ਮੇਰਾ ਰਾਹ ਰੋਕ ਲੈਂਦਾ ਹੈ, "ਸੌਰੀ। ਤੁਸੀਂ ਨਹੀਂ ਦੇਖ ਸਕਦੇ।"

"ਹਾਂ ਬੱਚੂ, ਤੂੰ ਬਣਾ ਸਕਦੈਂ ਤੇ ਮੈਂ ਦੇਖ ਵੀ ਨਹੀਂ ਸਕਦਾ? ਮੈਂ ਤਾਂ ਪਹਿਲਾਂ ਹੀ ਬੁੱਝ ਲਿਆ ਸੀ।" ਮੈਂ ਆਪਣੀ ਥਾਂ 'ਤੇ ਹੀ ਰੁਕਿਆ ਖੜ੍ਹਾ ਹਾਂ।

ਪੋਤਾ ਦੋ ਰੰਗ ਰਲਾ ਕੇ ਬੁਰਸ਼ ਨਾਲ ਚੰਗੀ ਤਰ੍ਹਾਂ ਮਿਕਸ ਕਰਦਾ ਹੈ ਤੇ ਕੋਈ ਨਵਾਂ ਰੰਗ ਬਣਾਉਂਦਾ ਹੋਇਆ ਪੁੱਛਦਾ ਹੈ, "ਰਾਤ ਲੇਟ ਆਏ ਹੋਵੋਂਗੇ?"

"ਹਾਂ, ਇਕ ਦੋ ਵੱਜ ਹੀ ਗਏ ਸਨ। ਬਹੁਤ ਥੱਕ ਗਿਆ ਸੀ ਰਾਤੀਂ, ਇਸੇ ਕਰਕੇ ਬੈੱਡਰੂਮ ਵਿਚ ਵੀ ਜਾ ਨਹੀਂ ਹੋਇਆ। ਇਥੇ ਹੀ ਸੋਫੇ 'ਤੇ ਪੈ ਗਿਆ ਸੀ।" ਮੈਂ ਦੇਰ ਤਕ ਸੁੱਤੇ ਰਹਿਣ ਬਾਰੇ ਸਪਸ਼ਟੀਕਰਨ ਦਿੰਦਾ ਹਾਂ।

"ਐਨਾ ਕੰਮ ਨਾ ਕਰਿਆ ਕਰੋ, ਗਰੈਂਡ ਡੈਡ। ਆਰਾਮ ਕਰਿਆ ਕਰੋ। ਹੁਣ ਤੁਸੀਂ ਬੁੜ੍ਹੇ ਹੋ ਗਏ ਹੋ। ਸਾਡੀ ਉਮਰ ਹੈ ਕੰਮ ਕਰਨ ਦੀ।"

"ਤੂੰ ਤਾਂ ਹਰ ਵੇਲੇ ਮੂਰਤਾਂ ਦਾ ਢੂਹਾ ਮਾਰਦਾ ਰਹਿੰਦਾ ਹੈਂ। ਕੰਮ ਕਿੱਥੇ ਕਰਦੈਂ ?"

ਪੋਤਾ ਗੱਲ ਠੱਪ ਕਰਨ ਲਈ ਬੁੱਲ੍ਹਾਂ ਵਿਚ ਹੱਸ ਛੱਡਦਾ ਹੈ।

ਮੈਂ ਗੰਭੀਰ ਹੋ ਜਾਂਦਾ ਹਾਂ। ਪੋਤੇ ਵੱਲੋਂ ਆਪਣੀ ਬਿਰਧ ਅਵਸਥਾ ਸੰਬੰਧੀ ਕਰੇ ਕੁਮੈਂਟ ਨੂੰ ਸੁਣ ਕੇ ਮੈਂ ਹਿੱਲ ਗਿਆ ਹਾਂ। ਬੜਾ ਭੁਲੱਕੜ ਕਿਸਮ ਦਾ ਆਦਮੀ ਹਾਂ ਮੈਂ। ਅਕਸਰ ਆਪਣੀ ਉਮਰ ਭੁੱਲ ਜਾਂਦਾ ਹਾਂ। ਵਾਰ-ਵਾਰ ਦੂਜੇ ਲੋਕ ਮੈਨੂੰ ਮੇਰੀ ਆਯੂ ਦਾ ਅਹਿਸਾਸ ਦਿਵਾਉਂਦੇ ਹਨ।

ਮੈਨੂੰ ਘੂਰੀਆਂ ਵੱਟੀ ਵਿਹਲਾ ਖੜ੍ਹਾ ਦੇਖ ਕੇ ਪੋਤਾ ਹੱਸਦਾ ਹੈ, "ਕਿਚਨ ਵਿਚ ਚਾਹ ਬਣੀ ਪਈ ਹੈ। ਥਰਮੋਸ 'ਚੋਂ ਲੈ ਲਉ।"

ਮੈਂ ਜਾਣਦਾ ਹਾਂ ਕਿ ਪੋਤਾ ਮੈਨੂੰ ਇਥੋਂ ਦਫਾ ਕਰਨਾ ਚਾਹੁੰਦਾ ਹੈ। ਇਥੋਂ ਹਿਲਣ ਦੀ ਕਰਾਂ। ਦੂਜੀ ਵਾਰ ਕਾਹਨੂੰ ਅਖਵਾਉਣਾ ਹੈ। ਇਹ ਪੇਂਟਰ ਜਿਹੇ ਵੀ ਅਜੀਬ ਈ ਹੁੰਦੇ ਨੇ। ਜਦੋਂ ਬਣਾ ਰਹੇ ਹੋਣ ਉਦੋਂ ਨਹੀਂ ਆਪਣੀ ਰਚਨਾ ਦੇਖਣ ਦਿੰਦੇ। ਇਕ ਵਾਰ ਇਕ ਪੇਂਟਰ ਨੇ ਘਾਹ ਚਰਦੀ ਗਾਂ ਬਣਾਈ ਤੇ ਉਹਦੇ ਮੂਰਤ ਵਾਹ ਰਹੇ ਤੋਂ ਕਿਸੇ ਨੇ ਦੇਖ ਲਈ। ਦੇਖਣ ਵਾਲੇ ਨੇ ਗੌਰ ਨਾਲ ਤਸਵੀਰ ਦੇਖ ਕੇ ਪੇਂਟਰ ਨੂੰ ਪੁੱਛਿਆ, "ਤੁਸੀਂ ਘਾਹ ਚਰਦੀ ਗਾਂ ਬਣਾਈ ਹੈ। ਗਾਂ ਤਾਂ ਦਿਸਦੀ ਹੈ, ਪਰ ਘਾਹ ਨ੍ਹੀਂ ਕਿਧਰੇ ਨਜ਼ਰ ਆਉਂਦਾ?" ਬਜਾਏ ਇਹ ਕਹਿਣ ਦੇ ਕਿ ਘਾਹ ਅਜੇ ਮੈਂ ਬਣਾਉਣਾ ਹੈ। ਪੇਂਟਰ ਬਾਬੂ ਉਹਨੂੰ ਬਣਾ ਸਵਾਰ ਕੇ ਕਹਿੰਦਾ, "ਘਾਹ? ਉਹ ਤਾਂ ਗਾਂ ਚਰ ਗਈ।" ਕਰ ਲਉ ਗੱਲ। ਇਹੋ ਜਿਹੇ ਹੁੰਦੇ ਆ ਆਰਟਿਸਟ ਲੋਕ।

ਚਲੋ ਚਾਹ ਫੇਰ ਪੀਵਾਂਗੇ, ਪਹਿਲਾਂ ਦਾਤਣ-ਕੁਰਲਾ ਕਰਾਂ।

ਮੈਂ ਆਪਣੇ ਸੌਣ ਕਮਰੇ ਵਿਚ ਆ ਕੇ ਬਿਜਲੀ ਨਾਲ ਲੱਗੇ ਚਾਰਜਰ ਤੋਂ ਇਲੈਕਟਰਿਕ ਟੂੱਥ ਬੁਰਸ਼ ਚੁੱਕਦਾ ਹਾਂ। ਅਚਾਨਕ ਮੇਰੀ ਨਿਗਾਹ ਕਪੜਿਆਂ ਵਾਲੀ ਅਲਮਾਰੀ ਦੀਆਂ ਖਿੜਕੀਆਂ ਵਿਚ ਲੱਗੇ ਆਦਮ ਕੱਦ ਸ਼ੀਸ਼ਿਆਂ 'ਤੇ ਪੈ ਜਾਂਦੀ ਹੈ। ਮੈਂ ਅਗਾਂਹ ਵਧਦਾ ਹਾਂ। ਸ਼ੀਸ਼ੇ ਦੇ ਬਿਲਕੁਲ ਨਜ਼ਦੀਕ ਖੜ੍ਹ ਕੇ ਆਪਣੇ ਆਪਨੂੰ ਨਿਹਾਰਦਾ ਹਾਂ। ਠੋਡੀ ਅਤੇ ਗੱਲ੍ਹਾਂ 'ਤੇ ਹੱਥ ਫੇਰ ਕੇ ਲੋਹੇ ਦੀਆਂ ਤਾਰਾਂ ਵਰਗੇ ਦਾੜ੍ਹੀ ਦੇ ਵਾਲਾਂ ਨੂੰ ਟੋਹਿਆ ਹੈ। ਚਿੱਟੇ ਵਾਲਾਂ ਦੀਆਂ ਨਿਕਲੀਆਂ ਹੋਈਆਂ ਤੂਈਆਂ ਦੇਖ ਕੇ ਮੈਂ ਸੱਚੀ-ਮੁੱਚੀ ਆਪਣੇ ਆਪਨੂੰ ਬੁੱਢਾ ਮਹਿਸੂਸ ਕਰਦਾ ਹਾਂ। ਆਪਣੇ ਬੁਢਾਪੇ ਨੂੰ ਝੁਠਲਾਉਣ ਲਈ ਮੈਂ ਹਮੇਸ਼ਾਂ ਖਿਜ਼ਾਬ ਲਾ ਕੇ ਸਿਰ ਦੇ ਵਾਲ ਸਿਆਹ ਕਰਕੇ ਰੱਖਦਾ ਹਾਂ। ਪਰ ਜਦੋਂ ਕਦੇ ਹਜਾਮਤ ਕਰਨ ਨੂੰ ਨਾਗਾ ਪੈ ਜਾਵੇ ਤਾਂ ਦਾੜ੍ਹੀ ਦੇ ਬੱਗੇ ਵਾਲ ਚਮੜੀ ਤੋਂ ਬਾਹਰ ਮੂੰਹ ਕੱਢ ਕੇ ਮੇਰੀ ਸਹੀ ਉਮਰ ਦੀ ਡੌਂਡੀ ਪਿੱਟਣਾ ਆਰੰਭ ਕਰ ਦਿੰਦੇ ਹਨ। ਚਿਹਰੇ ਉਤੇ ਉਗੀ ਹੋਈ ਦਾੜ੍ਹੀ ਦੀ ਫਸਲ ਲਈ ਸ਼ੇਵਰ ਚੁੱਕ ਕੇ ਉਸ ਵਿਚ ਇਉਂ ਬੈਟਰੀ ਧੱਕਦਾ ਹਾਂ, ਜਿਵੇਂ ਰਿਵਾਲਵਰ ਵਿਚ ਮੈਗਜ਼ੀਨ ਚੜ੍ਹਾਈਦਾ ਹੁੰਦਾ ਹੈ। ਤੌਲੀਆ ਅਤੇ ਡਰੈਸਿੰਗ ਗਾਉਨ ਮੋਢੇ ਧਰ ਕੇ ਮੈਂ ਬਾਥਰੂਮ ਵਿਚ ਆ ਵੜਦਾ ਹਾਂ।

ਜਦ ਤਕ ਗੁਸਲ ਦੀ ਕਾਰਵਾਈ ਚਲਦੀ ਹੈ। ਤੁਹਾਡੇ ਨਾਲ ਵਾਰਤਾਲਾਪ ਵੀ ਜਾਰੀ ਰੱਖੀਏ। ਕੀ ਖਿਆਲ ਹੈ? ਨਹੀਂ ਤਾਂ ਤੁਸੀਂ ਬੋਰ ਹੋ ਜਾਉਗੇ।

ਏਸ ਵੇਲੇ ਘਰ ਦੇ ਸਾਰੇ ਜੀਅ ਆਪੋ ਆਪਣੇ ਕੰਮਾਂ 'ਤੇ ਗਏ ਹੋਏ ਹਨ। ਨਿਆਣਿਆਂ ਦੀ ਦਾਦੀ ਗੁਰਦੁਆਰੇ ਗਈ ਹੋਣੀ ਹੈ। ਕੱਲ੍ਹ ਦੁਪਿਹਰ ਤੋਂ ਹੀ ਮੈਂ ਪੀਣ ਲੱਗ ਗਿਆ ਸੀ। ਸ਼ਾਮ ਤਕ ਤਾਂ ਮੈਨੂੰ 'ਟੱਲੀ' ਹੋ ਕੇ ਆਪਣੇ ਦਫ਼ਤਰ ਵਿਚ ਹੀ ਲੁੜ੍ਹਕ ਜਾਣਾ ਚਾਹੀਦਾ ਸੀ। ਪਰ ਪਤਾ ਨਹੀਂ ਕਿਉਂ ਬੇ ਹਿਸਾਬ ਦਾਰੂ ਪੀਣ ਬਾਅਦ ਵੀ ਮੈਨੂੰ ਕੋਈ ਨਸ਼ਾ ਨਹੀਂ ਸੀ ਹੋਇਆ। ਹਰ ਪੈੱਗ ਲਾਉਣ ਬਾਅਦ ਜਦੋਂ ਗੱਲ ਜਿਹੀ ਨਹੀਂ ਸੀ ਬਣਦੀ ਹੁੰਦੀ ਤਾਂ ਮੈਂ ਬੋਤਲ ਨੂੰ ਚੁੱਕ ਕੇ ਦੇਖ ਲੈਂਦਾ ਹੁੰਦਾ ਸੀ। ਮਤੇ ਸ਼ਰਾਬ ਨਕਲੀ ਹੀ ਨਾ ਹੋਵੇ। ਮਹਿੰਗੀ ਸ਼ਰਾਬ ਵੀ ਖਰੀਦੀ ਹੋਵੇ ਤੇ ਨਸ਼ਾ ਵੀ ਨਾ ਆਵੇ? ਬੰਦੇ ਨੂੰ ਸ਼ੱਕ ਹੋ ਹੀ ਜਾਂਦੈ, ਹਨਾ? ਮਾੜੀ ਸ਼ਰਾਬ ਨੂੰ ਮੈਂ ਕਦੇ ਮੂੰਹ ਨਹੀਂ ਲਾਇਆ। ਥੋੜ੍ਹੀ ਪੀਈਦੀ ਹੈ। ਥੋੜ੍ਹੀ ਤੋਂ ਮੇਰਾ



ਮਤਲਬ ਹੈ ਕਿ ਰੋਜ਼ ਨਵੀਂ ਬੋਤਲ ਖਰੀਦੀ ਦੀ ਹੈ ਤੇ ਇਕ ਵਾਰੀ ਜਿਹੜੀ ਬੋਤਲ ਖੋਲ੍ਹ ਲਈ ਉਹ ਮੁਕਾ ਹੀ ਛੱਡਣੀ ਹੁੰਦੀ ਹੈ। ਅਨੇਕਾਂ ਵਾਰ ਕੋਸ਼ਿਸ਼ ਕਰੀ ਹੈ ਕਿ ਇਕ ਅੱਧਾ ਹਾੜਾ ਲਾ ਕੇ ਹੀ ਬਸ ਕਰਾਂ। ਇਕ ਦਫਾ ਬੋਤਲ ਪਰ੍ਹੇ ਵੀ ਰੱਖ ਦਿੱਤੀ ਸੀ। ਪਰ ਡੂਮਣੀ ਦੇ ਸਿਰਹਾਣੇ ਵੀ ਕਦੇ ਦੁੱਧ ਜੰਮਦਾ ਹੈ? ਥੋੜ੍ਹੀ ਦੇਰ ਬਾਅਦ ਇਕ ਛੋਟਾ ਜਿਹਾ ਪੈੱਗ ਲਾਉਣ ਦੇ ਵਿਚਾਰ ਨਾਲ ਗਿਲਾਸ ਭਰ ਲਿਆ ਸੀ। ਇਉਂ ਥੋੜ੍ਹੇ ਥੋੜ੍ਹੇ ਚਿਰ ਬਾਅਦ ਇਕ ਇਕ ਪੈੱਗ ਪੀਂਦਿਆਂ-ਪੀਂਦਿਆਂ ਬੋਤਲ ਖਾਲੀ ਕਰ ਬੈਠਾ ਸੀ। ਅਕਸਰ ਮੇਰੇ ਨਾਲ ਇੰਝ ਹੀ ਹੁੰਦਾ ਹੈ, ਜਵਾਨੀ 'ਚ ਸੁੰਘ ਕੇ ਸ਼ਰਾਬੀ ਹੋ ਜਾਈਦਾ ਸੀ।

ਉਂਝ ਮੈਂ ਨਿੱਤ ਦਾਰੂ, ਕਿਸੇ ਗ਼ਮ ਨੂੰ ਭੁਲਾਉਣ ਲਈ ਨਹੀਂ ਪੀਂਦਾ ਹਾਂ। ਮੈਂ ਬਹੁਤ ਖੁਸ਼ ਅਤੇ ਸੁਖੀ ਇਨਸਾਨ ਹਾਂ। ਕਿਸੇ ਚੀਜ਼ ਦੀ ਕਮੀ ਨਹੀਂ। ਪਰਮਾਤਮਾ ਦਾ ਦਿੱਤਾ ਹੋਇਆ ਸਭ ਕੁਝ ਹੈ। ਧਨ-ਦੌਲਤ, ਆਲੀਸ਼ਾਨ ਮਕਾਨ, ਸਿਰੇ ਦੀਆਂ ਕਾਰਾਂ, ਤੰਦਰੁਸਤੀ, ਨੇਕ ਔਲਾਦ ਅਤੇ ਸਭ ਤੋਂ ਵਧ ਕੇ ਖ਼ੂਬਸੂਰਤ ਅਤੇ ਜਵਾਨ ਪਤਨੀ। ਜਵਾਨ ਦਾ ਭਾਵ ਇਹ ਨਹੀਂ ਕਿ ਉਹ ਮੇਰੇ ਤੋਂ ਕਈ ਵਰ੍ਹੇ ਛੋਟੀ ਹੈ। ਨਾ! ਮੇਰੇ ਅਤੇ ਉਸਦੀ ਉਮਰ ਦਾ ਸਾਰਾ ਅੱਠ-ਨੌਂ ਮਹੀਨਿਆਂ ਦਾ ਫਾਸਲਾ ਹੈ। ਸ਼ਾਇਦ ਇਹ ਮੇਰੀਆਂ ਨਜ਼ਰਾਂ ਦਾ ਕਸੂਰ ਹੋਵੇ। ਪਰ ਆਪਣੀ ਪਤਨੀ ਮੈਨੂੰ ਅਜੇ ਵੀ ਉਨੀ ਹੀ ਮੁਟਿਆਰ ਅਤੇ ਦਿਲਕਸ਼ ਲਗਦੀ ਹੈ ਜਿੰਨੀ ਕਿ ਉਹ ਹਨੀਮੂਨ ਵੇਲੇ ਲੱਗਦੀ ਸੀ। ਇਉਂ ਜਾਪਦਾ ਹੈ ਜਿਵੇਂ ਜਵਾਨੀ ਇਸ ਤੀਵੀਂ ਉਤੇ ਆ ਕੇ ਠਹਿਰ ਗਈ ਹੋਵੇ। ਹਰੇਕ ਨਹੀਂ, ਬਸ ਚੰਦ ਕੁ ਔਰਤਾਂ ਐਸੀਆਂ ਹੁੰਦੀਆਂ ਹਨ, ਜਿਹੜੀਆਂ ਜਵਾਨੀ ਨੂੰ ਆਪਣੇ ਨਾਲ ਬੰਨ੍ਹ ਕੇ ਰੱਖ ਲੈਂਦੀਆਂ ਹਨ। ਮਿਸਾਲ ਦੇ ਤੌਰ 'ਤੇ ਮੁੰਬਈ ਦੀਆਂ ਫਿਲਮਾਂ ਵਾਲੀ ਐਕਟਰੈੱਸ ਰੇਖਾ ਜਾਂ ਅਮਰੀਕਨ ਗਾਇਕਾ ਮੈਡੋਨਾ ਨੂੰ ਹੀ ਲੈ ਲਉ। ਭਾਵੇਂ ਇਹ ਦੋਨੋਂ ਚਾਲੀ ਸਾਲਾਂ ਤੋਂ ਟੱਪ ਗਈਆਂ ਹਨ, ਲੇਕਿਨ ਉਹਨਾਂ ਦੇ ਜਿਸਮ ਤੋਂ ਇਕ ਵੀ ਬੁੜ੍ਹਾਪੇ ਦਾ ਨਿਸ਼ਾਨ ਦੇਖਣ ਨੂੰ ਨਹੀਂ ਮਿਲਦਾ। ਉਹਨਾਂ ਨੂੰ ਤੱਕਿਆਂ ਇਉਂ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਇਹ ਸੱਜਰੀਆਂ ਜਵਾਨ ਹੋਈਆਂ ਹੋਣ। ਆਪਣੇ ਹੁਸਨ-ਓ-ਸ਼ਬਾਬ ਅਤੇ ਸਦਾ ਬਹਾਰ ਜਵਾਨੀ ਸਦਕਾ ਉਹ ਸੋਲ੍ਹਾਂ ਸਾਲਾਂ ਦੀਆਂ ਕੁੜੀਆਂ ਨੂੰ ਵੀ ਮਾਤ ਪਾਉਂਦੀਆਂ ਹਨ। ਕੁਝ ਇਸੇ ਤਰ੍ਹਾਂ ਦੀ ਹੀ ਮੇਰੀ ਧਰਮਪਤਨੀ ਹੈ। ਮੈਨੂੰ ਬੜਾ ਪਿਆਰ ਕਰਦੀ ਹੈ। ਉਹਦੇ ਰੂਪ ਦਾ ਨਸ਼ਾ ਹੀ ਮੈਨੂੰ ਸਦਾ ਨਸ਼ਿਆਏ ਰਹਿਣ ਲਈ ਕਾਫੀ ਹੈ। ਨਸ਼ੇ ਤੋਂ ਯਾਦ ਆਇਆ। ਤੁਹਾਨੂੰ ਇਕ ਹੋਰ ਕਿੱਸਾ ਸੁਣਾਉਂਦਾ ਹਾਂ। 'ਕੇਰਾਂ ਮੈਂ ਦਫਤਰ ਵਿਚ ਬੈਠਾ ਖਾਸਾ ਚਿਰ ਪੀਂਦਾ ਰਿਹਾ। ਕੋਈ ਹਿਸਾਬ-ਕਿਤਾਬ ਨਾ ਰਿਹਾ ਕਿ ਕਿੰਨੀ ਕੁ ਪੀਤੀ ਗਈ। ਕੁਰਸੀ 'ਤੇ ਲੁੜ੍ਹਕਿਆ ਪਿਆ ਦੇਖ ਕੇ ਕਰਮਚਾਰੀਆਂ ਨੇ ਆਪਸ ਵਿਚ ਮਸ਼ਵਰਾ ਕੀਤਾ, "ਬੌਸ ਨੂੰ ਇਸ ਹਾਲਤ ਵਿਚ ਦਫਤਰ ਵਿਚ ਰੱਖਣਾ ਠੀਕ ਨਹੀਂ। ਇਹ ਤਾਂ ਸੋਫੀ ਹੁੰਦੇ ਹੋਏ ਵੀ ਗੱਲੇ-ਕੱਥੇ ਸਭ ਦੀ ਮਾਂ-ਭੈਣ ਪੁਣਦਾ ਰਹਿੰਦਾ ਹੈ। ਹੁਣ ਸ਼ਰਾਬੀ ਹੋਇਆ ਖਵਨੀ ਕੀ ਕਰੂ ?"

ਫੇਰ ਕੀ ਸੀ? ਸਾਰੇ ਜਣੇ ਮੈਨੂੰ ਧੂਹ ਘੜੀਸ ਕੇ ਲੱਗ ਪਏ ਮੇਰੀ ਪਰਸਨਲ ਸੈਕਟਰੀ ਹੈਲਨ ਦੀ ਕਾਰ 'ਚ ਸਿੱਟਣ। ਦਫਤਰ ਤੋਂ ਪਾਰ ਪਾਰਕ ਤਕ ਮੈਨੂੰ ਲਿਜਾਣ ਵਿਚ ਉਹਨਾਂ ਨੂੰ ਦਸ ਮਿੰਟ ਖਰਚ ਹੋਏ। ਜਦੋਂ ਕਿ ਰਸਤਾ ਦੋ ਮਿੰਟ ਦਾ ਸੀ। ਇਕ ਕਾਮੇ ਨੇ ਤਾਂ ਮੈਨੂੰ ਲਿਜਾਣ ਵਿਚ ਲੱਗੇ ਦਸ ਮਿੰਟਾਂ ਵਿਚ ਉਹ ਸਭ ਗੰਦੀਆਂ ਗਾਲ੍ਹਾਂ ਕੱਢ ਕੇ ਭਾਜੀ ਮੋੜੀ ਜਿਹੜੀਆਂ ਮੈਂ ਉਹਨੂੰ ਪਿਛਲੇ ਦਸਾਂ ਸਾਲਾਂ ਵਿਚ ਕੱਢੀਆਂ ਸਨ। ਮੈਂ ਵੀ ਮਚਲਾ ਜਿਹਾ ਹੋ ਕੇ ਸਭ ਸੁਣੀ ਗਿਆ ਸੀ।

ਹੈਲਨ ਦੀ ਕਾਰ ਦੀ ਮਗਰਲੀ ਸੀਟ 'ਤੇ ਮੈਂ ਇਉਂ ਨਿਸਲਿਆ ਪਿਆ ਸੀ ਜਿਵੇਂ ਖੱਲ ਲਾਹੁਣ ਵਾਲਿਆਂ ਦੇ ਰੇੜ੍ਹੇ 'ਤੇ ਮਰੀ ਹੋਈ ਮੱਝ ਪਈ ਹੁੰਦੀ ਹੈ। ਘਰ ਆਉਣ ਤਕ ਮੈਨੂੰ ਥੋੜ੍ਹੀ ਥੋੜ੍ਹੀ ਨਹੀਂ ਬਲਕਿ ਕਾਫੀ ਸਾਰੀ ਹੋਸ਼ ਆ ਚੁੱਕੀ ਸੀ। ਵੈਸੇ ਤਾਂ ਮੈਂ ਕਾਰ ਵਿਚੋਂ ਉਠ ਕੇ ਆਪਣੇ ਆਪ ਵੀ ਤੁਰ ਕੇ ਘਰੇ ਜਾ ਸਕਦਾ ਸੀ। ਪਰ ਮੇਰੇ ਖੜ੍ਹੇ ਹੋਣ ਤੋਂ ਪਹਿਲਾਂ ਹੀ ਹੈਲਨ ਨੇ ਆ ਕੇ ਮੇਰੀਆਂ ਕੱਛਾਂ ਵਿਚ ਆਪਣਾ ਸਿਰ ਅੜਾ ਲਿਆ ਸੀ ਤੇ ਮੇਰੀ ਬਾਂਹ ਆਪਣੇ ਗਲ੍ਹ ਵਿਚ ਅਤੇ ਆਪਣੀ ਮੇਰੇ ਲੱਕ ਦੇ ਗਿਰਦ ਪਾ ਕੇ ਮੈਨੂੰ ਖੜ੍ਹਾ ਕਰਕੇ ਅੰਦਰ ਨੂੰ ਧੂਹਣਾ ਸ਼ੁਰੂ ਕਰ ਦਿੱਤਾ ਸੀ।

ਦਰਵਾਜ਼ੇ ਕੋਲ ਉਪੜ ਕੇ ਉਹਨੇ ਮੈਥੋਂ ਅੰਦਰ ਵੜਨ ਲਈ ਚਾਬੀ ਮੰਗੀ ਤਾਂ ਮੈਥੋਂ ਜੇਬ ਵਿਚਲੇ ਥੱਬਾ ਸਾਰੇ ਨੋਟ ਕੱਢ ਹੋ ਗਏ। ਨੋਟ ਦੇਖ ਕੇ ਉਹਦੀਆਂ ਅੱਖਾਂ ਬਲਬਾਂ ਵਾਂਗ ਜਗ ਪਈਆਂ ਸਨ, ਜਦੋ ਮੈਥੋਂ ਜੇਬ ਵਿਚੋਂ ਚਾਬੀ ਨਾ ਕੱਢ ਹੋਈ ਤਾਂ ਉਹਨੇ ਹੱਥ ਪਾ ਕੇ ਆਪ ਹੀ ਚਾਬੀ ਕੱਢੀ ਤੇ ਨਾਲ ਹੀ ਥੋੜ੍ਹੇ ਜਿਹੇ ਨੋਟ ਵੀ ਖਿੱਚ ਲਿੱਤੇ ਸਨ। ਮੈਂ ਸਭ ਕੁਝ ਦੇਖ ਕੇ ਵੀ ਉਹਦੇ ਕੋਲ ਬੇਧਿਆਨਾ ਜਿਹਾ ਹੋਣ ਦਾ ਵਿਖਾਵਾ ਕੀਤਾ ਸੀ।

ਅੰਦਰ ਵੜ ਕੇ ਹੈਲਨ ਨੇ ਮੈਨੂੰ ਸੋਫੇ 'ਤੇ ਲਿਟਾ ਦਿੱਤਾ ਸੀ। ਉਹ ਮੈਨੂੰ ਅਜੇ ਵੀ ਸ਼ਰਾਬੀ ਸਮਝ ਰਹੀ ਸੀ। ਉਹਨੇ ਮੇਰੇ ਬੂਟ ਜੁਰਾਬਾਂ ਇਉਂ ਉਤਾਰੇ ਜਿਵੇਂ ਕੋਈ ਮਾਂ ਆਪਣੇ ਨਿੱਕੇ ਜਿਹੇ ਬੱਚੇ ਦੇ ਮੌਜੇ ਲਾਹੁੰਦੀ ਹੈ। ਫਿਰ ਉਹ ਮੇਰੇ ਸਿਰ ਕੋਲ ਭੁੰਜੇ ਗੋਡਿਆਂ ਭਾਰ ਬੈਠ ਕੇ ਕਾਫੀ ਦੇਰ ਤਕ ਪਿਆਰ ਨਾਲ ਮੇਰੇ ਵਾਲਾਂ ਵਿਚ ਇੰਝ ਹੱਥ ਫੇਰਦੀ ਰਹੀ ਜਿਵੇਂ ਕੋਈ ਪ੍ਰੇਮਿਕਾ ਆਪਣੇ ਪ੍ਰੇਮੀ ਦੇ ਕੇਸ ਸਹਿਲਾਉਂਦੀ ਹੈ। ਕਦੇ-ਕਦੇ ਉਹ ਮੇਰਾ ਮੱਥਾ ਵੀ ਚੁੰਮਦੀ। ਮੈਨੂੰ ਬੜਾ ਚੰਗਾ ਲੱਗ ਰਿਹਾ ਸੀ। ਉਸ ਤੋਂ ਪਿੱਛੋਂ ਉਹ ਭੁੰਜਿਉਂ ਉਠ ਕੇ ਮੇਰੇ ਲੱਕ ਕੋਲ ਆ ਕੇ ਸੋਫੇ 'ਤੇ ਬੈਠ ਗਈ। ਉਹਨੇ ਕਿਸੇ ਮਰਦਖੋਰ ਇਸਤਰੀ ਵਾਂਗ ਮੇਰੇ ਸਾਰੇ ਬਟਨ ਖੋਲ੍ਹ ਦਿੱਤੇ ਸਨ।

ਮੇਰੇ ਦਿਮਾਗ ਵਿਚ ਆਇਆ ਸੀ ਕਿ ਸ਼ਾਇਦ ਉਹ ਮੈਨੂੰ ਗਲਤ ਸਮਝ ਰਹੀ ਹੈ। ਉਹਨੂੰ ਪੁੱਛਣਾ ਚਾਹੁੰਦਾ ਸੀ, "ਇਹ ਕੀ ਬੇਹੂਦਗੀ ਹੈ? ਮੈਂ ਬੁੜ੍ਹਾ ਠੇਰਾ, ਤੂੰ ਕੱਲ੍ਹ ਦੀ ਛੋਕਰੀ। ਉਮਰ ਨੂੰ ਨਾ ਭੁੱਲ।"

ਪਰ ਫੇਰ ਮੈਨੂੰ ਯਾਦ ਆਇਆ ਕਿ ਹੈਲਨ ਤਾਂ ਮੇਰੀ ਆਯੂ ਤੋਂ ਚੰਗੀ ਤਰ੍ਹਾਂ ਵਾਕਿਫ ਹੈ। ਕਿਉਂਕਿ ਉਸਤੋਂ ਪਿਛਲੇ ਮਹੀਨੇ ਹੀ ਜਦੋਂ ਮੈਂ ਆਪਣੇ ਤਰੇਟਵੇਂ ਜਨਮ ਦਿਨ ਦੀ ਖ਼ੁਸ਼ੀ ਵਿਚ ਸਾਰੇ ਵਰਕਰਾਂ ਨੂੰ ਬੋਨਸ ਦਿੱਤਾ ਸੀ ਤਾਂ ਹੈਲਨ ਨੇ ਕਿਹਾ ਸੀ, "ਹੈਂ ਸਰ ਤੁਸੀਂ ਤਰੇਹਟ ਸਾਲਾਂ ਦੇ ਹੋ? ਮੈਂ ਤਾਂ ਤੁਹਾਨੂੰ ਪੈਂਤੀਆਂ ਦਾ ਸਮਝਦੀ ਸੀ।"

ਗਦਾਮ ਖੋਲ੍ਹਣ ਉਪਰੰਤ ਉਹਨੇ ਮੇਰੇ ਵੱਲ ਵਾਸ਼ਨਾਪੂਰਵਕ ਦੇਖਦੇ ਹੋਏ ਮੇਰੀ ਨੰਗੀ ਛਾਤੀ ਨੂੰ ਚੁੰਮਿਆਂ ਸੀ, ਫੇਰ ਹੈਲਨ ਨੇ ਇਕ ਪਤਨੀ ਵਾਂਗ ਆਪਣਾ ਹੱਕ ਸਮਝ ਕੇ ਮੇਰੀ ਪੈਂਟ ਦੀ ਹੁੱਕ ਵੀ ਖੋਲ੍ਹ ਮਾਰੀ ਸੀ।

"ਮੈਂ ਤਾਂ ਤੁਹਾਡੀ ਅਥਲੈਟਿਕ ਫਿਜ਼ਿਕ 'ਤੇ ਬੁਰੀ ਤਰ੍ਹਾਂ ਫਿਦਾ ਹਾਂ"। ਤੇ ਉਹ ਮੇਰੇ ਉਤੇ ਲੇਟ ਗਈ। ਉਪਰ ਪਈ ਹੋਈ ਉਹ ਮੈਨੂੰ ਬੇਟੀ ਵਾਂਗ ਲੱਗੀ ਸੀ। ਛੋਟੀ ਹੁੰਦੀ ਮੇਰੀ ਬੱਚੀ ਨੂੰ ਮੰਜੇ ਉਤੇ ਪੈ ਕੇ ਨੀਂਦ ਨਹੀਂ ਆਉਂਦੀ ਹੁੰਦੀ ਸੀ ਤੇ ਉਹਨੇ ਮੇਰੇ ਢਿੱਡ 'ਤੇ ਲੇਟ ਜਾਣਾ ਤੇ ਕਹਿਣਾ, "ਡੈਡੀ ਢਿੱਡ ਹਿਲਾ ਕੇ ਝੂਟੇ-ਮਾਟੇ ਕਰੋ"। ਮੈਂ ਢਿੱਡ ਹਿਲਾਉਣ ਲੱਗ ਜਾਣਾ ਤੇ ਹਿਲੋਰਿਆਂ ਦੀ ਲੋਰ ਨਾਲ ਉਹਦੀ ਐਸੀ ਅੱਖ ਲੱਗਣੀ ਕਿ ਉਹਨੇ ਸਾਰੀ ਸਾਰੀ ਰਾਤ ਮੇਰੇ ਢਿੱਡ 'ਤੇ ਪਈ ਰਹਿਣਾ।

ਹੈਲਨ ਮੇਰੇ ਲੱਕ 'ਤੇ ਚੜ੍ਹੀ ਬੈਠੀ ਮੇਰੇ ਸਰੀਰ ਨੂੰ ਧੱਕਾ ਜਿਹਾ ਮਾਰ ਕੇ ਉਕਸਾ ਰਹੀ ਸੀ ਤੇ ਚਾਹੁੰਦੀ ਸੀ ਮੈਂ ਹੇਠੋਂ ਉਹਨੂੰ ਜ਼ੋਰ ਜ਼ੋਰ ਦੀ ਹਿਲਾਉਣ ਲਈ ਤਾਕਤ ਨਾਲ ਹਿੱਲਾਂ। ਪਰ ਹੈਲਨ ਦਾ ਇਰਾਦਾ ਸੌਣ ਦਾ ਨਹੀਂ ਬਲਕਿ ਸੁੱਤੀਆਂ ਕਲਾਵਾਂ ਜਗਾਉਣ ਦਾ ਸੀ। ਉਹਦੇ ਹੱਥ ਆਹਿਸਤਾ ਆਹਿਸਤਾ ਮੇਰੇ ਪਰਾਈਵੇਟ ਕੰਪਾਰਟਮੈਂਟ ਵੱਲ ਨੂੰ ਸਰਕ ਰਹੇ ਸਨ। ਮੇਰੇ ਸਰੀਰ ਵਿਚ ਥਰਥਰਾਹਟ ਲਿਆਉਣ ਵਾਸਤੇ ਉਹ ਪਹਿਲ-ਕਦਮੀ ਕਰਨ ਲੱਗੀ ਸੀ ਤਾਂ ਮੈਂ ਉਹਨੂੰ ਰੋਕ ਲਿਆ, "ਹੈਲਨ? ਨਾ ਇਹ ਕੀ ਕਰਨ ਲੱਗੀ ਏਂ? ਕੁਝ ਹੋਸ਼ ਕਰ ਮੈਂ ਤੇਰੇ ਪਿਉ ਦਾਦੇ ਸਮਾਨ ਹਾਂ। ਮੈਨੂੰ ਸ਼ਰਾਬੀ ਨਾ ਸਮਝ। ਪੂਰੇ ਹੋਸ਼-ਓ-ਹਵਾਸ ਕਾਇਮ ਹਨ ਮੇਰੇ।"

ਮੇਰਾ ਉਹਨੂੰ ਝਿੜਕ ਕੇ ਐਨਾ ਆਖਣ ਦੀ ਦੇਰ ਸੀ ਕਿ ਉਹ ਉਂਗਲੀਆਂ ਟੁਕਦੀ ਹੋਈ ਬਾਹਰ ਭੱਜ ਗਈ ਸੀ। ਉਹਨੇ ਸ਼ਰਮਿੰਦਗੀ ਮੰਨ ਲਈ ਸੀ। ਮੈਂ ਸੋਚਿਆ ਸੀ ਉਹਨੂੰ ਮੋੜ ਕੇ ਵਾਪਸ ਲਿਆਵਾਂ



ਤੇ ਬੈਠ ਕੇ ਸਮਝਾਵਾਂ-ਬੁਝਾਵਾਂ। ਪੈਂਟ ਹੱਥ 'ਚ ਫੜੀ ਹੁੱਕ ਕਸਦਾ ਹੋਇਆ ਮੈਂ ਅਜੇ ਦੇਹਲੀ ਤਕ ਹੀ ਪਹੁੰਚਿਆ ਸੀ ਤੇ ਅੱਗੇ ਸ੍ਰੀਮਤੀ ਜੀ ਖੜ੍ਹੇ ਸਨ। ਹੈਲਨ ਨੂੰ ਸਾਡੇ ਘਰੋਂ ਰੋਂਦੀ ਹੋਈ ਨਿਕਲਦੀ ਦੇਖ ਲੈਣ ਬਾਅਦ ਮੈਨੂੰ ਪੈਂਟ ਦੀ ਹੁੱਕ ਕਸਦਾ ਅਤੇ ਝੱਗੇ ਦੇ ਬਟਨ ਖੁਲ੍ਹੇ ਲਈ ਖੜ੍ਹਾ ਪਾ ਕੇ ਪਤਨੀ ਨੇ ਮੇਰੇ ਬੇਵਫਾ ਹੋਣ ਦੀ ਕਹਾਣੀ ਘੜ ਲਈ ਸੀ।

ਮੈਂ ਘਰਵਾਲੀ ਨੂੰ ਬਥੇਰੀਆਂ ਸਫਾਈਆਂ ਦਿੱਤੀਆਂ ਸਨ। ਪਰ ਕਿਹੜਾ ਭੜੂਆ ਯਕੀਨ ਕਰਦਾ ਹੈ ? ਸਾਡੇ ਘਰ ਤਾਂ ਕਈ ਦਿਨ 'ਮਹਾਂਭਾਰਤ' ਚਲਦਾ ਰਿਹਾ ਸੀ।

ਬਹਿਰਹਾਲ, ਉਦੂੰ ਅਗਲੇ ਦਿਨ ਹੈਲਨ ਨਮੋਸ਼ੀ ਦੀ ਮਾਰੀ ਨੌਕਰੀ 'ਤੇ ਨਹੀਂ ਸੀ ਆਈ। ਮੈਂ ਉਸਦੇ ਘਰ ਜਾ ਕੇ ਉਸਨੂੰ ਮਨਾ ਕੇ ਵਾਪਸ ਲੈਣ ਗਿਆ ਸੀ। ਚੰਗੇ ਵਰਕਰ ਦੀ ਮੈਂ ਬੜੀ ਕਦਰ ਕਰਦਾ ਹਾਂ।

"ਆ ਤੈਨੂੰ ਮਾਫ਼ ਕੀਤਾ, ਹੈਲਨ। ਕੋਈ ਗੱਲ ਚਿੱਤ ਵਿਚ ਨਾ ਰੱਖੀਂ। ਇਹ ਉਮਰ ਹੀ ਅਹੇ ਜਿਹੀ ਹੈ। ਅਣਜਾਣ ਮੱਤ ਹੁੰਦੀ ਹੈ। ਕੋਈ ਨ੍ਹੀਂ ਬੰਦੇ ਤੋਂ ਗੁਸਤਾਖੀ ਹੋ ਹੀ ਜਾਂਦੀ ਹੈ। ਇਨਸਾਨ ਗਲਤੀਆਂ ਦਾ ਪੁਤਲੈ।" ਨਾਲ ਹੀ ਮੈਂ ਐਵੇਂ ਹੀ ਉਸਨੂੰ ਇਹ ਵੀ ਕਹਿ ਦਿੱਤਾ ਸੀ ਕਿ ਜਵਾਨੀ ਵਿਚ ਮੈਂ ਵੀ ਇਸ ਪ੍ਰਕਾਰ ਦੀਆਂ ਕਈ ਗਲਤੀਆਂ ਕੀਤੀਆਂ ਹਨ।

"ਸਿੱਧੂ ਸਾਹਬ, ਤੁਸੀਂ ਤਾਂ ਬਹੁਤ ਗਰੇਟ ਹੋ।" ਡੁਸਕਦੀ ਹੋਈ ਹੈਲਨ ਮੇਰੇ ਨਾਲ ਤੁਰ ਪਈ ਸੀ। ਤੇ ਅਸੀਂ ਦੋਨੋਂ ਉਸ ਹਾਦਸੇ ਨੂੰ ਭੁੱਲ ਕੇ ਇਕ ਦੂਜੇ ਨਾਲ ਹੁਣ ਵੀ ਪਹਿਲਾਂ ਵਰਗਾ ਵਿਵਹਾਰ ਹੀ ਕਰਦੇ ਹਾਂ। ਹੈਲਨ ਵੀ ਦਿਖਾਵੇ ਵਜੋਂ ਮੇਰਾ ਬੜਾ ਸਤਿਕਾਰ ਕਰਦੀ ਹੈ। ਉਂਅ ਸਾਲੀ ਮੂੰਹ 'ਤੇ ਭਾਵੇਂ ਉੱਤੋਂ ਉੱਤੋਂ ਲੱਖ ਸਿਫ਼ਤਾਂ ਕਰਦੀ ਹੈ। ਪਰ ਅੰਦਰੋਂ ਮੇਰੇ ਨਾਲ ਐਨੀ ਨਫਰਤ ਕਰਨ ਲੱਗ ਪਈ ਹੈ ਕਿ ਮੇਰੇ ਨਾਂ ਦਾ ਵਿਸ਼ੇਸ਼ ਤੌਰ 'ਤੇ ਉਸਨੇ ਕੁੱਤਾ ਪਾਲਿਆ ਸੀ। ਮੇਰਾ ਗੁੱਸਾ ਕੁੱਤੇ 'ਤੇ ਕੱਢ-ਕੱਢ ਬਿਚਾਰੇ ਨੂੰ ਉਹਨੇ ਮਹੀਨੇ ਵਿਚ ਹੀ ਮਾਰ ਦਿੱਤਾ ਸੀ। ਉਂਝ ਗੁੱਸਾ ਤਾਂ ਉਹਦਾ ਜਾਇਜ਼ ਹੀ ਹੈ। ਜਨਾਨੀ ਆਪਣੇ ਆਪ ਨੂੰ ਮਰਦ ਮੂਹਰੇ ਪਰੋਸ ਕੇ ਰੱਖ ਦੇਵੇ ਤੇ ਮਰਦ ਉਹਨੂੰ ਮੂੰਹ ਨਾ ਲਾਵੇ। ਕਿੱਡੀ ਹੱਤਕ ਐ ਇਹਦੇ ਵਿਚ ਤੀਵੀਂ ਦੀ ?

ਖੈਰ ਇਸ ਘਟਨਾ ਦਾ ਮੇਰੀ ਪਰਿਵਾਰਕ ਜ਼ਿੰਦਗੀ ਉਤੇ ਉਨਾ ਅਸਰ ਨਹੀਂ ਸੀ ਪਿਆ ਜਿੰਨਾ ਪੈਣਾ ਚਾਹੀਦਾ ਸੀ। ਮੈਨੂੰ ਮੇਰੇ ਬੁੜ੍ਹਾਪੇ ਨੇ ਬਚਾ ਲਿਆ ਸੀ। ਜੇ ਕਿਤੇ ਜਵਾਨ ਹੁੰਦਾ ਤਾਂ ਤਲਾਕ ਹੋਇਆ ਪਿਆ ਸੀ। ਵੈਸੇ ਹੁਣ ਵੀ ਘਰਵਾਲੀ ਥੋੜ੍ਹੀ ਬਿੰਗ-ਤੜਿੰਗ ਰਹਿੰਦੀ ਹੈ। ਉਹ ਵੀ ਪਰ ਦਿਨੇ-ਦਿਨੇ ਹੀ। ਰਾਤ ਨੂੰ ਤਾਂ ਸਾਰੀ ਰਾਤ ਨਿਆਣੇ ਆਂਗੂੰ ਮੇਰੇ ਨਾਲ ਚਿੰਬੜ ਕੇ ਪੈਂਦੀ ਹੈ।

ਲਉ ਜੀ, ਤੁਹਾਡੇ ਸੰਗ ਗੱਲਾਂ ਬਾਤਾਂ ਵੀ ਹੋ ਗਈਆਂ। ਜੰਗਲ ਪਾਣੀ ਵੀ ਹੋ ਗਿਐ। ਪੰਜ ਇਸ਼ਨਾਨਾ ਵੀ ਨਿਬੜ ਗਿਆ ਹੈ ਤੇ ਸ਼ੇਵ ਵੀ ਕਰ ਲਈ ਹੈ। ਬਾਥਰੂਮ ਵਿਚੋਂ ਨਿਕਲ ਕੇ ਮੈਂ ਸਿੱਧਾ ਰਸੋਈ ਵਿਚ ਆਇਆ ਹਾਂ। ਥਰਮਸ ਖੋਲ੍ਹ ਕੇ ਭਾਫਾਂ ਛੱਡਦੀ ਲੌਂਗ-ਲੈਚੀਆਂ ਵਾਲੀ ਚਾਹ ਕੱਪ 'ਚ ਪਾ ਕੇ ਪਹਿਲੀ ਘੁੱਟ ਹੀ ਭਰਦਾ ਹਾਂ ਕਿ ਮੇਰੇ ਸਿਰ ਵਿਚ ਇਕਦਮ ਦਰਦ ਸ਼ੁਰੂ ਹੋ ਜਾਂਦਾ ਹੈ। ਜੀਅ ਕਰਦਾ ਹੈ ਮੁੱਕੀਆਂ ਮਾਰ ਕੇ ਮੱਥਾ ਭੰਨ ਲਵਾਂ। ਕੱਲ੍ਹ ਦੀ ਦਾਰੂ ਅੱਜ ਅਸਰ ਦਿਖਾ ਰਹੀ ਹੈ। ਇਹੀ ਫ਼ਰਕ ਤਾਂ ਹੈ ਦੇਸੀ ਦਾਰੂ ਅਤੇ ਵਲਾਇਤੀ ਸ਼ਰਾਬ ਵਿਚ। ਦੇਸੀ ਚੜ੍ਹਦੀ ਵੀ ਛੇਤੀ ਹੈ ਤੇ ਲਹਿੰਦੀ ਵੀ ਛੇਤੀ ਹੈ। ਅੰਗਰੇਜ਼ੀ ਕਮਬਖਤ ਚੜ੍ਹ ਵੀ ਹੌਲੀ-ਹੌਲੀ ਤੇ ਲਹੂ ਵੀ ਕਿਸ਼ਤਾਂ ਨਾਲ। ਇਸ ਹੈਂਗ ਓਵਰ ਦਾ ਕੀ ਇਲਾਜ ਕਰਾਂ? ਨੂਣ ਭੁੱਕ ਕੇ ਨਿੰਬੂ ਚੱਟਾਂ? ਪਾਣੀ 'ਚ ਮੌਰਨਿੰਗ ਫਰੈੱਸ਼ ਦੀ ਕੋਈ ਪੁੜੀ ਘੋਲ ਕੇ ਪੀਵਾਂ? ਕੋਈ ਪੇਨ ਕਿੱਲਰ ਗੋਲੀ ਲਵਾਂ? ਜਾਂ ਸੰਤਰੇ ਦੇ ਜੂਸ ਨਾਲ ਅਦਰਕ ਦਾ ਟੁੱਕੜਾ ਚੱਟਾਂ? ... ਗੋਲੀ ਮਾਰੋ ਇਹਨਾਂ ਨੁਸਖਿਆਂ ਨੂੰ। ਇਕ ਲੰਡੂ ਜਿਹਾ ਪੈੱਗ ਹੀ ਹੋਰ ਲਾਉਨਾਂ, ਬਿੰਦ ਵਿਚ ਦੀ 'ਦਰਦ ਸਿਉਂ' ਹੋਣਾਂ ਨੇ ਭੱਜ ਜਾਣਾ ਹੈ।

ਅਲਮਾਰੀ 'ਚੋਂ ਇਕ ਬੋਤਲ ਚੁੱਕ ਕੇ ਸੀਲ ਤੋੜਦਾਂ ਹਾਂ ਤੇ ਗਿਲਾਸ ਭਰ ਲੈਂਦਾ ਹਾਂ। ਪੀਣ ਲੱਗਿਆਂ ਰੁਕ ਜਾਂਦਾ ਹਾਂ। ਸੋਚਦਾ ਹਾਂ ਨਿਰਨੇ ਕਾਲਜੇ ਸ਼ਰਾਬ ਪੀਣੀ ਨੁਕਸਾਨਦੇਹ ਹੈ। ਕਿਉਂ ਨਾ ਪਹਿਲਾਂ ਕੁਝ ਖਾ ਲਵਾਂ? ਸੈਂਡਵਿਚ ਕਿਹੜਾ ਬਣਾਊ?...ਛੱਡੋ ਪਰ੍ਹੇ। ਫਰਿੱਜ ਵਿਚ ਤੱਕੀਏ ਕੀ ਕੁਝ ਹੈ। ਹਾਂ, ਆਹੀ ਚੱਲੂ। ਚਿਕਨ ਐਂਡ ਮਸ਼ਰੂਮ ਪਾਈ ਚੁੱਕ ਕੇ ਮਾਈਕਰੋਵੇਵ ਵਿਚ ਤੱਤੀ ਕਰਦਾ ਹਾਂ ਤੇ ਅੱਧੀ ਕੁ ਖਾਣ ਬਾਅਦ ਹੁਣ ਘੁੱਟ ਭਰੀ ਹੈ। ਆਹ...ਹਾ....ਸੁਆਦ ਆ ਗਿਐ।

ਹੁਣ ਮੈਂ ਕੁਝ ਸੋਚ ਰਿਹਾ ਹਾਂ। ਕੀ? ਇਹ ਤਾਂ ਖੁਦ ਮੈਨੂੰ ਵੀ ਨਹੀਂ ਪਤਾ। ਬਸ ਐਨਾ ਕੁ ਜਾਣਦਾ ਹਾਂ ਕਿ ਦਿਮਾਗ ਚੱਲ ਰਿਹਾ ਹੈ। ਉਧਰ ਲੌਂਜ ਵਿਚ ਪੋਤੇ ਦੇ ਹਾਈਫਾਈ 'ਤੇ ਮਹਿੰਦਰ ਕਪੂਰ ਦੀ ਆਵਾਜ਼ ਵਿਚ ਸ਼ਿਵ ਕੁਮਾਰ ਬਟਾਲਵੀ ਦੀ ਗ਼ਜ਼ਲ ਵੱਜ ਰਹੀ ਹੈ, ਮੈਂ ਵੀ ਟੇਪ ਦੇ ਨਾਲ-ਨਾਲ ਗੁਣਗੁਣਾਉਂਦਾ ਹੋਇਆ ਪੁਰਾਣੀਆਂ ਯਾਦਾਂ ਦੀਆਂ ਵਾਦੀਆਂ ਵਿਚ ਗੁਆਚ ਜਾਂਦਾ ਹਾਂ ।......

"ਮੈਨੂੰ ਜਦ ਵੀ ਤੁਸੀਂ ਹੋ ਯਾਦ ਆਏ। ਦਿਨ ਦਿਹਾੜੇ ਸ਼ਰਾਬ ਲੈ ਬੈਠਾ। ਮੈਨੂੰ ਤੇਰਾ ਸ਼ਬਾਬ ਲੈ ਬੈਠਾ...।"

"ਵਿਹਲ ਜਦ ਵੀ ਮਿਲੀ ਹੈ ਫਰਜ਼ਾਂ ਤੋਂ ਤੇਰੇ ਮੁੱਖ ਦੀ ਕਿਤਾਬ ਲੈ ਬੈਠਾ।"

ਦਰਦ ਜਾਣੀ ਸਿਰ ਤੋਂ ਸਰਕ ਕੇ ਦਿਲ 'ਤੇ ਆ ਗਿਆ ਹੈ ।ਪੀੜ ਜਦੋਂ ਸਿਰ ਵਿਚ ਹੁੰਦੀ ਸੀ ਉਦੋਂ ਤਾਂ ਕੁਝ ਵੀ ਨਹੀਂ ਸੀ ।ਮੈਂ ਬਰਦਾਸ਼ਤ ਤਾਂ ਕਰ ਲਈ ਸੀ ।ਪਰ ਆਹ, ਇਹ ਨਹੀਂ ਮੈਥੋਂ ਸਹਿਣ ਕਰ ਹੁੰਦਾ ।ਜਦੋਂ ਵੀ ਘੁੱਟ ਕੁ ਦਾਰੂ ਪੀ ਲਵਾਂ ਹਰ ਵਾਰ ਮੇਰੇ ਨਾਲ ਇੰਝ ਹੀ ਹੁੰਦਾ ਹੈ ।ਉਹ ਚੰਦਰੀ ਚੇਤੇ ਆ ਜਾਂਦੀ ਹੈ ।ਉਹ? ਉਹ ਜਾਣੀ ਕਿ ਮੇਰੀ ਪਹਿਲੀ ਮੁਹੱਬਤ ! ਹਾਲਾਤ ਹੀ ਕੁਝ ਐਸੇ ਹਨ ਕਿ ਉਹਦਾ ਨਾਮ ਵੀ ਜੇਕਰ ਮੇਰੇ ਬੁਲ੍ਹਾਂ ਦੀ ਸੀਮਾਂ ਪਾਰ ਕਰ ਗਿਆ ਤਾਂ ਅਨਰਥ ਹੋ ਜਾਵੇਗਾ ।ਮੈਂ ਜਾਣ ਬੁੱਝ ਕੇ ਇਹ ਖਤਾ ਹਰਗਿਜ਼ ਨਹੀਂ ਕਰਾਂਗਾ। ਹਾਂ ਏਨਾ ਕੁ ਦੱਸ ਸਕਦਾ ਹਾਂ ਕਿ ਮੇਰੇ ਜੀਵਨ 'ਤੇ ਉਹਨਾਂ ਵਿਅਕਤੀਆਂ ਦਾ ਵਿਸ਼ੇਸ਼ ਪ੍ਰਭਾਵ ਰਿਹਾ ਹੈ, ਜਿਨ੍ਹਾਂ ਦੇ ਨਾਮ ਦਾ ਪਹਿਲਾ ਅੱਖਰ ਹਾਹਾ ਹੋਵੇ। ਮੇਰੀ ਜ਼ਿੰਦਗੀ ਵਿਚ ਜਿੰਨੀਆਂ ਵੀ ਔਰਤਾਂ ਆਈਆਂ ਹਨ। ਸਭਨਾਂ ਦੇ ਨਾਂ ਹਾਹੇ ਤੋਂ ਹੀ ਸ਼ੁਰੂ ਹੁੰਦੇ ਹਨ । ਮੇਰੀ ਪਤਨੀ ਅਤੇ ਉਸ ਮਹਿਬੂਬਾ ਦੇ ਨਾਮ ਨੂੰ ਵੀ ਹਾਹਾ ਲੱਗਦਾ ਹੈ।

ਬੜੀ ਪੁਰਾਣੀ ਗੱਲ ਹੈ, ਇੰਡੀਆ ਦੀ। ਉਦੋਂ ਅਜੇ ਮੈਂ ਬਚਪਨ ਦੀਆਂ ਘੁੰਮਣਘੇਰੀਆਂ ਵਿਚੋਂ ਬਾਹਰ ਨਹੀਂ ਸੀ ਨਿਕਲਿਆ। ਉਹ ਵੀ ਮੇਰੇ ਹਾਣ-ਪਰਵਾਣ ਦੀ ਹੀ ਸੀ। ਪਿੰਡ ਸਾਡੇ ਘਰ ਤੋਂ ਉਹਨਾਂ ਦਾ ਘਰ, ਭਾਵੇਂ ਸੀ ਤਾਂ ਦੋ-ਤਿੰਨ ਸੌ ਗਜ਼ ਹਟਵਾਂ, ਪਰ ਸੀ ਬਿਲਕੁਲ ਸਾਹਮਣੇ। ਮੈਂ ਪਿੰਡ ਤੋਂ ਦੂਰ ਸ਼ਹਿਰ, ਬੋਰਡਿੰਗ ਸਕੂਲ ਵਿਚ ਪੜ੍ਹਦਾ ਹੁੰਦਾ ਸੀ। ਪਿੰਡ ਮੇਰਾ ਜਾਣ-ਆਉਣ ਛੁੱਟੀਆਂ ਵਿਚ ਹੀ ਹੋਇਆ ਕਰਦਾ ਸੀ। ਜੋ ਕਿ ਬਹੁਤ ਘੱਟ ਹੁੰਦੀਆਂ ਸਨ। ਭਾਵੇਂ ਬੋਰਡਿੰਗ ਸਕੂਲ ਦੀ ਕੈਦ ਵਿਚ ਸਾਰੇ ਵਿਦਿਆਰਥੀ ਹੀ ਬੇਤਾਬੀ ਨਾਲ ਛੁੱਟੀਆਂ ਦਾ ਇੰਤਜ਼ਾਰ ਕਰਿਆ ਕਰਦੇ ਸਨ। ਪਰ ਮੇਰੀ ਉਡੀਕ ਸਾਰਿਆਂ ਤੋਂ ਵੱਖਰੀ ਹੁੰਦੀ ਸੀ, ਕਿਉਂਕਿ ਉਸ ਵਿਚ ਤੜਪ ਵੀ ਸ਼ਾਮਲ ਹੁੰਦੀ ਸੀ। ਸਾਡੇ ਮੇਰੀ ਮਾਸ਼ੂਕ ਦਾ ਆਉਣਾ-ਜਾਣਾ ਤਾਂ ਘੱਟ ਹੀ ਹੁੰਦਾ ਸੀ। ਪਰ ਜਦੋਂ ਮੈਂ ਪਿੰਡ ਗਿਆ ਹੁੰਦਾ ਤਾਂ ਉਹ ਕੋਈ ਨਾ ਕੋਈ ਵਿਸ਼ੇਸ਼ ਬਹਾਨਾ ਬਣਾ ਕੇ ਆਉਂਦੀ ਤੇ ਸਾਡੇ ਘਰੇ ਅਟਕਣ ਦੀ ਵੱਧ ਤੋਂ ਵੱਧ ਕੋਸ਼ਿਸ਼ ਕਰਦੀ। ਦੁਨੀਆਂ ਦੀਆਂ ਨਜ਼ਰਾਂ ਵਿਚ ਅਸੀਂ ਬੇਸ਼ੱਕ ਨਿਆਣੇ ਅਤੇ ਬੇਸਮਝ ਸੀ। ਲੇਕਿਨ ਇਹ ਅਸੀਂ ਦੋਨੋਂ ਹੀ ਜਾਣਦੇ ਸੀ ਕਿ ਅਸੀਂ ਸਿਆਣੇ ਅਤੇ ਸਮਝਦਾਰ ਹੋ ਚੁੱਕੇ ਸੀ। ਸਰੀਰ ਭਾਵੇਂ ਸਾਡੇ ਅਜੇ ਕੱਚੇ ਸਨ। ਪਰ ਦਿਮਾਗ ਪੱਕੇ ਹੋ ਗਏ ਸਨ। ਅਸੀਂ ਮੁਹੱਬਤ ਦੀ ਅਦਿੱਖ ਡੋਰ ਵਿਚ ਬੰਨ੍ਹੇ ਜਾ ਚੁੱਕੇ ਸੀ। ਅਸੀਂ ਦੋਨੋਂ ਹੀ ਅਜਿਹੇ ਮੌਕੇ ਦੀ ਤਲਾਸ਼ ਵਿਚ ਰਹਿੰਦੇ ਹੁੰਦੇ ਸੀ ਬਈ ਕਦੋਂ ਤਨਹਾਈ ਵਿਚ ਮਿਲੀਏ ਤੇ ਦਿਲ ਦੀਆਂ ਖੁਲ੍ਹ ਕੇ ਗੱਲਾਂ ਕਰੀਏ। ਮੈਂ ਆਨੀ-ਬਹਾਨੀ ਉਹਦੇ ਕਰੀਬ ਹੁੰਦਾ। ਪਰ ਕੁਝ ਕਹਿ ਨਾ ਸਕਦਾ। ਉਹਨੂੰ ਦੇਖਦਿਆਂ ਹੀ ਮੇਰੀਆਂ ਧੜਕਣਾਂ ਤੇਜ਼ ਹੋ ਜਾਇਆ ਕਰਦੀਆਂ ਸਨ। ਜ਼ਬਾਨ ਨੂੰ ਤੰਦੂਆ ਪੈ ਜਾਂਦਾ ਸੀ। ਕੈਫੀਅਤ



ਉਹਦੀ ਵੀ ਮੇਰੇ ਨਾਲ ਮਿਲਦੀ ਜੁਲਦੀ ਸੀ। ਉਹ ਵੀ ਮੈਨੂੰ ਜੇ ਵੇਖਣ ਲੱਗ ਜਾਂਦੀ ਤਾਂ ਬਸ ਇਕ ਟਕ ਦੇਖੀ ਹੀ ਜਾਂਦੀ। ਨਿਗਾਹ ਗੱਡ ਕੇ। ਅੱਖਾਂ ਵੀ ਨਾ ਝਮਕਦੀ। ਉਹਨੂੰ ਜੱਗ ਦੀ ਪਰਵਾਹ ਵੀ ਨਾ ਰਹਿੰਦੀ। ਉਸਦਾ ਦਿਵਾਨਾਪਨ ਦੇਖ ਕੇ ਮੇਰਾ ਦਿਲ ਕਰਦਾ ਮੈਂ ਭੱਜ ਕੇ ਉਸਨੂੰ ਐਸੀ ਗਲਵੱਕੜੀ ਪਾਵਾਂ, ਜੋ ਸਦੀਵੀ ਹੋਵੇ। ਭਾਵ ਉਹ ਮੇਰੇ ਗਲ ਨਾਲ ਲੱਗੀ ਰਹੇ ਤੇ ਅਸੀਂ ਉਥੇ ਹੀ ਉਸੇ ਹੀ ਮੁਦਰਾ ਵਿਚ ਖੜ੍ਹੇ ਰਹੀਏ ਤੇ ਸਾਡੀ ਸਾਰੀ ਜ਼ਿੰਦਗੀ ਲੰਘ ਜਾਵੇ। ਅਸੀਂ ਕਦੇ ਇਕ ਦੂਜੇ ਤੋਂ ਵੱਖ ਨਾ ਹੋਈਏ । ਗੱਲ ਕੀ? ਸਾਨੂੰ ਦੋਨਾਂ ਨੂੰ ਇਸ਼ਕ ਨਚਾ ਰਿਹਾ ਸੀ, ਤਾਤਾ ਥਈਆ-ਤਾਤਾ ਥਈਆ...।

ਹਰ ਵਾਰ ਛੁੱਟੀਆਂ ਵਿਚ ਮੈਂ ਦ੍ਰਿੜ ਇਰਾਦਾ ਕਰਕੇ ਪਿੰਡ ਜਾਂਦਾ ਕਿ ਇਸ ਵਾਰ ਮੈਂ ਉਹਨੂੰ ਮੁਹੱਬਤ ਦਾ ਇਜ਼ਹਾਰ ਜ਼ਰੂਰ ਕਰਕੇ ਆਵਾਂਗਾ। ਪਰ ਕਦੇ ਵੀ ਮੈਂ ਮੂੰਹੋਂ ਇਕ ਲਫ਼ਜ਼ ਨਾ ਫੁੱਟ ਸਕਦਾ। ਵੈਸੇ ਇਸ ਵਿਚ ਕੋਈ ਸ਼ੱਕ ਨਹੀਂ ਸੀ ਕਿ ਅਸੀਂ ਇਕ ਦੂਜੇ ਨੂੰ ਚਾਹੁੰਦੇ ਸਾਂ। ਲੇਕਿਨ ਫੇਰ ਵੀ ਇਕ ਦੂਜੇ ਨੂੰ ਆਪਣੀਆਂ ਭਾਵਨਾਵਾਂ ਮੂੰਹੋਂ ਬੋਲ ਕੇ ਦੱਸਣੀਆਂ ਵੀ ਤਾਂ ਜ਼ਰੂਰੀ ਸਨ। ਯੋਗ ਮੌਕੇ ਦੀ ਤਾੜ ਵਿਚ ਮੈਂ ਢਿੱਲ ਹੀ ਢਿੱਲ ਕਰਦਾ ਰਹਿੰਦਾ ਅਤੇ ਪਤਾ ਵੀ ਨਾ ਲਗਦਾ ਕਿ ਕਦੋਂ ਛੁੱਟੀਆਂ ਮੁੱਕ ਜਾਂਦੀਆਂ। ਹੋਸਟਲ ਵਿਚ ਵਾਪਸ ਆ ਮੇਰਾ ਉਕਾ ਹੀ ਜੀਅ ਨਾ ਲਗਦਾ ਤੇ ਮੈਂ ਕਈ ਕਈ ਦਿਨ ਆਪਣੇ ਆਪ ਉਤੇ ਖਿਝਦਾ, ਕੁੜ੍ਹਦਾ ਰਹਿੰਦਾ।

ਫਿਰ ਵਕਤ ਦੀਆਂ ਹਨ੍ਹੇਰੀਆਂ ਮੈਨੂੰ ਹਿੰਦੁਸਤਾਨ ਤੋਂ ਇੰਗਲੈਂਡ ਲੈ ਆਈਆਂ। ਪਰੀਆਂ ਦੇ ਦੇਸ ਵਿਚ ਆ ਕੇ ਵੀ ਮੇਰਾ ਧਿਆਨ ਉਸ ਆਪਣੇ ਪਿੰਡ ਦੀ ਹੂਰ ਵੱਲ ਹੀ ਰਹਿੰਦਾ ਸੀ।

ਕੁਝ ਵਰ੍ਹਿਆਂ ਬਾਅਦ ਮੈਂ ਪੂਰਾ ਜਵਾਨ ਹੋ ਕੇ ਵਤਨ ਫੇਰਾ ਮਾਰਨ ਗਿਆ। ਪਿੰਡੋਂ ਕਿਸੇ ਭਰੋਸੇ ਦੇ ਬੰਦੇ ਤੋਂ ਪਤਾ ਲੱਗਿਆ ਕਿ ਉਹਨਾਂ ਦਾ ਪਰਿਵਾਰ ਪਿੰਡ ਛੱਡ ਗਿਆ ਤੇ ਕਿਸੇ ਸ਼ਹਿਰ ਵਿਚ ਜਾ ਕੇ ਰਹਿਣ ਲੱਗ ਪਿਆ ਸੀ। ਸੂਚਨਾਕਾਰ ਨੇ ਨਾਲ ਹੀ ਇਹ ਵੀ ਦੱਸਿਆ ਸੀ, "ਮਿੱਤਰਾ, ਹੁਣ ਤਾਂ ਉਹ ਸੋਹਣੀ ਵੀ ਬਹੁਤ ਨਿਕਲ ਆਈ ਹੈ।"

"ਘੱਟ ਸੋਹਣੀ ਤਾਂ ਉਹ ਪਹਿਲਾਂ ਵੀ ਨਹੀਂ ਸੀ।" ਆਪੇ ਹੀ ਮੇਰੇ ਮੂੰਹੋਂ ਨਿਕਲ ਗਿਆ ਸੀ। ਉਹਦੇ ਉਤੇ ਆਈ ਜੁਆਨੀ ਦੀ ਬਹਾਰ ਬਾਰੇ ਸੁਣ ਲੈਣ ਬਾਅਦ ਉਹਦੇ ਦਰਸ਼ਨਾਂ ਦੀ ਤਾਂਘ ਹੋਰ ਵਧ ਗਈ ਸੀ। ਰੱਬ ਨੇ ਸਬੱਬ ਬਣਾਇਆ। ਮੈਂ ਕਿਸੇ ਬੰਦੇ ਨਾਲ ਬਹਾਨਾ ਘੜਕੇ ਬੜੀ ਮੁਸ਼ਕਿਲ ਨਾਲ ਉਹਨਾਂ ਦੇ ਘਰ ਜਾਣ ਵਿਚ ਕਾਮਯਾਬ ਹੋਇਆ ਸੀ। ਪਰ ਤਕਦੀਰ ਨੇ ਫਿਰ ਸਾਥ ਨਾ ਦਿੱਤਾ। ਜਦੋਂ ਮੈਂ ਉਹਨਾਂ ਦੇ ਘਰ ਗਿਆ ਤਾਂ ਆਥਣ ਦਾ ਵੇਲਾ ਸੀ ਤੇ ਬਿਜਲੀ ਨਾ ਹੋਣ ਕਰਕੇ ਹਨ੍ਹੇਰਾ ਸੀ। ਉਹ ਦੁੱਧ ਦੇ ਗਿਲਾਸ ਥਾਲੀ ਵਿਚ ਰੱਖ ਕੇ ਮੇਰੇ ਅਤੇ ਮੇਰੇ ਸਾਥੀ ਲਈ ਲੈ ਕੇ ਆਈ। ਅਜੀਬ ਤ੍ਰਾਸਦੀ ਸੀ। ਕੋਲ-ਕੋਲ ਬਿਲਕੁਲ ਇਕ ਦੂਜੇ ਦੇ ਸਾਹਮਣੇ ਹੁੰਦੇ ਹੋਏ ਵੀ ਅਸੀਂ ਇਕ ਦੂਜੇ ਨੂੰ ਸਪਸ਼ਟ ਰੂਪ ਵਿਚ ਨਾ ਦੇਖ ਸਕੇ। ਜਿੰਨਾ ਵੱਧ ਤੋਂ ਵੱਧ ਸਮਾਂ ਮੈਂ ਉਹਨਾਂ ਦੇ ਘਰ ਠਹਿਰ ਸਕਦਾ ਸੀ ਓਨਾ ਚਿਰ ਮੈਂ ਰੁਕਿਆ ਰਿਹਾ। ਮਨ ਹੀ ਮਨ ਮੈਂ ਬਿਜਲੀ ਦੇ ਆਉਣ ਦੀਆਂ ਅਰਦਾਸਾਂ ਕਰ ਰਿਹਾ ਸਾਂ। ਪਰ ਬਿਜਲੀ ਮੇਰੇ ਤੋਂ ਕੋਈ ਅਗਲਾ-ਪਿਛਲਾ ਬਦਲਾ ਲੈ ਰਹੀ ਸੀ। ਅਖੀਰ ਉਥੋਂ ਕਦੇ ਨਾ ਕਦੇ ਤਾਂ ਹਿੱਲਣਾ ਹੀ ਪੈਣਾ ਸੀ। ਦਿਲ ਨੂੰ ਸਮਝਾ ਕੇ ਮੈਂ ਉਥੋਂ ਉਠਿਆ ਤੇ ਜਦੋਂ ਉਹਨਾਂ ਦੇ ਦਰੋਂ ਬਾਹਰ ਆਇਆ ਤਾਂ ਸਾਰੀ ਕਲੋਨੀ ਦੀਆਂ ਲਾਇਟਾਂ ਜਗ ਪਈਆਂ ਸਨ। ਉਸ ਵੇਲੇ ਜੋ ਮੇਰੀ ਹਾਲਤ ਸੀ, ਮੈਂ ਹੀ ਜਾਣਦਾ ਹਾਂ। ਮੇਰਾ ਜੀਅ ਕਰਦਾ ਸੀ ਉਸ ਸ਼ਹਿਰ ਦੇ ਬਿਜਲੀ ਮਹਿਕਮੇ ਨੂੰ ਗੋਲੀਆਂ ਨਾਲ ਭੁੰਨ ਦੇਵਾਂ !

ਫੇਰ ਮੇਰਾ ਵਿਆਹ ਹੋ ਗਿਆ ਤੇ ਕੁਝ ਵਰ੍ਹੇ ਬਾਅਦ ਹੀ ਮੇਰੇ ਸੁਣਨ ਵਿਚ ਆਇਆ ਕਿ ਉਸਦਾ ਵਿਆਹ ਵੀ ਇੰਗਲੈਂਡ ਵਿਚ ਹੋ ਗਿਆ ਸੀ। ਮੈਨੂੰ ਸੁਣ ਕੇ ਬਹੁਤ ਖੁਸ਼ੀ ਹੋਈ ਸੀ। ਸ਼ਾਇਦ ਮੈਂ ਦੁਨੀਆਂ ਦਾ ਪਹਿਲਾ ਆਸ਼ਕ ਹੋਵਾਂ, ਜਿਸਨੂੰ ਮਾਸ਼ੂਕ ਦੇ ਵਿਆਹ ਦੀ ਖਬਰ ਸੁਣ ਕੇ ਚਾਅ ਚੜ੍ਹਿਆ ਹੋਵੇ। ਭਾਵੇਂ ਉਹਦੇ ਸਹੁਰੇ ਬਰਮਿੰਘਮ, ਜਿੱਥੇ ਮੈਂ ਰਹਿੰਦਾ ਹਾਂ, ਉਥੋਂ 120-22 ਮੀਲ ਦੂਰ ਸਲੋਹ ਵਿਚ

ਹਨ ਪਰ ਫੇਰ ਵੀ ਮੈਨੂੰ ਖੁਸ਼ੀ ਅਤੇ ਧਰਵਾਸ ਸੀ ਕਿ ਚਲੋ ਕੁਝ ਦੂਰੀ ਤਾਂ ਘਟੀ।

ਉਹ ਸੱਤ ਸਮੁੰਦਰ ਪਾਰ ਕਰ ਆਈ ਸੀ ਤੇ ਮੈਂ ਉਸਨੂੰ ਕੁਝ ਮੀਲਾਂ ਦੀ ਵਿੱਥ ਚੱਲ ਕੇ ਨਹੀਂ ਸੀ ਮਿਲ ਸਕਦਾ। ਨਾ ਹੀ ਉਹ ਮੇਰੇ ਘਰ ਆ ਸਕਦੀ ਸੀ ਅਤੇ ਨਾ ਹੀ ਮੈਂ ਉਹਦੇ ਘਰ ਜਾ ਸਕਦਾ ਸੀ। ਕੀ ਲਗਦੇ ਸੀ ਅਸੀਂ ਇਕ ਦੂਜੇ ਦੇ? ਇਕੋ ਪਿੰਡ ਨਾਲ ਸੰਬੰਧਤ ਹੋਣ ਕਰਕੇ ਅਸੀਂ ਇਕ ਦੂਸਰੇ ਦੇ ਘਰੇ ਆ-ਜਾ ਸਕਦੇ ਸੀ। ਪਰ ਫੇਰ ਵੀ ਅਸੀਂ ਇਕ ਦੂਜੇ ਨੂੰ ਸੰਪਰਕ ਕਰਨ ਦੀ ਕੋਸ਼ਿਸ਼ ਨਹੀਂ ਸੀ ਕੀਤੀ। ਉਹਨੂੰ ਵੀ ਸ਼ਾਇਦ ਮੇਰੇ ਵਾਂਗ ਡਰ ਹੋਵੇਗਾ ਕਿ ਜੇ ਅਸੀਂ ਇਕ ਦੂਜੇ ਨੂੰ ਮਿਲਣ ਲੱਗ ਪਏ ਤਾਂ ਹੋ ਸਕਦਾ ਹੈ ਸਾਡਾ ਅਧੂਰਾ ਇਸ਼ਕ ਪੂਰਾ ਹੋਣ ਦਾ ਆਹਰ ਕਰਨ ਲੱਗ ਜਾਵੇ? ਇੰਡੀਆ ਤਾਂ ਅਸੀਂ ਆਪਣੇ ਆਪ ਨੂੰ ਰੋਕ ਲਿਆ ਸੀ । ਇੱਥੇ ਇੰਗਲੈਂਡ ਵਿਚ ਆਪਣੇ ਆਪਨੂੰ ਰੋਕ ਸਕਾਂਗੇ ਜਾਂ ਨਾ ? ਇਸਦਾ ਸਾਨੂੰ ਆਪਣੇ ਉਪਰ ਭਰੋਸਾ ਨਹੀਂ ਸੀ। ਅਸੀਂ ਚੰਗੀ ਤਰ੍ਹਾਂ ਜਾਣਦੇ ਸੀ ਕਿ ਕੱਖਾਂ ਵਿਚ ਅੱਗ ਲੁਕੋਇਆਂ ਨਹੀਂ ਲੁਕਦੀ। ਇਸ ਕਰਕੇ ਅਸੀਂ ਜਰਕ ਗਏ ਸੀ। ਜਾਂ ਸਮਝ ਲਉ ਸਾਨੂੰ ਸਾਡੀਆਂ ਮਜਬੂਰੀਆਂ ਨੇ ਜਕੜ ਲਿਆ ਸੀ ਤੇ ਸਾਡੇ ਜੀਵਨ ਸਾਥੀਆਂ ਪ੍ਰਤੀ ਬਣਦੇ ਫਰਜ਼ਾਂ ਨੇ ਡੱਕ ਲਿਆ ਸੀ।

ਬਚਪਨ ਵਿਚ ਚਾਹੁੰਦਾ ਮੈਂ ਵੀ ਉਹਨੂੰ ਬਹੁਤ ਸੀ ਤੇ ਚਾਹੁੰਦੀ ਉਹ ਵੀ ਘੱਟ ਨਹੀਂ ਸੀ । ਬੱਸ ਸਾਡੇ ਪਿਆਰ ਨੂੰ ਲੱਤਾਂ ਨਿਸਾਲਣ ਲਈ ਹਾਲਾਤ ਨੇ ਹੀ ਜਗ੍ਹਾ ਨਹੀਂ ਦਿੱਤੀ ਸੀ। ਉਹਨੇ ਤਾਂ ਬੜੇ ਪਾਸ ਦਿੱਤੇ ਸਨ। ਮੈਂ ਹੀ ਅੱਗੇ ਵਧਣ ਦੀ ਜੁਅਰਤ ਨਹੀਂ ਸੀ ਕਰ ਸਕਿਆ। ਆਪਣੀ ਇਸੇ ਕਮਜ਼ੋਰੀ ਕਾਰਨ ਮੈਂ ਹੁਣ ਤਕ ਤੜਫਦਾ ਹਾਂ। ਇਹ ਅਫਸੋਸ ਦੀ ਭਾਵਨਾ ਹਰ ਵੇਲੇ ਮੈਨੂੰ ਅੰਦਰੋਂ ਭੋਰੀ ਜਾਂਦੀ ਰਹਿੰਦੀ ਹੈ।

ਅਸਲ ਵਿਚ ਮੈਨੂੰ ਆਪਣੇ ਨਾਲੋਂ ਉਹਦੀ ਇੱਜ਼ਤ ਦਾ ਜ਼ਿਆਦਾ ਫਿਕਰ ਸੀ। ਮੇਰੇ ਕਿਹੜਾ ਕਲਗੀ ਲੱਗੀ ਸੀ, ਜਿਹੜੀ ਲਹਿ ਜਾਂਦੀ। ਕੁਝ ਵੀ ਕਹੋ, ਇਨਸਾਨ ਆਪਣੀ ਨਾਕਾਮਯਾਬੀ ਲਈ ਸਦਾ ਦੂਸਰਿਆਂ ਨੂੰ ਦੋਸ਼ੀ ਠਹਿਰਾਉਂਦਾ ਹੈ ਜਾਂ ਬਹਾਨੇ ਬਣਾ ਕੇ ਬੋਝ ਤੋਂ ਆਪ ਸੁਰਖ਼ਰੂ ਹੋਣਾ ਚਾਹੁੰਦਾ ਹੈ। ਸਾਹਿਰ ਲੁਧਿਆਣਵੀ ਦੀ ਗ਼ਜ਼ਲ ਦਾ ਇਕ ਸ਼ਿਅਰ ਹੈ "ਜਿਸ ਅਫਸਾਨੇ ਕੋ ਅੰਜਾਮ ਤਕ ਲਾਨਾ ਨਾ ਹੋ ਮੁਮਕਿਨ, ਉਸੇ ਇਕ ਖ਼ੂਬਸੂਰਤ ਮੋੜ ਦੇ ਕਰ ਛੋੜਨਾ ਅੱਛਾ।" ਮੈਂ ਵੀ ਇਵੇਂ ਹੀ ਕੀਤਾ ਸੀ। ਆਪਣੀ ਪ੍ਰੇਮ ਕਹਾਣੀ ਅੰਤ ਵੱਲ ਨਾ ਜਾਂਦੀ ਦੇਖ ਕੇ ਉਸਨੂੰ ਖਤਮ ਕਰਨ ਲਈ ਮੁਕੱਦਰ ਦੇ ਆਸਰੇ ਛੱਡ ਕੇ ਖ਼ੂਬਸੂਰਤ ਮੋੜ ਦੇ ਦਿੱਤਾ ਸੀ। ਸੋਚਿਆ ਸੀ ਦੇਖੀਏ ਤਕਦੀਰ ਕੀ ਰੰਗ ਵਿਖਾਉਂਦੀ ਹੈ?

ਲੇਕਿਨ ਮੈਂ ਚਾਹ ਕੇ ਵੀ ਆਪਣੀ ਮੁਹੱਬਤ ਦੇ ਅਫਸਾਨੇ ਨੂੰ ਅਧੂਰਾ ਨਹੀਂ ਸੀ ਛੱਡ ਸਕਿਆ। ਅਕਸਰ ਮੇਰਾ ਦਿਲ ਕਰਦਾ ਰਹਿੰਦਾ ਹੈ ਕਿ ਮੈਂ ਸਲੋਹ ਦੀਆਂ ਗਲੀਆਂ-ਸੜਕਾਂ ਗਾਹ ਮਾਰਾਂ, ਸ਼ਇਦ ਕਿਸੇ ਮੋੜ, ਕਿਸੇ ਚੌਰਾਹੇ 'ਤੇ ਖੜ੍ਹੀ ਉਹ ਮੈਨੂੰ ਮਿਲ ਜਾਵੇ। ਪਰ ਫੇਰ ਪਤਨੀ ਲਈ ਬਣਦੀਆਂ ਜ਼ਿੰਮੇਵਾਰੀਆਂ ਮੈਨੂੰ ਰੋਕ ਲੈਂਦੀਆਂ। ਬੱਚਿਆਂ ਦਾ ਮੋਹ। ਕੀ ਕਹੂੰਗਾ ?...ਜਵਾਈ, ਨੂੰਹਾਂ ਕੀ ਕਹਿਣਗੀਆਂ? ਹੁਣ ਵੀ ਇਕੋ ਹੀ ਹਸਰਤ ਹੈ ਕਿ ਇਕ ਵਾਰ ਉਹਨੂੰ ਮਿਲ ਕੇ ਦੱਸ ਦੇਵਾਂ ਕਿ ਮੈਂ ਅਜੇ ਵੀ ਉਸਨੂੰ ਓਨਾ ਹੀ ਪਿਆਰ ਕਰਦਾ ਹਾਂ। ਅਗਰ ਐਸਾ ਹੋ ਜਾਵੇ, ਫੇਰ ਹੀ ਜਾਨ ਸੁਖਾਲੀ ਨਿਕਲੂਗੀ। ਇਸ ਲਈ ਭਟਕਣ ਵਿਚ ਗ੍ਰੱਸੇ ਹੋਏ ਦੇ ਮੇਰੇ ਕਦਮ ਵਾਰ-ਵਾਰ ਸਲੋਹ ਵੱਲ ਦੌੜਨ ਲੱਗ ਪੈਂਦੇ ਹਨ। ਹਰਦਮ ਅੰਦਰ ਕੁਝ ਸੁਲਗਦਾ ਰਹਿੰਦਾ ਹੈ।

ਕੱਲ੍ਹ ਵੀ ਮੈਂ ਪਿਆਰ ਦਾ ਪੱਟਿਆ ਸਲੋਹ ਹੀ ਗਿਆ ਸੀ। ਪਰ ਰਸਤੇ ਵਿਚ ਖਿਆਲ ਆਇਆ ਕਿ ਪੋਤੇ, ਪੋਤੀਆਂ, ਦੋਹਤੇ, ਦੋਹਤੀਆਂ ਕੀ ਕਹਿਣਗੇ? ਕਬਰ 'ਚ ਲੱਤਾਂ ਤੇ ਬੁੱਢੇ ਨੂੰ ਇਸ਼ਕ ਦਾ ਝੱਲ ਚੜ੍ਹਿਐ। ਇਸ ਕਰਕੇ ਨਿੰਮੋਝੂਣਾ ਜਿਹਾ ਹੋ ਕੇ ਮੈਂ ਰਾਹ 'ਚੋਂ ਹੀ ਮੁੜ ਆਇਆ ਸੀ ਤੇ ਸਾਰੀ ਰਾਤ ਬਿਨਾਂ ਕਿਸੇ ਮੰਜ਼ਿਲ ਦੇ ਸੜਕਾਂ 'ਤੇ ਅਵਾਰਾ ਭਟਕਦਾ ਰਿਹਾ ਸੀ।

...ਖੌਰੇ ਐਸ ਵੇਲੇ ਉਹ ਕੀ ਕਰਦੀ ਹੋਊਗੀ? ਕਿਸ ਹਾਲ ਵਿਚ ਹੋਵੇਗੀ? ਮੈਂ ਤਾਂ ਉਹਦੇ ਨਾਮ



ਦੀ ਮਾਲਾ ਹੀ ਜਪਦਾ ਰਹਿੰਦਾ ਹਾਂ। ਉਹ ਪਤਾ ਨਹੀਂ ਮੇਰੇ ਬਾਰੇ ਕਦੇ ਸੋਚਦੀ ਵੀ ਹੋਊ ਜਾਂ ਨਹੀਂ? ਇਕ ਮੈਂ ਹਾਂ ਜਿਹੜਾ ਕਿ ਇਉਂ ਤੜਫ ਰਿਹਾ ਹਾਂ ਜਿਵੇਂ ਅੰਨ੍ਹਾ ਪੁਲੀਸ ਤਸ਼ੱਦਦ ਝੱਲਣ ਵੇਲੇ ਕੋਈ ਬੇਗੁਨਾਹ ਸਹਿਕ ਫੁੜਕ ਰਿਹਾ ਅਤੇ ਕਰਾਹ ਰਿਹਾ ਹੁੰਦਾ ਹੈ। ਨਹੀਂ! ਜ਼ਰੂਰ ਉਹਦੇ ਵੀ ਦਿਲ ਦੇ ਕਿਸੇ ਕੋਨੇ ਮੇਰਾ ਵਾਸਾ ਹੋਵੇਗਾ...? ਸ਼ਾਇਦ !

ਐਵੇਂ ਹੀ ਭਾਵੁਕ ਜਿਹਾ ਹੋ ਗਿਆ ਹਾਂ। ਇਕ ਪੈੱਗ ਹੋਰ ਪੀਂਦਾ ਹਾਂ। ਇਕ ਤਕੜਾ ਜਿਹਾ ਪੈੱਗ ਪਾਇਆ ਹੈ। ਪੀਣ ਲੱਗਦਾ ਹਾਂ ਕਿ ਘੰਟੀ ਖੜਕਦੀ ਹੈ। ਮੈਂ ਦੇਖਦਾ ਹਾਂ, ਕੌਣ ਹੈ? ਪੋਤੇ ਨੂੰ ਕਾਹਨੂੰ ਹਟਾਉਣਾ ਕੰਮ ਕਰਦੇ ਨੂੰ।

ਦਰਵਾਜ਼ਾ ਖੋਲ੍ਹਿਆ ਹੈ ਤੇ ਅੱਗੋਂ ਚਿੱਟਾ ਕੁੜਤਾ ਪਜਾਮਾ ਪਾਈ, ਖੱਟੀ ਪੱਗ ਬੰਨ੍ਹੀ, ਖੁਲ੍ਹੇ ਲੰਮੇ ਦਾਹੜੇ ਵਾਲਾ ਮੇਰੇ ਮੁੰਡੇ ਦਾ ਸਹੁਰਾ ਖੜ੍ਹਾ ਦਿਖਾਈ ਦਿੰਦਾ ਹੈ। ਮੈਂ ਅੰਮ੍ਰਿਤਧਾਰੀ ਕੁੜਮ ਨੂੰ 'ਹੈਲੋ' ਕਹੀ ਹੈ ਤੇ ਉਹ ਮੂਹਰਿਉਂ ਹੱਥ ਜੋੜ ਕੇ ਸਿੰਘਾਂ ਵਾਲੀ ਫਤਿਹ ਬੁਲਾਉਂਦਾ ਹੈ। ਮੈਂ ਉਸਨੂੰ ਅੰਦਰ ਵੜਨ ਲਈ ਆਖਦਾ ਹਾਂ। ਉਹ ਮੇਰੇ ਹੱਥ 'ਚ ਸ਼ਰਾਬ ਤਕ ਕੇ ਬੁਰਾ ਮਨਾਉਂਦਾ ਹੈ, "ਹੋ ਗਏ ਸਵੇਰੇ ਸਵੇਰੇ ਸ਼ੁਰੂ?"

"ਬੱਸ ਜੀ ਐਵੇਂ ਹੀ...!" ਮੈਨੂੰ ਖੁਦ ਨਹੀਂ ਪਤਾ ਮੈਂ ਕੀ ਕਹਿਣਾ ਚਾਹੁੰਦਾ ਹਾਂ।

"ਛੱਡੋ ਇਹ ਕੰਮ। ਸਿੱਧੂ ਸਾਹਿਬ, ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣ ਜੋ।"

ਕੁੜਮ ਦੀ ਦਿੱਤੀ ਮੱਤ ਮੇਰੇ ਹਜ਼ਮ ਨਹੀਂ ਹੋਈ, "ਨਾ ਜੀ, ਹੁਣ ਤਾਂ ਅਗਲੇ ਜਨਮ 'ਚ ਈ ਗੁਰੂ ਦੇ ਲੜ ਲੱਗਾਂਗੇ। ਆਹ ਤਾਂ ਸਾਰੀ ਉਮਰ ਕੁੱਤੇ ਕੰਮਾਂ ਵਿਚ ਲੰਘ 'ਗੀ। ਹੁਣ ਜੇ ਗੁਰਦੁਆਰੇ ਜਾਂਦੇ ਕਿਸੇ ਨੇ ਦੇਖ ਲਿਆ ਤਾਂ ਅਗਲੇ ਨੇ ਕਹਿਣੈ, ਨੌਂ ਸੌ ਚੂਹੇ ਖਾ ਕੇ ਬਿੱਲੀ ਹੱਜ ਨੂੰ ਚੱਲੀ।"

"ਲੋਕਾਂ ਦੀ ਪਰਵਾਹ ਨਾ ਕਰੋ। ਬੰਦੇ ਨੂੰ ਉਹੀ ਕਰਨਾ ਚਾਹੀਦੈ ਜੋ ਉਹਦੇ ਦਿਲ ਨੂੰ ਚੰਗਾ ਲੱਗੇ। 'ਲੋਕ ਕੀ ਕਹਿਣਗੇ ?' ਦਾ ਫਿਕਰ ਕਰਨ ਵਾਲਾ ਇਨਸਾਨ ਜ਼ਿੰਦਗੀ ਵਿਚ ਕੁਝ ਵੀ ਹਾਸਲ ਨਹੀਂ ਕਰ ਸਕਦਾ।"

ਵੈਸੇ ਬਈ ਬੰਦੇ ਦੀ ਗੱਲ 'ਚ ਦਮ ਹੈ। ਚਲੋ ਛੱਡੋ ਇਸ ਗੱਲ ਨੂੰ। ਵਿਸ਼ਾ ਬਦਲੀਏ। ਨਹੀਂ ਤਾਂ ਇਹਨੇ ਉਪਦੇਸ਼ ਦੇਣੋਂ ਨਹੀਂ ਹਟਣਾ।

"ਗਿਆਨੀ ਜੀ, ਤੁਹਾਡੇ ਦੋਹਤੇ ਦਾ ਆਪਾਂ ਹੁਣ ਵਿਆਹ ਕਰ ਦਈਏ? ਮੁੰਡਾ ਗੱਭਰੂ ਹੋ ਗਿਐ।"

ਕੁੜਮ ਮੁੱਛਾਂ ਅਤੇ ਦਾੜ੍ਹੀ 'ਤੇ ਹੱਥ ਜਿਹਾ ਮਾਰਦਾ ਹੋਇਆ ਬੋਲਦਾ ਹੈ, "ਨਹੀਂ ਜੀ। ਅਜੇ ਪੜ੍ਹ ਲੈਣ ਦਿਉ ਹੋਰ। ਹਾਲੇ ਤਾਂ ਨਿਆਣਾ ਐ।"

"ਤੁਸੀਂ ਨਿਆਣਾ ਸਮਝਦੇ ਹੋ? ਨੰਗੀਆਂ ਜਨਾਨੀਆਂ ਦੀਆਂ ਮੂਰਤਾਂ ਬਣਾਉਂਦੈ ।"

"ਹੈਂ ?" ਮੇਰੇ ਕੁੜਮ ਦੀਆਂ ਅੱਖਾਂ ਅੱਡੀਆਂ ਰਹਿ ਜਾਂਦੀਆਂ ਹਨ।

"ਤੁਹਾਨੂੰ ਕੀਹਨੇ ਕਿਹੈ ਮੈਂ ਅਸ਼ਲੀਲ ਤਸਵੀਰਾਂ ਬਣਾਉਂਦਾਂ ?" ਪੋਤੇ ਨੇ ਆਪ ਆਪਣੀ ਪੈਰਵਾਈ ਕੀਤੀ ਹੈ।

"ਫੇਰ ਲੁਕੋਂਦਾ ਕਾਸਤੋਂ ਹੈਂ ? ਦਿਖਾਦੇ ਕੀ ਵਾਹ ਰਿਹੈਂ? ਆਹੋ ਮੈਨੂੰ ਹੁਣ ਤੂੰ ਕਹੇਂਗਾ ਅਸ਼ਲੀਲਤਾ ਕਲਾ ਕਿਰਤ ਵਿਚ ਨਹੀਂ, ਬੰਦੇ ਦੇ ਦਿਮਾਗ ਵਿਚ ਹੁੰਦੀ ਹੈ। ਗਿਆਨੀ ਜੀ ਇਕ ਅੰਗਰੇਜ਼ੀ ਫਿਲਮ ਆ, ਸਟਰੀਪਟੀਜ਼। ਉਹਦੇ ਪੋਸਟਰ ਉਤੇ ਐਕਟਰੈੱਸ ਡੈਮੀ ਮੋਰ ਦੀ ਫੋਟੋ ਛਪੀ ਐ, ਉਹ ਜਮਾਂ ਈ ਨੰਗੀ ਹੈ, ਕੁਝ ਇਸ ਤਰ੍ਹਾਂ ਦੇ ਆਸਣ ਵਿਚ ਬੈਠੀ ਕਿ ਉਸਦਾ ਕੋਈ ਵੀ ਗੁਪਤ ਅੰਗ ਸਪਸ਼ਟ ਨਜ਼ਰ ਨਹੀਂ ਆਉਂਦਾ। ਤੁਹਾਨੂੰ ਮੈਂ ਉਹ ਤਸਵੀਰ ਦਿਖਾਵਾਂ ਤਾਂ ਤੁਸੀਂ ਦੇਖ ਕੇ ਅੱਖਾਂ ਮੀਚ ਲੈਣੀਆਂ। ਇਹਨੂੰ ਮੈਂ ਕਿਹਾ ਉਹ ਗੰਦੀ ਫੋਟੋ ਆ, ਅੱਗੋਂ ਬਣਾ ਸੁਆਰ ਕੇ ਕਹਿੰਦਾ, 'ਅਸ਼ਲੀਲਤਾ ਤਾਂ ਬੰਦੇ ਦੇ ਜ਼ਿਹਨ ਵਿਚ ਹੁੰਦੀ ਹੈ। ਉਹ ਫੋਟੋ ਤਾਂ ਕਲਾ ਦਾ ਬਿਹਤਰੀਨ ਨਮੂਨਾ ਹੈ, ਕਿਉਂਕਿ ਉਸ ਵਿਚ ਫੋਟੋਗ੍ਰਾਫਰ ਨੇ ਡੈਮੀ ਦੇ ਸਾਰੇ ਕਪੜੇ ਲਹਾ ਕੇ ਵੀ ਕੁਝ ਨਹੀਂ ਦਿਸਣ ਦਿੱਤਾ।' ਬੋਲ ਹੁਣ ਚੁੱਪ ਕਿਉਂ ਹੈਂ ?"

"ਨਹੀਂ ਗਰੈਂਡ ਡੈਡ, ਉਹ ਗੱਲ ਨਹੀਂ ਜੋ ਤੁਸੀਂ ਸਮਝ ਰਹੇ ਹੋ। ਮੈਂ ਤਸਵੀਰ ਇਸ ਲਈ ਲੁਕੋ ਰਿਹਾ ਹਾਂ ਕਿਉਂਕਿ ਇਹ ਅਜੇ ਤਕ ਮੁਕੰਮਲ ਨਹੀਂ ਹੋਈ। ਅਧੂਰੀ ਹੈ। ਮੇਰਾ ਮਤ ਹੈ ਕਲਾਕਾਰ ਨੂੰ ਆਪਣੀ ਕਿਰਤ ਪਰਦੇ ਵਿਚ ਰੱਖ ਕੇ ਆਪਣੀ ਕਲਪਨਾ ਨੂੰ ਉਦੋਂ ਤਕ ਭਜਾਉਂਦੇ ਰਹਿਣਾ ਚਾਹੀਦਾ ਹੈ ਜਦ ਤਕ ਉਹ ਥੱਕ ਟੁੱਟ ਨਹੀਂ ਜਾਂਦੀ। ਡਿੱਗ ਨਹੀਂ ਪੈਂਦੀ। ਹੋਰ ਅੱਗੇ ਚੱਲਣ ਤੋਂ ਅਸਮਰਥ ਹੋ ਜਾਂਦੀ ਹੈ। ਆਪਣੀ ਤਸੱਲੀ ਹੋ ਜਾਣ ਮਗਰੋਂ ਹੀ ਆਪਣੇ ਕੰਮ ਨੂੰ ਬਿਹਤਰ ਬਣਾਉਣ ਲਈ ਦੂਜਿਆਂ ਤੋਂ ਮਸ਼ਵਰਾ ਲੈਣਾ ਚਾਹੀਦਾ ਹੈ। ਜਿੰਨਾ ਚਿਰ ਮੇਰੀ ਤਸਵੀਰ ਅਧੂਰੀ ਹੈ ਮੈਂ ਨਹੀਂ ਦਿਖਾ ਸਕਦਾ।" ਪੋਤਾ ਆਪਣੇ ਨੰਬਰ ਜਿਹੇ ਬਣਾਉਂਦਾ ਹੈ।

"ਦੇਖਿਆ ? ਕਿਵੇਂ ਟਾਲ ਗਿਆ ਹੈ ?"

ਪੋਤੇ ਦਾ ਬੁਰਸ਼ ਵਾਲਾ ਹੱਥ ਬੜੀ ਤੇਜ਼ੀ ਨਾਲ ਚੱਲ ਰਿਹਾ ਹੈ, "ਮੈਂ ਟਾਲਦਾ ਨਹੀਂ। ਇਕ ਮਿੰਟ ਦਾ ਕੰਮ ਰਹਿ ਗਿਆ ਹੈ। ਪੂਰਾ ਕਰਕੇ ਦਿਖਾਉਂਦਾ ਹਾਂ।... ਆਹ ਲਉ, ਆਜੋ ਦੇਖ ਲਉ।"

ਮੈਂ ਭੱਜ ਕੇ ਕੁੜਮ ਤੋਂ ਮੂਹਰੇ ਹੋ ਜਾਂਦਾ ਹਾਂ, ਮੈਨੂੰ ਡਰ ਹੈ ਕਿ ਪਹਿਲਾਂ ਦੇਖ ਕੇ ਕਿਤੇ ਸਾਰਾ ਨਜ਼ਾਰਾ ਉਹ ਹੀ ਨਾ ਲੈ ਜਾਵੇ। ਇਹੋ ਜਿਹੇ ਧਾਰਮਿਕ ਖਿਆਲ ਵਾਲੇ ਬੰਦੇ ਬੜੇ ਢੌਂਗੀ ਹੁੰਦੇ ਹਨ। ਉਤੋਂ ਬੀਬੀਆਂ ਦਾੜ੍ਹੀਆਂ, ਵਿਚੋਂ ਕਾਲੇ ਕਾਂ। ਦੇਖਣ ਨੂੰ ਹੀ ਇਹ ਲੋਕ ਬਗਲੇ ਭਗਤ ਲਗਦੇ ਨੇ। ਪਤਾ ਉਦੋਂ ਈ ਲਗਦੈ, ਜਦੋਂ ਸਰਦਾਰ ਸਾਹਿਬ ਦੇ ਕਮਰੇ 'ਚੋਂ ਨੋਟ ਗਿਣਦੀ ਜਾਂ ਸਕੱਰਟ ਜਿਹੀ ਸੂਤ ਕਰਦੀ ਹੋਈ ਕੋਈ ਮੇਮ ਨਿਕਲਦੀ ਹੁੰਦੀ ਹੈ।

ਤਸਵੀਰ ਹੁਣ ਬਿਲਕੁਲ ਮੇਰੀਆਂ ਅੱਖਾਂ ਸਾਹਮਣੇ ਹੈ। ਐਂ? ਟਾਏਂ ਟਾਏਂ ਫਿਸ਼। ਖੋਦਾ ਪਹਾੜ ਨਿਕਲੀ ਚੂਹੀਆ। ਇਹ ਤਾਂ ਕਿਸੇ ਮੈਲੇ ਜਿਹੇ ਬਜ਼ੁਰਗ ਆਦਮੀ ਦੀ ਤਸਵੀਰ ਹੈ। ਪਾਟੇ ਜਿਹੇ ਭੂਰੇ ਦੀ ਬੁੱਕਲ ਮਾਰੀ। ਦੂਰ ਤਕ ਜਾਂਦੇ ਰਾਹ ਵੱਲ ਤੱਕਦਾ ਹੋਇਆ ਜਿਵੇਂ ਕੁਝ ਸੋਚ ਜਿਹਾ ਹੈ। ਪੇਂਟਿੰਗ ਬਣਾਇਆ ਉਂਝ ਸੋਹਣਾ ਹੈ। ਝੁਰੜੀਆਂ-ਝਾਰੜੀਆਂ ਬਣਾ ਕੇ ਜਾਨ ਪਾਈ ਪਈ ਹੈ। ਤੇ ਰਾਹ ਵਿਚ ਗਿੱਲਾ ਗਾਰਾ ਬਣਾ ਕੇ ਮੀਂਹ ਪੈਣ ਤੋਂ ਬਾਅਦ ਦਾ ਦ੍ਰਿਸ਼ ਚਿਤਰਿਆ ਹੈ। "ਵੈਲਡੰਨ ਸੱਨ।"

ਮੇਰੇ ਕੁੜਮ ਦੇ ਮੂੰਹੋਂ ਆਪ ਮੁਹਾਰੇ ਸਿਫਤ ਨਿਕਲਦੀ ਹੈ, "ਵਾਹ! ਬਹੁਤ ਅੱਛੇ। ਇਉਂ ਜਿਵੇਂ ਸ਼ੇਖ ਫਰੀਦ ਸਾਖਸ਼ਾਤ ਸਾਡੇ ਸਾਹਮਣੇ ਖੜ੍ਹਾ ਹੋਵੇ।"

"ਇਹ ਸ਼ੇਖ ਫ਼ਰੀਦ ਐ"? ਮੈਂ ਤਸਵੀਰ ਦੀ ਤਰਫ ਉਂਗਲ ਕਰਕੇ ਪੋਤੇ ਨੂੰ ਪੁੱਛਦਾ ਹਾਂ। ਪਰ ਕੁੜਮ ਜੁਆਬ ਦਿੰਦਾ ਹੈ।

"ਹਾਂ ਜੀ, ਗੰਜ-ਏ-ਸ਼ੱਕਰ ਫ਼ਰੀਦੁਦੀਨ ਹੀ ਹੈ ਇਹ।"

"ਗਿਆਨੀ ਜੀ ਤੁਹਾਨੂੰ ਕਿਵੇਂ ਪਤਾ ਲੱਗਿਐ ?"

"ਇਹ ਗੱਲ ਬੁੱਝਣੀ ਤਾਂ ਬੜੀ ਆਸਾਨ ਹੈ। ਚੂੰਕਿ ਇਹ ਤਸਵੀਰ ਫ਼ਰੀਦ ਦੇ ਸਲੋਕ ਉਤੇ ਆਧਾਰਤ ਹੈ ਔਰ ਉਹ ਸਲੋਕ ਹੈ, "ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ॥ ਚਲਾ ਤ ਭਿਜੈ ਕੰਬਲੀ ਰਹਾ ਤ ਤੁਟੈ ਨੇਹੁ।"

"ਉਹ ਕੀ ਹੁੰਦੈ ਜੀ, ਮੈਨੂੰ ਕੁਝ ਸਮਝ ਨਹੀਂ ਲੱਗੀ?" ਮੈਂ ਦਾੜ੍ਹੀ ਖੁਰਕਦਾ ਹਾਂ।

"ਮਤਲਬ ਬੜਾ ਸੌਖਾ ਤੇ ਸਾਫ਼ ਹੈ। ਫ਼ਰੀਦ ਜੀ ਫੁਰਮਾਉਂਦੇ ਹਨ ਕਿ ਗਲੀਆਂ ਵਿਚ ਚਿਕੜ ਹੈ ਅਤੇ ਪਤੀ (ਪਰਮਾਤਮਾ) ਦਾ ਘਰ ਬੜੀ ਦੂਰ ਹੈ। ਮੇਰਾ ਉਸ ਨਾਲ ਮਿਲਣ ਦਾ ਇਕਰਾਰ ਕੀਤਾ ਹੋਇਆ ਹੈ। ਜੇ ਜਾਂਦਾ ਹਾਂ ਤਾਂ ਲਿਬੜਦਾ ਹਾਂ। ਜੇ ਨਹੀਂ ਜਾਂਦਾ ਤਾਂ ਮੈਂ ਇਕਰਾਰ ਤੋਂ ਝੂਠਾ ਪੈਂਦਾ ਹਾਂ ਅਤੇ ਪ੍ਰੇਮ ਟੁੱਟਦਾ ਹੈ।"

ਮੈਂ ਸਲੋਕ ਦੇ ਅਰਥਾਂ ਵਿਚ ਉਲਝ ਜਾਂਦਾ ਹਾਂ ਤੇ ਮੈਨੂੰ ਹੋਰ ਕੁਝ ਨਹੀਂ ਅਹੁੜਦਾ। ਕੁੜਮ ਤੇ ਪੋਤਾ ਆਪਸ ਵਿਚ ਗੱਲੀਂ ਜੁਟ ਗਏ ਹਨ। ਮੇਰੀ ਹਾਲਤ ਵੀ ਇੰਨ-ਬਿੰਨ ਫ਼ਰੀਦ ਵਾਲੀ ਹੈ।...ਗਲੀਆਂ



ਵਿਚ ਰਿਸ਼ਤਿਆਂ, ਨਾਤਿਆਂ ਦਾ ਚਿਕੜ ਹੈ। ਜੋ ਰੋਕਦਾ ਹੈ ਤੇ ਦੂਜੇ ਪਾਸੇ ਪਿਆਰੇ ਮਹਿਬੂਬ ਦਾ ਮੋਹ ਹੈ ਜੋ ਖਿੱਚ-ਖਿੱਚ ਸਲੋਹ ਵੱਲ ਲਿਜਾਂਦਾ ਹੈ।

ਪਤਾ ਨਹੀਂ ਮੇਰੇ ਮਨ ਵਿਚ ਕੀ ਆਇਆ ਹੈ ਕਿ ਮੈਂ ਕੁੜਮ ਨੂੰ ਪੁੱਛ ਲੈਂਦਾ ਹਾਂ, "ਇਹ 'ਗਲੀਏਂ ਚਿਕੜ' ਵਾਲੀ ਜੋ ਅਵਸਥਾ ਹੈ। ਜੇ ਕਦੇ ਤੁਸੀਂ ਅਜਿਹੀ ਸੀਚਿਊਏਸ਼ਨ ਵਿਚ ਪਉ ਤਾਂ ਤੁਸੀਂ ਕੀ ਕਰੋਂਗੇ?"

"ਇਸਦਾ ਜੁਆਬ ਵੀ ਫ਼ਰੀਦ ਜੀ ਨੇ ਖੁਦ ਹੀ ਇਸ ਤੋਂ ਅਗਲੇ ਸਲੋਕ ਵਿਚ ਦੇ ਦਿੱਤਾ ਸੀ। -ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥ ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ।"

"ਉਹਦਾ ਕੀ ਮਤਲਬ?" ਮੈਂ ਸਾਰੀ ਗੱਲ ਸਮਝਣੀ ਚਾਹੁੰਦਾ ਹਾਂ।

"ਲਉ ਜੀ, ਕਰ ਲਉ ਗੱਲ! ਸਿੱਧੂ ਸਾਹਬ ਤੁਹਾਡੀ ਪੰਜਾਬੀ ਤਾਂ ਬਾਹਲੀ ਓ ਕਮਜ਼ੋਰ ਐ। ਇੰਗਲਿਸ਼ ਮੀਡੀਅਮ ਸਕੂਲ ਵਿਚ ਪੜ੍ਹਨ ਦਾ ਆਹੀ ਨੁਕਸਾਨ ਹੈ।... ਫ਼ਰੀਦ ਦੀ ਰਚੀ ਹੋਈ ਬਾਣੀ ਤਾਂ ਸਰਲ ਹੀ ਬਹੁਤ ਹੈ, ਵਿਆਖਿਆ ਦੀ ਲੋੜ ਹੀ ਨਹੀਂ ਪੈਂਦੀ। ਸਿੱਧੇ-ਸਾਧੇ ਜਿਹੇ ਅਰਥ ਹਨ। ਦੁਬਿਧਾ ਵਿਚੋਂ ਨਿਕਲਣ ਦੀ ਪ੍ਰੇਰਨਾ ਦਿੰਦੇ ਹੋਏ ਫ਼ਰੀਦ ਜੀ ਆਪ ਹੀ ਫੁਰਮਾਉਂਦੇ ਹਨ ਕਿ ਬੇਸ਼ੱਕ ਕੰਬਲੀ ਭਿੱਜ ਜਾਵੇ, ਬਾਰਿਸ਼ ਵੀ ਹੁੰਦੀ ਰਹੇ, ਪਰੰਤੂ ਉਹ ਆਪਣੇ ਇਕਰਾਰ ਤੋਂ ਝੂਠੇ ਨਹੀਂ ਪੈਣਗੇ, ਬਲਕਿ ਪੂਰੀ ਸਿਦਕ-ਦਿਲੀ ਨਾਲ ਆਪਣੇ ਪ੍ਰੀਤਮ ਪਾਸ ਜਾ ਪਹੁੰਚਣਗੇ।"

ਵਾਹ! ਕਿੱਡੀ ਪਤੇ ਦੀ ਗੱਲ ਕਹੀ ਹੈ ਫ਼ਰੀਦ ਜੀ ਨੇ। ਬਥੇਰਾ ਸਮਾਂ ਜੱਕੋਂ ਤੱਕੋਂ ਵਿਚ ਅਜਾਈਂ ਗਵਾ ਲਿਆ ਹੈ। ਹੁਣ ਹੋਰ ਦੇਰ ਕਰੀ ਤਾਂ ਮੈਂ ਬਚਨਾਂ ਤੋਂ ਝੂਠਾ ਪੈ ਜਾਵਾਂਗਾ। ਮੈਨੂੰ ਮਰ ਕੇ ਵੀ ਸਕੂਨ ਨਹੀਂ ਹੋਣਾ। ਆਤਮਾ ਭਟਕਦੀ ਰਹੇਗੀ। ਮੈਂ ਉਠ ਕੇ ਕਾਰ ਦੀਆਂ ਚਾਬੀਆਂ ਚੁੱਕਦਾ ਹਾਂ ਤਾਂ ਕੁੜਮ ਮੇਰੇ ਵੱਲ ਦੇਖਦਾ ਹੈ।

"ਬੈਠੋ ਜਾਣਾ ਤਾਂ ਮੈਨੂੰ ਚਾਹੀਦੈ, ਤੁਸੀਂ ਕਿਧਰ ਚੱਲੇ?"

"ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥ ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ।" ਮੈਂ ਬੁੱਲ੍ਹਾਂ ਵਿਚ ਮੁਸਕਾਉਂਦਾ ਹਾਂ।

ਕੁੜਮ ਨੂੰ ਮੇਰੀ ਸਮਝ ਨਹੀਂ ਲੱਗਦੀ। ਮੈਂ ਉਸਨੂੰ ਸਮਝਾਉਣ ਦੀ ਪਰਵਾਹ ਵੀ ਨਹੀਂ ਕਰਦਾ ਤੇ ਚਾਬੀਆਂ ਛਣਕਾਉਂਦਾ ਬਾਹਰ ਨਿਕਲਣ ਲਗਦਾ ਹਾਂ ਤਾਂ ਪਤਨੀ ਆ ਧਮਕਦੀ ਹੈ। ਮੈਂ ਦਰਵਾਜ਼ੇ ਵਿਚ ਹੀ ਆਲਾ-ਦੁਆਲਾ ਦੇਖ ਉਸਨੂੰ ਜੱਫੀ ਪਾ ਕੇ ਚੁੰਮਦਾ ਹਾਂ।

"ਸ਼ਰਮ ਕਰੋ ਕੋਈ ਦੇਖ ਲੂ। ਆਹ ਉਮਰ ਆ ਆਪਣੀ ਇਉਂ ਚੋਚਲੇ ਮੋਚਲੇ ਕਰਨ ਦੀ।" ਉਹ ਮੈਥੋਂ ਛੁੱਟ ਕੇ ਅੰਦਰ ਭੱਜ ਜਾਂਦੀ ਹੈ ਤੇ ਮੈਂ ਬਾਹਰ ਦੌੜ ਜਾਂਦਾ ਹਾਂ। ਮੈਨੂੰ ਅਪਣਾ ਅੰਗ-ਅੰਗ ਮਹਿਕਦਾ ਪ੍ਰਤੀਤ ਹੁੰਦਾ ਹੈ।

ਕੁਝ ਪਲਾਂ ਬਾਅਦ ਮੇਰੀ ਕਾਰ ਸਲੋਹ ਨੂੰ ਜਾਂਦੇ ਮੋਟਰਵੇਅ ਐਮ-40 'ਤੇ ਬਾਘੀਆਂ ਪਾਉਂਦੀ ਜਾ ਰਹੀ ਹੈ ਤੇ ਟੇਪ ਵਿਚ ਮਾਣਕ ਦੀ ਕਲੀ ਦੇ ਬੋਲ ਉਚੀ ਆਵਾਜ਼ ਵਿਚ ਗੂੰਜ ਰਹੇ ਹਨ, "ਓ ਤੇਰੇ ਟਿੱਲੇ ਤੋਂ ਮੈਨੂੰ ਸੂਰਤ ਦੀਂਹਦੀ ਆ ਹੀਰ ਦੀ, ਔਹ ਲੈ ਵੇਖ ਗੋਰਖਾ ਉਡਦੀ ਆ ਫੁੱਲਕਾਰੀ....।" OO

[45, Rosefield Road, Smethwick, Warley, West Midlands, U.K.]

# ਪੰਜਾਬੀ ਕਹਾਣੀ : ਉਤਰ ਆਧੁਨਿਕ ਦ੍ਰਿਸ਼ਟੀ ਬਿੰਦੂ


## ਕੁਲਦੀਪ ਸਿੰਘ ਧੀਰ


ਪੰਜਾਬੀ ਕਹਾਣੀ ਦਾ ਕਲੇਵਰ ਬੜਾ ਵਿਸ਼ਾਲ ਹੈ ਅਤੇ ਉਤਰ-ਆਧੁਨਿਕਤਾ ਦੇ ਵੀ ਕਈ ਪਾਸਾਰ ਹਨ। ਇਕ ਨਿਬੰਧ ਵਿਚ ਇਨ੍ਹਾਂ ਦੋਹਾਂ ਬਾਰੇ ਕੇਵਲ ਕੁਝ ਸੀਮਤ ਚਰਚਾ ਹੀ ਸੰਭਵ ਹੈ। ਇਸ ਲਈ ਕੇਵਲ ਦੋ ਤਿੰਨ ਕਹਾਣੀਆਂ ਹੀ ਇਸ ਚਰਚਾ ਦਾ ਆਧਾਰ ਬਣਾਈਆਂ ਗਈਆਂ ਹਨ। ਮਸਲਾ ਸੀ ਕਹਾਣੀਆਂ ਦੀ ਚੋਣ ਦਾ। ਆਧੁਨਿਕ ਕਹਾਣੀਆਂ ਵਿਚੋਂ ਉਤਰ-ਆਧੁਨਿਕ ਸੁਰਾਂ ਨੂੰ ਉਭਾਰਨ ਵਾਲੀਆਂ ਕਹਾਣੀਆਂ। ਮੇਰੇ ਸਾਹਮਣੇ ਦੋ ਕਹਾਣੀ ਸੰਗ੍ਰਹਿ ਸਨ। ਪਹਿਲਾ ਸੀ ਕਰਤਾਰ ਸਿੰਘ ਦੁੱਗਲ ਦੁਆਰਾ ਸੰਪਾਦਤ 'ਪਿਛਲੇ ਦਹਾਕੇ ਦੀ ਪੰਜਾਬੀ ਕਹਾਣੀ', ਜੋ ਪੰਜਾਬੀ ਅਕਾਦਮੀ ਦਿੱਲੀ ਨੇ 1993 ਵਿਚ ਪ੍ਰਕਾਸ਼ਤ ਕੀਤਾ। ਇਸ ਸੰਗ੍ਰਹਿ ਦੀ ਪਹਿਲੀ ਕਹਾਣੀ 'ਵੀਰਵਾਰ ਦਾ ਵਰਤ' ਅੰਮ੍ਰਿਤਾ ਪ੍ਰੀਤਮ ਦੀ ਰਚਨਾ ਹੈ ਤੇ ਅੰਤਿਮ 'ਮੈਂ ਹੁਣ ਠੀਕ ਠਾਕ ਹਾਂ' ਵਰਿਆਮ ਸਿੰਘ ਸੰਧੂ ਦੀ। ਪਹਿਲੀ ਹੀ ਪੜ੍ਹਤ ਵਿਚ ਮੈਨੂੰ ਵਰਿਆਮ ਸਿੰਘ ਸੰਧੂ ਦੀ ਕਹਾਣੀ ਉਤਰ-ਆਧੁਨਿਕ ਦ੍ਰਿਸ਼ਟੀ ਨੂੰ ਸਪਸ਼ਟ ਕਰਨ ਲਈ ਸਭ ਤੋਂ ਸ਼ਕਤੀਸ਼ਾਲੀ ਕਥਾ ਪ੍ਰਤੀਤ ਹੋਈ। ਜਿਸ ਕਿਸਮ ਦੇ ਵਿਸ਼ੇ ਵਸਤੂ ਨੂੰ ਇਹ ਕਥਾ ਪੇਸ਼ ਕਰਦੀ ਹੈ, ਉਸਨੂੰ ਆਧਾਰ ਬਣਾ ਕੇ ਕੁਝ ਕਹਾਣੀਆਂ ਚੁਣਨ ਦਾ ਨਿਰਣਾ ਕੀਤਾ ਤਾਂ ਇਸੇ ਸੰਗ੍ਰਹਿ ਵਿਚ ਸੰਕਲਿਤ ਪ੍ਰੇਮ ਪ੍ਰਕਾਸ਼ ਦੀ ਕਹਾਣੀ 'ਇਹ ਉਹ ਜਸਬੀਰ ਨਹੀਂ' ਉਤੇ ਨਜ਼ਰ ਟਿਕੀ। ਇਸ ਚੋਣ ਨੂੰ ਇਨ੍ਹਾਂ ਹੀ ਦਿਸ਼ਾਵਾਂ ਵਿਚ ਰਤਾ ਹੋਰ ਵਿਸਤਾਰ ਦੇਣ ਲਈ ਮੈਂ ਇਕ ਹੋਰ ਪ੍ਰਤਿਨਿਧ ਕਥਾ ਸੰਗ੍ਰਹਿ ਦੀਆਂ ਸਾਰੀਆਂ ਕਹਾਣੀਆਂ ਪੜ੍ਹੀਆਂ। ਇਹ ਸੀ ਵਰਿਆਮ ਸਿੰਘ ਸੰਧੂ ਦੁਆਰਾ ਸੰਪਾਦਤ 'ਕਥਾ ਧਾਰਾ', ਜਿਸ ਵਿਚ 1981 ਤੋਂ 1990 ਤਕ ਦੀਆਂ ਚੋਣਵੀਆਂ ਕਹਾਣੀਆਂ ਹਨ। ਇਸ ਸੰਗ੍ਰਹਿ ਵਿਚੋਂ ਅਜੀਤ ਕੌਰ ਰਚਿਤ 'ਨਾ ਮਾਰੋ' ਤੇ ਗੁਲਜ਼ਾਰ ਸਿੰਘ ਸੰਧੂ ਰਚਿਤ 'ਰੁਦਨ ਬਿੱਲੀਆਂ ਦਾ' ਕਹਾਣੀਆਂ ਇਕੋ ਵਿਸ਼ੇ ਦੇ ਵਿਭਿੰਨ ਪਾਸਾਰ ਕੁਝ ਇਸ ਪ੍ਰਕਾਰ ਛੇੜਦੀਆਂ ਹਨ ਕਿ ਉਤਰ-ਆਧੁਨਿਕਤਾ ਦੇ ਕੁਝ ਮਹੱਤਵਪੂਰਨ ਪਾਸਾਰ ਉਭਰਦੇ ਨਜ਼ਰ ਆਉਂਦੇ ਹਨ। ਇਹ ਨਹੀਂ ਕਿ ਪੰਜਾਬੀ ਕਹਾਣੀ ਵਿਚ ਕੇਵਲ ਇਹ ਚਾਰ ਕਹਾਣੀਕਾਰ ਹੀ ਉਤਰ-ਆਧੁਨਿਕ ਦ੍ਰਿਸ਼ਟੀ-ਬਿੰਦੂ ਪੇਸ਼ ਕਰ ਰਹੇ ਹਨ ਜਾਂ ਇਨ੍ਹਾਂ ਦੀਆਂ ਸਾਰੀਆਂ ਕਹਾਣੀਆਂ ਹੀ ਉਤਰ-ਆਧੁਨਿਕ ਹਨ, ਪਰ ਇਹ ਚਾਰ ਕਹਾਣੀਆਂ ਆਪਣੇ ਆਪ ਵਿਚ ਮੇਰੇ ਵਿਸ਼ੇ-ਵਸਤੂ ਨਾਲ ਨੁਕਤੇ ਨੂੰ ਸਪਸ਼ਟ ਕਰਨ ਲਈ ਜ਼ਰੂਰ ਮਹੱਤਵਪੂਰਨ ਹਨ। ਇਨ੍ਹਾਂ ਤੋਂ ਪਾਸੇ ਹੋ ਕੇ ਵਿਸਤਾਰ ਵਿਚ ਜਾਣ ਦੀ ਸੰਭਾਵਨਾ ਇਸ ਨਿਬੰਧ ਵਿਚ ਨਹੀਂ। ਹੋਰ ਕਹਾਣੀਆਂ ਤੇ ਕਹਾਣੀਕਾਰਾਂ ਬਾਰੇ ਤਾਂ ਕੀ ਇਥੇ ਤਾਂ ਇਨ੍ਹਾਂ ਚਾਰੇ ਕਹਾਣੀਆਂ ਬਾਰੇ ਵੀ ਨਿੱਠ ਕੇ ਚਰਚਾ ਸੰਭਵ ਨਹੀਂ ਜਾਪ ਰਹੀ।

'ਮੈਂ ਹੁਣ ਠੀਕ ਠਾਕ ਹਾਂ' ਤੋਂ ਹੀ ਗੱਲ ਸ਼ੁਰੂ ਕਰੀਏ। ਮਾਝੇ ਦੇ ਇਕ ਪਿੰਡ ਦੀ ਬਹਿਕ। ਰਾਤ ਦਾ ਸਮਾਂ। ਜੋਗਿੰਦਰ ਦੇ ਘਰ ਬਾਹਰ ਕੁੱਤਾ ਭੌਂਕਦਾ ਹੈ। ਸਾਰਾ ਟੱਬਰ ਸਹਿਮ ਜਾਂਦਾ ਹੈ। ਠੱਕ ਠੱਕ ਹੁੰਦੀ ਹੈ। 'ਸਿੰਘ ਲਗਦੇ ਨੇ.... ਜੋਗਿੰਦਰ ਦੀ ਮਾਂ ਕਹਿੰਦੀ ਹੈ। ਹਨੇਰੇ ਸਵੇਰੇ ਪੁਲੀਸ ਤੋਂ ਬਚਣ ਲਈ ਕੁੱਤੇ ਨੂੰ ਮਾਰਨ ਦਾ ਹੁਕਮ ਸਿੰਘ ਕਰ ਗਏ ਹਨ ਤੇ ਉਹੀ ਹੁਣ ਆਏ ਹਨ। ਜੋਗਿੰਦਰ ਆਪਣੇ ਪਿਆਰੇ ਟਾਮੀ ਨੂੰ ਮਾਰਨ ਲਈ ਤਿਆਰ ਨਹੀਂ। ਸਾਧਾ ਸੀਤਲ ਉਸਨੂੰ ਸਮਝਾਂਦਾ ਵੀ ਰਿਹਾ ਹੈ ਕਿ ਮੁੱਖੇ ਨਿਹੰਗ ਤੋਂ ਦਵਾਈ ਲੈ ਕੇ ਇਸ ਨੂੰ ਪਾਰ ਬੁਲਾ ਪਰ ਉਸਦਾ ਦਿਲ ਨਹੀਂ ਮੰਨਦਾ। ਹੱਥੀਂ ਪਾਲਿਆ ਹੈ ਉਸ ਨੇ ਟਾਮੀ ਨੂੰ। ਪੈਰ ਜੋੜ ਕੇ ਗੰਡਾਸੀ ਨਾਲ ਬੰਦਾ ਵੱਢ ਦੇਣ ਵਾਲਾ ਜੱਟ ਕੁੱਤੇ ਨੂੰ ਨਹੀਂ ਮਾਰ ਸਕਦਾ। ਜੱਟ ਦੀ ਮਰਦਾਨਗੀ ਬਾਰੇ ਕੋਈ ਵੀ ਮਹਾਂ ਬਿਰਤਾਂਤ ਇਥੇ ਆ ਕੇ ਸਮਾਪਤ ਹੋ ਜਾਂਦਾ ਹੈ। ਜੋਗਿੰਦਰ ਦਾ ਚਾਚਾ ਕਰਮ ਸਿੰਘ ਭਰਾ ਨਾਲ ਵੱਟਿਆ ਹੋਇਆ ਹੈ, ਜਦੋਂ ਪਟਵਾਰੀਆਂ ਨਾਲ ਲੜਾਈ ਹੁੰਦੀ ਹੈ ਤਾਂ ਲਲਕਾਰ ਕੇ ਅੱਗੇ ਹੁੰਦਾ ਹੈ : "ਪੁੱਤ ਅੱਗੇ ਵਧ ਕੇ ਵੇਖ ਰਤਾ। ਇਹ ਨਾ ਸਮਝੀਂ ਕਿ ਭਰਾਵਾਂ ਵਿਚ ਵੱਟ ਆ... ਤੇ ਤੂੰ ਕੱਲਾ ਵੇਖ ਕੇ ਮੇਰੇ ਭਰਾ ਨੂੰ ਥੱਲੇ ਲਾ ਲੇਂਗਾ"...



ਵਰਿਆਮ ਸਿੰਘ ਸੰਧੂ ਨਿੱਕੇ ਨਿੱਕੇ ਵੇਰਵਿਆਂ ਨਾਲ ਮਝੈਲਾਂ ਦੀ ਮਰਦਾਨਗੀ, ਅਣਖ, ਬਹਾਦਰੀ ਦੇ ਬਿਰਤਾਂਤ ਨੂੰ ਸਿਰਜਦਾ ਹੈ ਤੇ ਫਿਰ ਇਕੋ ਝਟਕੇ ਨਾਲ ਇਸ ਨੂੰ ਸਮਾਪਤ ਵੀ ਕਰ ਦਿੰਦਾ ਹੈ। ਮੰਜੇ ਦੇ ਪਾਵੇ ਉਤੇ ਰੱਖ ਕੇ ਆਪਣੀ ਉਂਗਲ ਕੱਟ ਲੈਣ ਵਾਲੇ, ਡਾਂਗ ਮਾਰ ਕੇ ਅਗਲੇ ਦੀ ਬਾਂਹ ਨੂੰ ਤੋਰੀ ਵਾਂਗ ਲਟਕਾ ਦੇਣ ਵਾਲੇ, ਹੱਥੀਂ ਪਾਲੇ ਕੁੱਕੜਾਂ ਨੂੰ ਬੇਝਿਜਕ ਮਰੋੜਨ ਵਾਲੇ, ਆਪ ਲਾਡ ਨਾਲ ਪਾਲੇ ਮੇਮਣਿਆਂ ਨੂੰ ਇਕੋ ਵਾਰ ਨਾਲ ਝਟਕਾ ਸੁੱਟਣ ਵਾਲੇ ਜੱਟ ਦੇ ਸੁਭਾਅ ਬਾਰੇ ਕੋਈ ਵੀ ਮਹਾਂ-ਬਿਰਤਾਂਤ ਇਸ ਕਥਾ ਨੂੰ ਸਵੀਕਾਰ ਨਹੀਂ। ਆਪਣੇ ਬੇਟੇ ਸੁਖਦੇਵ ਵੱਲੋਂ ਪਾਲੇ ਰਾਕੀ ਦੇ ਮਰਨ ਨੂੰ ਐਵੇ 'ਹਊ-ਪਰੇ ਕਹਿ ਕੇ ਹੱਸ ਛੱਡਣ ਵਾਲਾ ਜੋਗਿੰਦਰ ਟਾਮੀ ਬਾਰੇ ਭਾਵੁਕ ਹੈ। ਮਨੁੱਖੀ ਵਿਹਾਰ ਬਾਰੇ ਇਹ ਵੇਰਵੇ ਮਹਾਂ-ਬਿਰਤਾਂਤਾਂ ਦੇ ਅੰਤ ਵੱਲ ਰੁਚਿਤ ਹਨ। ਕੁੱਤਾ 'ਕੁਲਗਦਾ ਗੰਦ' ਵੀ ਹੋ ਸਕਦਾ ਹੈ ਜਿਸ ਦੇ ਮਰਨ 'ਤੇ ਅਫਸੋਸ ਕਰਨ ਵਾਲਿਆਂ ਉਤੇ ਜੋਗਿੰਦਰ ਇਹ ਕਹਿ ਕੇ ਹੱਸ ਛੱਡਦਾ ਹੈ-ਹੈ ਕਮਲੇ ਨਾ ਹੋਣ ਰੋਈ ਜਾਂਦੇ ਨੇ।... ਹੈ ਕੀ ਪਾਖੰਡ ਕਰਨ ਡਿਹਾ ਸਾਰਾ ਟੱਬਰ... ਕਤੂਰਾ ਮਰ ਗਿਆ ਕਿ ਕੀ ਆਖਰ ਆ ਗਈ - ਜੋਗਿੰਦਰ ਦੀ ਮਾਂ ਆਖਦੀ ਹੈ। ਜਦੋਂ ਦੇਖਣ ਦੀ ਦ੍ਰਿਸ਼ਟੀ ਬਦਲਦੀ ਹੈ ਤਾਂ ਕੋਈ ਵੀ ਕੁੱਤੇ ਨੂੰ ਮਾਰਨ ਦੀ ਹਿੰਮਤ ਨਹੀਂ ਕਰਦਾ। ਕੁੱਤਾ ਟਾਮੀ ਜੋਗਿੰਦਰ ਤੋਂ ਪੁੱਤਰਾਂ ਵਾਲਾ ਪਿਆਰ ਲੈਂਦਾ ਹੈ ।

...ਖ਼ੈਰ ਜੋਗਿੰਦਰ ਦਰਵਾਜ਼ਾ ਖੋਲ੍ਹਦਾ ਹੈ ਤਾਂ ਤੇਜ਼ ਆਵਾਜ਼ ਵਾਲਾ ਮੁੱਛ-ਫੁੱਟ ਗੱਭਰੂ ਜੋ ਛੇ ਫੁੱਟ ਤੋਂ ਵੀ ਵੱਡੇ ਕੱਦਾਵਰ ਸਰੀਰ ਵਾਲੇ ਜੋਗਿੰਦਰ ਸਾਹਮਣੇ ਅੱਧੇ ਫੁੱਟ ਤੋਂ ਵੀ ਵੱਧ ਨੀਵਾਂ ਤੇ ਮਾੜਚੂ ਹੈ, ਉਸ ਨੂੰ ਗਲਾਮੇ ਤੋਂ ਫੜ ਕੇ ਅੰਦਰ ਧੂ ਲਿਆਉਂਦਾ ਹੈ । ਸਟੇਨ ਉਸ ਦੇ ਸੀਨੇ ਨਾਲ ਲਾ ਦਿੰਦਾ ਹੈ ਤੇ ਕੜਕਦਾ ਹੈ : 'ਜਦੋਂ ਸਾਡਾ ਹੁਕਮ ਆ... ਤੂੰ ਕੁੱਤਾ ਕਿਉਂ ਨਹੀਂ ਮਾਰਿਆ ਉਏ?' ਕਦੇ ਇਲਾਕੇ ਦਾ ਕਬੱਡੀ ਦਾ ਸਭ ਤੋਂ ਤਕੜਾ ਜਾਫ਼ੀ ਰਹੇ ਅਣਖੀ ਤੇ ਦਲੇਰ ਜੋਗਿੰਦਰ ਦੇ ਮੂੰਹੋਂ ਗੱਲ ਤਕ ਨਹੀਂ ਨਿਕਲਦੀ। ਬਾਹਰੋਂ ਆਏ ਮੁੰਡਿਆਂ ਨਾਲ ਉਨ੍ਹਾਂ ਦਾ ਸਰਦਾਰ ਜਿੰਦੇ (ਜੋਗਿੰਦਰ) ਨੂੰ ਪਛਾਣਦਾ ਹੈ, ਉਸ ਦੀ ਖੇਡ ਦੀ ਤਾਰੀਫ਼ ਕਰਦਾ ਹੈ, ਉਸ ਨੂੰ ਛੁਡਾਂਦਾ ਹੈ ਤਾਂ ਸਾਰੇ ਟੱਬਰ ਦੇ ਸਾਹ ਵਿਚ ਸਾਹ ਆਉਂਦਾ ਹੈ। ਜੋਗਿੰਦਰ ਜੋ ਪਹਿਲਾਂ ਉਨ੍ਹਾਂ ਨੂੰ 'ਜੱਥੇਦਾਰ ਜੀ' ਕਹਿ ਕੇ ਵੀ ਸਹਿਮਿਆਂ ਪਿਆ ਸੀ, ਹੁਣ 'ਹੈ ਤਾਂ ਉਹੀਓ ਆਂ ਭਰਾਵਾ' ਕਹਿ ਕੇ ਆਤਮ ਵਿਸ਼ਵਾਸ ਨਾਲ ਭਰ ਜਾਂਦਾ ਹੈ। ਉਸ ਦੀ ਮਾਂ ਵੀ ਨੂੰਹ ਨੂੰ ਆਖਦੀ ਹੈ—'ਬਲਬੀਰ ਕੌਰੇ ਦੁੱਧ ਤੱਤਾ ਧਰ ਵੀਰਾਂ ਆਪਣਿਆਂ ਲਈ'। ਰਿਸ਼ਤਿਆਂ ਦੇ ਇਹ ਬਦਲਦੇ ਰੰਗ। ਬਦਲਦਾ ਮਨੁੱਖੀ ਵਿਵਹਾਰ, ਪਰਸਪਰ ਸੋਚ ਦੇ ਨਾਲ ਨਲ ਬਦਲਦਾ ਹੈ। ਪਰਾਏ ਆਪਣੇ ਤੇ ਆਪਣੇ ਪਰਾਏ ਹੁੰਦਿਆਂ ਪਲ ਵੀ ਨਹੀਂ ਲਗਦਾ। ਬਾਹਰੋਂ ਕਾਤਲਾਂ ਵਾਂਗ ਆਏ ਮੁੰਡਿਆਂ ਦਾ ਸਰਦਾਰ ਕਹਿੰਦਾ ਹੈ—'ਭਾਊ ਅਸੀਂ ਵੀ ਤੁਹਾਡੇ ਹੀ ਪੁੱਤ ਭਤੀਜੇ ਆਂ। ਕੌਮ ਵਾਸਤੇ ਘਰ ਬਾਰ ਛੱਡ ਕੇ ਰਾਤਾਂ ਨੂੰ ਭਟਕਦੇ ਫਿਰਦੇ ਆਂ।... ਫਿਰ ਉਹ ਦੱਸਦਾ ਹੈ ਕਿ ਕਿਵੇਂ ਦਫੇਦਾਰ ਸੂਬਾ ਸਿੰਘ ਤੇ ਉਸਦੇ ਪੁੱਤਰਾਂ ਨੂੰ ਪੁਲੀਸ ਅਧਿਕਾਰੀਆਂ ਨੇ ਨਿਰਦੋਸ਼ੇ ਹੀ ਮਾਰ ਕੇ ਅਤਿਵਾਦੀ ਕਹਿ ਕੇ ਮੁਕਾਬਲੇ ਵਿਚ ਮਰੇ ਕਹਿ ਦਿੱਤਾ ਸੀ। ਜੋਗਿੰਦਰ ਦੀ ਮਾਂ ਉਨ੍ਹਾਂ ਨੂੰ ਪੁਲੀਸ ਹੱਥੋਂ ਮਰੇ ਆਪਣੇ ਨਿਰਦੋਸ਼ ਭਣੇਵੇਂ ਸੁਖਵੰਤ ਦੀ ਗੱਲ ਸੁਣਾਂਦੀ ਹੈ। ਇਨ੍ਹਾਂ ਵੇਰਵਿਆਂ ਆਸਰੇ ਉਸਰਿਆ ਬਿਰਤਾਂਤ ਕੋਈ ਮਹਾਂ-ਬਿਰਤਾਂਤ ਨਹੀਂ ਬਣਨ ਦਿੱਤਾ ਜਾਂਦਾ। ਹਰਬੰਸ ਕੌਰ ਦੇ ਪਤੀ ਦਾ ਭਣੇਵਾਂ ਠੇਕੇਦਾਰ ਮਹਿੰਦਰ ਖਾੜਕੂਆਂ ਨੇ ਸਿਰਫ਼ ਇਸ ਕਰ ਕੇ ਮਾਰ ਦਿੱਤਾ ਸੀ ਕਿ ਉਹ ਪੁਲੀਸ ਵਿਚ ਹੈ। ਹਰਬੰਸ ਕੌਰ ਨੂੰ ਜਿਵੇਂ ਉਹ ਖਿਆਲਾਂ ਵਿਚ ਹੀ ਆ ਕੇ ਕਹਿੰਦਾ ਹੈ—'ਮਾਸੀ ਮਰਿਆ ਤਾਂ ਮੈਂ ਵੀ ਆਂ, ਮੇਰੀ ਗੱਲ ਵੀ ਕਰ'। ਦੋਹਾਂ ਕੋਲ ਆਪੋ ਆਪਣਾ ਸੱਚ ਹੈ। ਸੁਖਵੰਤ ਕੋਲ ਵੀ ਤੇ ਮਹਿੰਦਰ ਕੋਲ ਵੀ।

ਹਰ ਸਤਿ, ਹਰ ਵਿਹਾਰ ਆਪੋ ਆਪਣੀ ਪਰਿਸਥਿਤੀ ਦੀ ਦੇਣ ਹੈ। ਪਾਤਰ ਭਾਸ਼ਾ ਨਹੀਂ ਬੋਲ ਰਹੇ ਭਾਸ਼ਾ ਇਨ੍ਹਾਂ ਪਾਤਰਾਂ ਨੂੰ ਬੋਲ ਰਹੀ ਹੈ। ਵਰਿਆਮ ਦੁਆਰਾ ਪੇਸ਼ ਵੇਰਵੇ ਤਾਰਕਿਕ ਪ੍ਰਵਚਨ ਦਾ ਮਜ਼ਾਕ ਉਡਾਂਦੇ ਹਨ। ਉਪਰੋਕਤ ਘਟਨਾਵਾਂ ਨਾਲ ਸੰਬੰਧਤ ਯਥਾਰਥ ਨੂੰ ਕਿਸੇ ਇਕ ਮਹਾਂ-ਬਿਰਤਾਂਤ ਤਕ ਸੀਮਤ ਕਰ ਕੇ ਪੇਸ਼ ਕਰਨਾ ਲੇਖਕ ਨੂੰ ਸਵੀਕਾਰ ਨਹੀਂ। ਇਹ ਵੱਖਰੀ ਗੱਲ ਹੈ ਕਿ ਯਥਾਰਥ ਤਕ

ਸਾਡੀ ਹਰ ਪਹੁੰਚ ਮਨੁੱਖੀ ਪੈਰਾਡਾਈਮਾਂ ਤੇ ਪ੍ਰਵਚਨਾਂ ਨਾਲ ਹੀ ਹੋ ਰਹੀ ਹੈ। ਦਰੀਦਾ ਤੇ ਰੋਰਤੀ ਆਪਣਾ ਧਿਆਨ ਬਹੁਵਚਨੀ ਵਿਆਖਿਆ ਜਾਂ ਮਲਟੀਪਲ ਇਨਟਰਪ੍ਰੇਟੇਸ਼ਨਜ਼ ਉਤੇ ਕੇਂਦਰਤ ਕਰਦੇ ਹਨ। ਕੋਈ ਵੀ ਵੇਰਵਾ ਜੋ ਨਿਰਪੇਖ ਸਤਿ ਉਤੇ ਇਜਾਰੇਦਾਰੀ ਦਾ ਦਾਅਵਾ ਕਰਦਾ ਹੈ, ਉਹ ਗਲਤ ਹੈ। ਉਤਰ-ਆਧੁਨਿਕ ਚਿੰਤਕ ਵਿਰਚਨਾ ਦੇ ਜ਼ਰੀਏ ਕਿਸੇ ਵੀ ਵਿਚਾਰ ਪ੍ਰਬੰਧ ਵਿਚੋਂ ਅੰਤਰ-ਵਿਰੋਧਾਂ ਨੂੰ ਉਘਾੜ ਸੁੱਟਦੇ ਹਨ। ਇਸੇ ਲਈ ਇਸ ਕਹਾਣੀ ਦੇ ਵੇਰਵੇ ਕਿਸੇ ਅੰਤਮ ਸੰਗਠਤ ਸਤਿ ਦੀ ਸਿਰਜਣਾ ਨਹੀਂ ਕਰਦੇ। ਅੱਜੋਕੇ ਦਮ-ਘੁੱਟਵੇਂ ਮਾਹੌਲ ਵਿਚ ਜੀਊਣ ਲਈ ਸਰਾਪੇ ਮਨੁੱਖ ਦੀ ਉਤਰ-ਆਧੁਨਿਕ ਪਹੁੰਚ ਇਸ ਮੂਲ ਬਿੰਦੂ ਉਤੇ ਕੇਂਦਰਤ ਹੈ ਕਿ ਇਹ ਸਤਿ ਦੇ ਇਕ ਦੂਜੇ ਨਾਲ ਟਕਰਾਂਦੇ ਸੰਕਲਪਾਂ ਨੂੰ ਖ਼ੂਬਸੂਰਤੀ ਨਾਲ ਪੇਸ਼ ਕਰਕੇ ਮਨੁੱਖੀ ਹੋਂਦ ਨਾਲ ਨਿਆਂ ਕਰਦੀ ਹੈ।

ਜੋਗਿੰਦਰ ਨੂੰ ਸੋਧਣ ਆਇਆਂ ਦੇ ਮਨ ਵਿਚ ਜੋਗਿੰਦਰ ਤੇ ਉਹਦੇ ਪਰਿਵਾਰ ਲਈ ਹਮਦਰਦੀ ਵੀ ਹੈ—'ਜੇ ਕਿਸੇ ਤੋਂ ਖਤਰੈ ਤਾਂ ਸਾਨੂੰ ਦੱਸੋ।... ਸਾਡੇ ਨਾਂ 'ਤੇ ਕਈ ਗਲਤ ਬੰਦੇ ਮਾੜੀਆਂ ਕਾਰਵਾਈਆਂ ਵੀ ਕਰਦੇ ਨੇ। ਪੈਸੇ ਮੰਗਦੇ ਨੇ। ...ਜੇ ਕੋਈ ਏਦਾਂ ਦੀ ਤਕਲੀਫ਼ ਆ ਤਾਂ ਸਾਨੂੰ ਦੱਸੋ।... ਉਹ ਜੋਗਿੰਦਰ ਦੇ ਪੁੱਤਰ ਦਾ ਸਿਰ ਵੀ ਪਲੋਸਦੇ ਨੇ।

ਜੋਗਿੰਦਰ ਦਾ ਚਾਚਾ ਮਹਿੰਦਰ ਥਾਣੇਦਾਰ ਸੀ। ਪੁਲੀਸ ਵਿਚ ਹੋਣ ਕਾਰਨ ਹੀ ਖਾੜਕੂਆਂ ਹੱਥੋਂ ਮਾਰਿਆ ਗਿਆ ਸੀ। ਇਸਦੇ ਬਾਵਜੂਦ ਉਸਦਾ ਆਪਣਾ ਪੁੱਤਰ ਗੁਰਦੇਵ ਪੁਲੀਸ ਵਿਚ ਹੈ। ਉਸ ਨੂੰ ਡਰ ਸੀ ਕਿ ਪੁਲੀਸ ਵਾਲੇ ਉਸ ਨੂੰ ਅਤਿਵਾਦੀ ਕਹਿ ਕੇ ਹੀ ਨਾ ਫੜ ਲੈਣ। ਮੁੰਡੇ ਦੇ ਪਿੰਡ ਰਹੇ ਤੋਂ ਉਸ ਨੂੰ ਇਹ ਵੀ ਡਰ ਸੀ ਕਿ ਕਿਤੇ ਦੂਜੇ ਪਾਸੇ ਹੀ ਨਾ ਤੁਰ ਪਏ। ਜੋਗਿੰਦਰ ਦੀ ਅਣਖ ਤੇ ਦਲੇਰੀ ਦਾ ਵਿਵਹਾਰਕ ਸੱਚ ਕੀ ਹੈ? ਉਸਦੀ ਹੋਂਦ ਦਾ ਅੰਤਮ ਸੱਚ ਕੀ ਹੈ? —ਪੰਜਾਬ ਦੇ ਗੱਭਰੂਆਂ ਦਾ ਜਿਨ੍ਹਾਂ ਉਤੇ ਭਾਰਤ ਨੂੰ ਮਾਣ ਰਿਹਾ ਹੈ, ਹੁਣ ਕਹਿ ਰਹੇ ਹਨ ਕਿ ਭਾਰਤ ਨੇ ਅੰਮ੍ਰਿਤਸਰ ਉਤੇ ਫੌਜ ਚੜ੍ਹਾਈ ਹੈ। ...ਜੋਗਿੰਦਰ ਤੇ ਉਸਦੇ ਸਾਥੀਆਂ ਨੂੰ ਅੰਮ੍ਰਿਤਸਰ ਉਤੇ ਹੋਈ ਫੌਜੀ ਕਾਰਵਾਈ ਦੇ ਉਹ ਵੇਲੇ ਚੇਤੇ ਆਉਂਦੇ ਹਨ ਜਦੋਂ ਦੂਰ ਦੂਰ ਦੇ ਪਿੰਡਾਂ ਤੋਂ ਸਿੱਖ ਜੁਆਨ ਲੁਕ ਛਿਪ ਕੇ ਅੰਮ੍ਰਿਤਸਰ ਨੂੰ ਹੋ ਤੁਰੇ ਸਨ। ਅੰਮ੍ਰਿਤਸਰ ਨੂੰ ਜਾਂਦਾ ਰਾਹ ਪੁੱਛਦੇ ਜੁਆਨਾਂ ਨੇ ਉਨ੍ਹਾਂ ਤੋਂ ਜਲ ਪਾਣੀ ਛਕਿਆ ਤੇ ਕਿਹਾ-'ਗੁਰੂ ਘਰ ਨੂੰ ਅੱਗ ਲੱਗੀ ਹੋਵੇ ਤਾਂ ਸਿੰਘੋ, ਮਨ ਨੂੰ ਕਿਵੇਂ ਟਿਕਾ ਆਵੇ। ...ਸਾਨੂੰ ਸੁਰ ਸਿੰਘ ਦਾ ਰਾਹ ਦੱਸ ਦਿਓ...।' ਪਰਨਾ ਝਾੜਦੇ ਹੋਏ ਜੋਗਿੰਦਰ ਤੇ ਉਸਦੇ ਸਾਥੀ ਵੀ ਨਾਲ ਤੁਰਨ ਨੂੰ ਤਿਆਰ ਹੋ ਪਏ ਸਨ। 'ਪਿਓ ਦੀ ਪੱਗ ਲੱਥੀ ਹੋਵੇ ਤਾਂ ਪੁੱਤ ਟਿਕ-ਟਿਕਾ ਨਹੀਂ ਕਰਦੇ।' ਉਹਨਾਂ ਦਾ ਕਹਿਣਾ ਸੀ। ਉਸ ਨੂੰ ਚੇਤੇ ਆਉਂਦਾ ਹੈ ਕਿ ਲਾਲੂ ਘੁੰਮਣ ਪਿੰਡ ਕੋਲ ਜਦੋਂ ਇਕੱਠ ਕਾਫ਼ੀ ਵੱਡਾ ਹੋ ਗਿਆ ਸੀ, ਉਥੇ ਹੀ ਉਸ ਨੂੰ ਪਿੰਡ ਦੇ ਸਰਕਾਰੀ ਹਸਪਤਾਲ ਦਾ ਸੇਵਾਦਾਰ ਮੁੱਖਾ ਮਿਲਿਆ ਜਿਸ ਨੂੰ ਡਾਕਟਰ ਗਿੱਲ ਰੋਕਦੇ ਹੋਏ ਕਹਿੰਦਾ ਹੈ— 'ਨਾ ਜਾਹ, ਮਾਰਿਆ ਜਾਏਂਗਾ ਭੰਗ ਦੇ ਭਾੜੇ।' ਕੱਟੇ ਹੋਏ ਵਾਲਾਂ ਵਿਚ ਹੱਥ ਫੇਰ ਕੇ ਮੁੱਖਾ ਆਖਦਾ ਹੈ—ਮੈਂ ਤਾਂ ਜਾਊਂ ਗੁਰੂ ਮਹਾਰਾਜ ਦੇ ਘਰ...ਭਾਵੇਂ ਕੁਝ ਹੋ ਜਾਏ। ਢੱਠੇ ਹੋਏ ਅਕਾਲ ਤਖਤ ਦੀ ਮਿੱਟੀ ਅੱਖਾਂ ਨਾਲ ਚੁੰਮਣ ਜਾ ਰਹੇ ਲੋਕਾਂ ਦੇ ਸਮੁੰਦਰ ਕੋਲ ਆਪਣਾ ਇਕ ਸਤਿ ਹੈ। ਉਨ੍ਹਾਂ ਦੀਆਂ ਹਿੱਕਾਂ ਵੱਲ ਮਸ਼ੀਨ ਗੰਨਾਂ ਸੇਧੀ ਖਲੋਤੀ ਮਿਲਟਰੀ ਕੋਲ ਆਪਣਾ ਸਤਿ ਹੈ। ਤਾੜ-ਤਾੜ ਗੋਲੀਆਂ ਚਲਾ ਕੇ ਭੀੜ ਖਿੰਡਾਂ ਦਿੱਤੀ ਗਈ। ਇਨ੍ਹਾਂ ਵਿਚ ਸੁਖਵੰਤ ਹੈ ਜੋ ਕਹਿੰਦਾ ਹੈ—ਇੰਝ ਅੰਜਾਈਂ ਮਰਨ ਦਾ ਕੀ ਫਾਇਦਾ। ਮਰਾਂਗੇ ਤਾਂ ਕਿਸੇ ਨੂੰ ਮਾਰ ਕੇ ਮਰਾਂਗੇ। ...ਐਵੇਂ ਭੰਗ ਦੇ ਭਾੜੇ ਨਹੀਂ। ਇਹੀ ਸੁਖਵੰਤ ਪਿੱਛੋਂ ਝੂਠਾ ਮੁਕਾਬਲਾ ਬਣਾ ਕੇ ਮਾਰ ਦਿੱਤਾ ਜਾਂਦਾ ਹੈ। ਤੇ ਇੰਝ ਗੋਲੀਆਂ ਨਾਲ ਭੀੜ ਨੂੰ ਖਿੰਡਾਏ ਜਾਣ 'ਤੇ ਮੁੱਖਾ ਵੀ ਦੁਖੀ ਹੈ। ਵਾਰ ਵਾਰ ਕਟੇ ਵਾਲਾਂ ਵਾਲੇ ਨੰਗੇ ਸਿਰ ਵਿਚ ਹੱਥ ਫੇਰ ਫੇਰ ਕਹਿੰਦਾ ਹੈ—'ਐਂ ਨਿਹੱਥਿਆਂ ਨਿਦੋਸ਼ਿਆਂ ਨੂੰ ਭੁੰਨ ਸੁੱਟਣਾ...ਇਹ ਕਿਹੜੇ ਗੁਰੂ ਮਹਾਰਾਜ 'ਚ ਲਿਖਿਆ ਭਾਈ'। ਹਥਿਆਰ ਚੁੱਕਣ ਦਾ ਖਾੜਕੂਆਂ ਕੋਲ ਆਪਣਾ ਤਰਕ ਹੈ ਜਿਸ ਵੱਲ ਕਹਾਣੀਕਾਰ ਸੰਕੇਤ ਕਰਦਾ ਹੈ। ਜਿੰਦਾ ਜੱਟ ਹੈ, ਜਿੰਦਾ ਜਾਫ਼ੀ ਹੈ, ਜਿੰਦਾ ਯੋਧਾ ਹੈ ਜਾਂ ਟੁੱਟੇ ਲੱਕ ਵਾਲਾ ਸੱਪ।



ਜਿੰਦੇ ਦੀ ਹਰ ਹੋਂਦ ਪ੍ਰਾਸੰਗਕ ਹੈ। ਪਰਿਸਥਿਤੀਆਂ ਨਾਲ ਜੁੜੀ ਹੋਈ ਹੈ। ਭਰਾ ਨੂੰ ਅੱਗੇ ਹੋ ਕੇ ਬਚਾਣ ਵਾਲਾ ਚਾਚਾ ਤੇ ਉਹਦੇ ਜੁਆਨ ਪੁੱਤਰ ਵੀ ਮੁੰਡਿਆਂ ਅੱਗੇ ਬੇਵਸ ਹਨ।

ਬੇਵਸ ਜੋਗਿੰਦਰ ਆਪਣੇ ਕੁੱਤੇ ਟਾਮੀ ਨੂੰ ਜ਼ਹਿਰ ਵਾਲਾ ਦਹੀਂ ਖੁਆਣ ਲਈ ਮਨ ਕਰੜਾ ਕਰਦਾ ਹੈ। ਅਜੇ ਉਹ ਇਹ ਕੰਮ ਕਰਨ ਹੀ ਵਾਲਾ ਹੈ ਕਿ ਸੀ.ਆਰ.ਪੀ.ਐਫ. ਦੀਆਂ ਜੀਪਾਂ ਉਸ ਦੀ ਬਹਿਕ ਨੂੰ ਆ ਘੇਰਦੀਆਂ ਹਨ। 'ਹੂੰਅ... ਤੋ ਤੇਰੇ ਪਾਸ ਆ ਕੇ ਅਤਿਵਾਦੀ ਠਹਿਰਤੇ ਹੈਂ? ...ਸਾਲੋ ਦੇਸ ਕਾ ਖਾਤੇ ਭੀ ਹੋ...ਔਰ ਇਸ ਕੇ ਵਿਰੁੱਧ ਸਾਜ਼ਸ਼ੇਂ ਭੀ ਕਰਤੇ ਹੋ'। ਅਫ਼ਸਰ ਉਸ ਨੂੰ ਪੁੱਛਦਾ ਹੈ। 'ਮੋਤੀਆਂ ਆਲਿਆ, ਅਸੀਂ ਕਾਹਦੀਆਂ ਸਾਜ਼ਸ਼ਾਂ ਕਰਨੀਆਂ...ਗਰੀਬ ਜੱਟਾਂ ਨੇ। ਦਿਨ ਰਾਤ ਇਕ ਕਰ ਕੇ ਦੋ ਡੰਗ ਦੀ ਰੋਟੀ ਨਸੀਬ ਹੋ ਜੇ ਏਨਾ ਈ ਬੜਾ'। ਜੋਗਿੰਦਰ ਦਾ ਚਾਚਾ ਕਹਿੰਦਾ ਹੈ। 'ਸਾਹਿਬ ਜੀ ਸਾਡਾ ਕਿਸੇ ਨਾਲ ਕੋਈ ਲਾਗਾ ਦੇਗਾ ਨਹੀਂ। ਆਪਣੀ ਕਮੌਨੇ ਆਂ। ਖਾਨੇ ਆਂ।.... ਸਾਨੂੰ ਕੀ ਲੋੜ ਇਨ੍ਹਾਂ ਕੰਮਾਂ 'ਚ ਆਉਣ ਦੀ'। ਜੋਗਿੰਦਰ ਕਹਿੰਦਾ ਹੈ। ਨਾਲ ਖੜ੍ਹਾ ਸਿਪਾਹੀ ਜੋਗਿੰਦਰ ਨੂੰ ਗਲਮੇਂ ਤੋਂ ਫੜਕੇ ਝੰਜੋੜਦਾ ਹੋਇਆ ਗੱਡੀਆਂ ਵੱਲ ਲੈ ਜਾਂਦਾ ਹੈ। ਉਹੀ ਜੋਗਿੰਦਰ ਹੈ। ਉਹੀ ਗਲਮਾਂ ਹੈ। ਗਲਮੇਂ ਤੋਂ ਫੜਨ ਵਾਲੇ ਬੰਦੇ ਬਦਲ ਗਏ ਹਨ। ਦੋਹਾਂ ਪਰਿਸਥਿਤੀਆਂ ਦਾ ਟਕਰਾਵਾਂ ਸਤਿ ਪਾਠਕ ਦੇ ਸਾਹਮਣੇ ਸਾਕਾਰ ਹੋ ਜਾਂਦਾ ਹੈ। ਜੋਗਿੰਦਰ ਨੂੰ ਚਪੇੜਾਂ ਘਸੁੰਨਾਂ ਤੇ ਬੰਦੂਕਾਂ ਦੇ ਬੱਟਾਂ ਨਾਲ ਮਾਰ ਕੁੱਟ ਕੇ ਜੀਪ ਵਿਚ ਸੁੱਟ ਲਿਆ ਜਾਂਦਾ ਹੈ। ਉਸ ਨੂੰ, ਉਸ ਦੇ ਚਾਚੇ ਨੂੰ ਤੇ ਚਾਚੇ ਦੇ ਪੁੱਤਰ ਨੂੰ ਗੱਡੀਆਂ ਵਿਚ ਬਿਠਾਕੇ ਸੀ.ਆਰ.ਪੀ. ਲੈ ਜਾਂਦੀ ਹੈ। ਸਾਧਾ ਸੀਤਲ ਇੰਨਾ ਹੀ ਆਖਦਾ ਹੈ—ਮੈਂ ਆਹਣਾਂ ਸਾਡਾ ਹੱਜ ਆ ਕੋਈ ਜੀਣ ਦਾ।'

ਸਾਰੀ ਦਿਹਾੜੀ ਪਿੰਡ ਵਾਲੇ ਅਫ਼ਸਰਾਂ ਦੇ ਤਰਲੇ ਕਰਦੇ ਹਨ। ਪਰ ਅਫ਼ਸਰ ਇਹੀ ਕਹਿੰਦੇ ਹਨ—'ਇਹ ਅਤਿਵਾਦੀਆਂ ਨੂੰ ਪਨਾਹ ਹੀ ਨਹੀਂ ਦਿੰਦੇ, ਆਪ ਵੀ ਅਤਿਵਾਦੀ ਨੇ। ਦੂਜੇ ਦਿਨ ਸ਼ਾਮ ਨੂੰ ਕੁਝ ਮੋਅਤਬਰਾਂ ਵੱਲੋਂ ਤਰਲੇ ਮਿੰਨਤਾਂ ਨਾਲ ਉਹ ਛੁੱਟਦੇ ਹਨ। ਬੁਰੀ ਤਰ੍ਹਾਂ ਕੁੱਟੇ ਮਾਰੇ ਤੇ ਬੇਇਜ਼ਤ ਹੋਏ ਤਿੰਨੇ। ਜੋਗਿੰਦਰ ਤੇ ਉਹਦਾ ਚਾਚਾ ਤਾਂ ਭਾਵੇਂ ਨੀਵੀਂ ਪਾਈ ਬੈਠ ਹਨ, ਪਰ ਸੁਰਜੀਤ, ਉਹਦੇ ਚਾਚੇ ਦਾ ਪੁੱਤ ਕਹਿੰਦਾ ਹੈ—'ਮੈਂ ਆਹਨਾਂ ਬੰਦੇ ਦਾ ਪੁੱਤ ਨਹੀਂ...ਜੇ ਸਿੰਘਾਂ ਨਾਲ ਨਾ ਤੁਰਿਆ ਤਾਂ। ...ਕੋਈ ਇਹ ਜੀਊਣ ਆ... ਐਦੂੰ ਤਾਂ ਮਰ ਗਏ ਚੰਗੇ।' ਚਾਚਾ ਉਸ ਨੂੰ ਬੁਰੀ ਤਰ੍ਹਾਂ ਵਰਜਦਾ ਹੈ—'ਉਏ ਭੌਂਕ ਨਾ ਕੁੱਤਿਆ...ਚੱਲ ਘਰ ਨੂੰ...ਵੱਡਾ ਸੂਰਮਾ ਆ ਗਿਆ।' ਤੇ ਅਗਲੀ ਰਾਤ ਵਿਹੜੇ ਵਿਚ ਬੱਝਾ ਟਾਮੀ ਜਦੋਂ ਬੁਰੀ ਤਰ੍ਹਾਂ ਭੌਂਕਦਾ ਹੈ ਤਾਂ ਜੋਗਿੰਦਰ ਤੇ ਉਹਦੇ ਪਰਿਵਾਰ ਵਾਲੇ ਮੁੜ ਉਸ ਨੂੰ ਜ਼ਹਿਰ ਦੇ ਕੇ ਮਾਰਨ ਦੀ ਸੋਚਦੇ ਹਨ। ਦਰਦ ਨਾਲ ਕਰਾਹੁੰਦਾ ਉਹ ਜਿਵੇਂ ਕਿਵੇਂ ਰਾਤ ਕੱਟਦਾ ਹੈ।

ਸਵੇਰ ਨੂੰ ਆਪਣੇ ਮਿੱਤਰ ਸਾਧੇ ਸੀਤਲ ਨਾਲ ਜੋਗਿੰਦਰ ਪ੍ਰਾਇਮਰੀ ਹੈਲਥ ਸੈਂਟਰ ਜਾਂਦਾ ਹੈ। ਆਪਣੇ ਲਈ ਦਵਾਈ ਲੈਣ ਤੇ ਕੁੱਤੇ ਲਈ ਜ਼ਹਿਰ ਦਾ ਪ੍ਰਬੰਧ ਕਰਨ ਲਈ। ਉਸ ਹੈਲਥ ਸੈਂਟਰ ਦਾ ਸੇਵਾਦਾਰ ਮੁੱਖਾ ਕੁਝ ਮਹੀਨੇ ਪਹਿਲਾਂ ਤਕ ਮੁੱਖਾ ਜਮ ਦੇ ਨਾਂ ਨਾਲ ਮਸ਼ਹੂਰ ਸੀ। ਇਲਾਕੇ ਦੇ ਪਿੰਡਾਂ ਵਿਚ ਅਵਾਰਾ ਕੁੱਤਿਆਂ ਨੂੰ ਕੜਾਹ ਵਿਚ ਗੋਲੀਆਂ ਪਾ ਕੇ ਮਾਰਨ ਦੀ ਡਿਊਟੀ ਸੀ ਜੋ ਉਹ ਕਰਦਾ। ਜੇ ਕੋਈ ਪੁੱਛਦਾ ਕਿ ਤੈਨੂੰ ਤਰਸ ਨਹੀਂ ਆਉਂਦਾ ਤਾਂ ਕਹਿ ਦਿੰਦਾ—ਸਰਕਾਰੀ ਡਿਊਟੀ ਵਜਾਈਦੀ ਆ ਭਾਈ। ਦਰਬਾਰ ਸਾਹਿਬ ਉਤੇ ਹਮਲੇ ਵਾਲੀ ਘਟਨਾ ਪਿੱਛੋਂ ਉਹ ਡਾਕਟਰ ਗਿੱਲ ਦੇ ਯਾਰ ਇਕ ਫੌਜੀ ਕਰਨਲ ਨਾਲ ਦਰਬਾਰ ਸਾਹਿਬ ਗਿਆ। ਸੜੇ ਮਾਸ ਦੀ ਬਦਬੂ। ਢੇਰਾਂ ਦੇ ਢੇਰ ਲਾਸ਼ਾਂ। ਮੁੱਖਾ ਜਮ ਅੰਦਰੇ ਅੰਦਰ ਰੋਈ ਜਾਂਦਾ। ਹਮਲਾ ਕਰਨ ਵਾਲਾ ਜਰਨੈਲ ਵੀ ਉਸ ਨੇ ਸੁਣਿਆ ਕਿ ਸਿੱਖ ਹੀ ਸੀ। ਹਮਲਾਵਰਾਂ ਵਿਚ ਸਿੱਖ ਫੌਜੀ ਵੀ ਸਨ। 'ਉਹਨਾਂ ਦੀਆਂ ਬੰਦੂਕਾਂ ਤੇ ਤੋਪਾਂ ਕਿਵੇਂ ਉਠੀਆਂ ਹੋਣਗੀਆਂ ਗੁਰੂ ਘਰ ਵੱਲੇ ਜੇ ਉਹ ਸਿੱਖ ਸਨ ਤਾਂ?' —ਕਿਸੇ ਨੇ ਆਖਿਆ। 'ਉਹਨਾਂ ਤਾਂ ਆਪਣੀ ਡਿਊਟੀ ਵਜਾਉਣੀ ਸੀ ਭਾਈ—' ਕਿਸੇ ਹੋਰ ਨੇ ਕਿਹਾ। ਮੁੱਖੇ ਦੇ ਅੰਦਰ ਉਸ ਦੇ ਆਪਣੇ ਹੀ ਬੋਲ ਗੂੰਜਣ ਲੱਗੇ, 'ਸਰਕਾਰੀ ਡਿਊਟੀ ਵਜਾਈਦੀ ਆ ਭਾਈ, ਸਰਕਾਰੀ ਡਿਊਟੀ। ਤੇ ਲਾਸ਼ਾਂ ਦੇ ਢੇਰ ਬੰਦੇ ਉਸ

ਨੂੰ ਆਪਣੇ ਵੱਲੋਂ ਮਾਰੇ ਕੁੱਤਿਆਂ ਦੇ ਢੇਰ ਹੀ ਲੱਗੇ। ਅਪਰਾਧ ਭਾਵਨਾ ਨਾਲ ਭਰ ਗਿਆ ਉਹ। ਉਸ ਬੰਦੇ ਤਾਂ ਕੀ ਮਾਰਨੇ ਸਨ ਕੁੱਤੇ ਮਾਰਨੇ ਵੀ ਬੰਦ ਕਰ ਦਿੱਤੇ। ਕਿਸੇ ਵੀ ਪਰਿਸਥਿਤੀ ਦਾ ਇਕੋ ਜਿਹਾ ਪ੍ਰਤਿਕਰਮ ਹੋਣਾ ਲਾਜ਼ਮੀ ਨਹੀਂ। ਦਰਬਾਰ ਸਾਹਿਬ ਵਿਚ ਨਿਰਦੋਸ਼ੇ ਨਿਹੱਥੇ ਲੋਕਾਂ ਦੇ ਲਾਸ਼ਾਂ ਦੇ ਢੇਰ ਵੇਖ ਕੇ ਕਈਆਂ ਨੇ ਬਦਲੇ ਲਈ ਸਟੇਨਾਂ ਚੁੱਕੀਆਂ ਤੇ ਕਈ ਸੇਵਾ ਭਾਵਨਾ ਨਾਲ ਭਰ ਗਏ। ਮੁੱਖੇ ਜਮ ਨੇ ਕੁੱਤੇ ਮਾਰਨ ਤੋਂ ਸਾਫ਼ ਜੁਆਬ ਦੇ ਦਿੱਤਾ। ਉਹ ਜ਼ਖ਼ਮੀਆਂ ਦੀ ਮਰਹਮ ਪੱਟੀ ਕਰਦਾ। ਡਾਕਟਰ ਦੇ ਕਮਰੇ ਅੱਗੇ ਬਹਿ ਵਾਹਿਗੁਰੂ ਕਹਿ ਮਰੀਜ਼ ਅੰਦਰ ਭੇਜਦਾ ਰਹਿੰਦਾ। ਇਕੋ ਫਿਰਕੇ ਦੇ ਬੰਦਿਆਂ ਨੂੰ ਬੱਸ ਵਿਚੋਂ ਕੱਢ ਕੇ ਮਾਰਿਆਂ ਗਿਆਂ ਦੀਆਂ ਅਖ਼ਬਾਰਾਂ ਵਿਚ ਛਪੀਆਂ ਤਸਵੀਰਾਂ ਵੇਖ ਕੇ ਤਾਂ ਉਸ ਅੰਮ੍ਰਿਤ ਹੀ ਛਕ ਲਿਆ। ਕਟੇ ਉਲਝੇ ਵਾਲਾਂ ਵਾਲੇ ਮੁੱਖੇ ਜਮ ਦੇ ਸਿਰ ਹੁਣ ਵੱਡੀ ਨੀਲੀ ਦਸਤਾਰ। ਹੱਥਾਂ ਵਿਚ ਮੋਟੇ ਛਣਕਦੇ ਕੜੇ ਤੇ ਗਲ ਲੰਮਾ ਚੋਲਾ ਸੀ। ਉਹ ਮੁੱਖੇ ਨਿਹੰਗ ਦੇ ਨਾਂ ਨਾਲ ਪ੍ਰਸਿੱਧ ਹੋ ਗਿਆ ਸੀ। ਤੇ ਹੁਣ ਅਜੀਬ ਸਥਿਤੀ ਇਹ ਆ ਬਣੀ ਸੀ ਕਿ ਇਲਾਕੇ ਦੇ ਖਾੜਕੂਆਂ ਨੇ ਡਾਕਟਰ ਨੂੰ ਚਿੱਠੀ ਪਾ ਦਿੱਤੀ ਸੀ ਕਿ ਇਕ ਹਫਤੇ ਅੰਦਰ-ਅੰਦਰ ਇਲਾਕੇ ਦੇ ਸਾਰੇ ਅਵਾਰਾ ਕੁੱਤੇ ਨਾ ਮਾਰੇ ਗਏ ਤਾਂ ਡਾਕਟਰ ਤੇ ਉਸਦੇ ਕਰਮਚਾਰੀ ਸੋਧ ਦਿੱਤੇ ਜਾਣਗੇ। ਡਾਕਟਰ ਨੇ ਆਪਣੇ ਕਰਮਚਾਰੀਆਂ ਦੀ ਤੁਰੰਤ ਡਿਊਟੀ ਲਾ ਦਿੱਤੀ। ਮੁੱਖੇ ਨੇ ਸਾਰੇ ਕਰਮਚਾਰੀਆਂ ਨੂੰ ਕੁੱਤੇ ਮਾਰਨ ਤੋਂ ਸਾਫ਼ ਜੁਆਬ ਦੇ ਦਿੱਤਾ। ਹੋਰ ਤਾਂ ਹੋਰ ਉਸ ਡਾਕਟਰ ਦੇ ਮੂੰਹ 'ਤੇ ਆ ਕੇ ਸਾਫ਼ ਜੁਆਬ ਦੇ ਦਿੱਤਾ - 'ਮੈਂ ਨਹੀਂ ਜੇ ਬੇਦੋਸ਼ਿਆ ਨੂੰ ਮਾਰਨਾ' । ਉਸ ਦਾ ਸਾਥੀ ਕਰਮਚਾਰੀ ਦਿਲਬਾਗ ਉਸ ਨੂੰ ਸਮਝਾਂਦਾ ਹੈ - 'ਏਨੇ ਸਾਲ ਤੂੰ ਹੀ ਕੁੱਤੇ ਮਾਰਦਾ ਰਿਹੈਂ .... ਅਗਲਿਆਂ ਸਭ ਤੋਂ ਪਹਿਲਾਂ ਤੈਨੂੰ ਹੀ ਪੁੱਛਣਾਂ ...।' 'ਪੁੱਛ ਲੈਣ ਦਿਓ ..।' 'ਗੋਲੀ ਖਾਵੇਂਗਾ? 'ਖਾ ਲਊਂਗਾ'-ਉਸ ਦਾ ਦੋ-ਟੁੱਕ ਜੁਆਬ ਹੈ । ਤੇ ਐਧਰ ਜੋਗਿੰਦਰ ਆਪਣੇ ਜ਼ਖ਼ਮਾਂ ਦੀ ਦੁਆਈ ਲੈ ਕੇ ਆਪਣੀ ਸਮੱਸਿਆ ਨਾਲ ਹਾਜ਼ਰ ਹੈ - ਟਾਮੀ ਨੂੰ ਮਾਰਨ ਲਈ ਜ਼ਹਿਰੀਲੀ ਦਵਾਈ ਮੰਗਦਾ ਹੈ। ਡਾਕਟਰ ਕਹਿੰਦਾ ਹੈ ਕਿ ਬਾਹਰਲੀਆਂ ਬਹਿਕਾਂ ਉਤੇ ਕੁੱਤੇ ਮਾਰਨ ਵਾਲੀ ਮੈਡੀਕਲ ਟੀਮ ਇਹ ਕੰਮ ਅੱਜ ਸ਼ਾਮ ਨੂੰ ਆਪੇ ਕਰ ਜਾਵੇਗੀ।

ਜੋਗਿੰਦਰ ਘਰ ਪਰਤ ਆਉਂਦਾ ਹੈ। ਰਾਤ ਤਕ ਕੁੱਤੇ ਮਾਰਨ ਵਾਲੇ ਨਹੀਂ ਪਹੁੰਚਦੇ । ਕੁੱਤਾ ਬਨ੍ਹ ਕੇ ਉਹ ਸੌਂ ਜਾਂਦੇ ਹਨ । ਰਾਤ ਉਹ ਸੰਗਲੀ ਤੁੜਾ ਮੁੜ ਜ਼ੋਰ ਜ਼ੋਰ ਦੀ ਭੌਂਕਦਾ ਹੈ । ਘਬਰਾ ਕੇ ਉਠਦਾ ਹੈ ਜੋਗਿੰਦਰ। ਮੌਤ ਦੇ ਸਹਿਮ ਦਾ ਮਾਰਿਆ ਜੋਗਿੰਦਰ। ਕੁੱਤੇ ਨਾਲ ਸਾਰਾ ਮੋਹ ਭੁੱਲ ਕੇ, ਕੁੱਤੇ ਨੂੰ ਬੁਰੀ ਤਰ੍ਹਾਂ, ਅੱਧ ਮੋਇਆ ਕਰ ਸੁੱਟਿਆ ਉਸ । ਇਸ ਪਿੱਛੋਂ ਉਹ ਬਾਹਰ ਦਾ ਦਰਵਾਜ਼ਾ ਖੋਲ੍ਹ ਕੇ ਵੇਖਦਾ ਹੈ। ਬੰਦਾ ਤਾਂ ਕੋਈ ਨਹੀਂ ਦਿਸਦਾ। ਖੇਤਾਂ ਵਿਚ ਚਾਚੇ ਦੀ ਮੱਝ ਦਿਸਦੀ ਹੈ । ਜੋ ਸੰਗਲ ਤੁੜਾ ਕੇ ਬਾਹਰ ਨਿਕਲੀ ਫਿਰਦੀ ਸੀ । ਉਹ ਸੁਖ ਦਾ ਸਾਹ ਲੈ ਕੇ ਮੰਜੇ 'ਤੇ ਆ ਡਿਗਦਾ ਹੈ । ਅਧ ਮੋਇਆ ਟਾਮੀ ਸਾਰੀ ਰਾਤ ਕਰਾਹੁੰਦਾ ਅੰਤ ਚੁੱਪ ਹੋ ਜਾਂਦਾ ਹੈ । ਜੋਗਿੰਦਰ ਨੂੰ ਟਾਮੀ ਪ੍ਰਤੀ ਮੋਹ ਮੁੜ ਜਾਗਦੈ। ਜੁੱਤੀ ਅੜਾ ਉਹ ਟਾਮੀ ਕੋਲ ਜਾਂਦਾ ਹੈ । ਟਾਮੀ ਨੂੰ ਰਤਾ ਪਿਆਰ ਕਰ ਬੋਰੀਆਂ ਦਾ ਆਸਰਾ ਦੇ ਬਾਹਰ ਦੀ ਬੱਤੀ ਬੰਦ ਕਰਨ ਵੱਲ ਹੱਥ ਵਧਾਂਦਾ ਹੈ, ਪਰ ਫਿਰ ਬਿਨਾਂ ਬੁਝਾਏ ਹੀ ਵਾਪਸ ਆ ਜਾਂਦਾ ਹੈ । ਕੁੱਤੇ ਨੂੰ ਮਾਰਨਾ, ਉਸ ਪ੍ਰਤੀ ਮੋਹ, ਬੱਤੀ ਬੰਦ ਕਰਨ ਨਾ ਕਰਨ ਦਾ ਦੁਅੰਦ, ਪਰਿਸਥਿਤੀਆਂ ਦਾ ਅਜਿਹਾ ਸੰਗਠਨ ਹੈ ਜੋ ਮਨੁੱਖੀ ਕਦਰਾਂ ਕੀਮਤਾਂ ਬਾਰੇ ਕਿਸੇ ਵੀ ਸਥਾਪਤ ਪ੍ਰਤੀਮਾਨ ਬਾਰੇ ਹਰ ਮਹਾਂ ਬਿਰਤਾਂਤ ਨੂੰ ਤੋੜਦਾ ਹੈ । ਨੈਤਿਕਤਾ, ਕਦਰਾਂ ਕੀਮਤਾਂ, ਮੋਹ, ਮੌਤ, ਜਨਮ, ਧਰਮ, ਦੇਸ਼ ਪਿਆਰ, ਖਾੜਕੂਪੁਣਾ, ਅਣਖ-ਕਿਸੇ ਵੀ ਸੰਕਲਪ ਬਾਰੇ ਕੋਈ ਪ੍ਰਤਿਮਾਨ ਆਪਣੇ ਆਪ ਵਿਚ ਅੰਤਮ ਨਹੀਂ ਰਹਿੰਦਾ । ਕੋਈ ਨਿਰਣਾ ਅੰਤਮ ਜਾਂ ਹਰਫ਼-ਏ-ਆਖਿਰ ਨਹੀਂ ਰਹਿੰਦਾ । ਕੌਣ, ਕਿਉਂ, ਕਦੋਂ, ਕਾਹਦੇ ਲਈ , ਕੋਈ ਪ੍ਰਤਿਮਾਨ ਸਿਰਜਣਾ ਚਾਹੁੰਦਾ ਹੈ - ਇਹ ਨੁਕਤਾ ਹਰ ਕਦਮ 'ਤੇ ਮਹਤੱਵਪੂਰਨ ਹੋ ਕੇ ਉਜਾਗਰ ਹੋਣ ਲਗਦਾ ਹੈ ਤੇ ਇਹੀ ਇਸ ਰਚਨਾ ਦੀ ਉਤਰ-ਆਧੁਨਿਕ ਸੁਰ ਹੈ ਜੋ ਸਮੁੱਚੀ ਰਚਨਾ ਦੇ ਆਰ ਪਾਰ ਫੈਲੀ ਹੋਈ ਹੈ ।



ਇਸ ਤਰ੍ਹਾਂ ਇਹ ਕਹਾਣੀ ਮਹਾਂ ਬਿਰਤਾਂਤਾਂ ਦਾ ਵਿਰੋਧ ਹੋ ਨਿਬੜਦੀ ਹੈ । ਇਸ ਵਿਚ ਨਿੱਕੇ ਬਿਰਤਾਂਤ ਮਹਾਂ ਬਿਰਤਾਂਤਾਂ ਦੇ ਵਿਰੋਧ ਵਿਚ ਥਾਂ ਥਾਂ ਖਲੋਂਦੇ ਹਨ । ਸਮੁੱਚੇ ਰੂਪ ਵਿਚ ਇਹ ਲੰਬੀ ਕਹਾਣੀ ਨਿੱਕੇ ਨਿੱਕੇ ਬਿਰਤਾਂਤਾਂ ਦਾ ਖ਼ੂਬਸੂਰਤ ਮਜਮੂਆਂ ਬਣ ਗਈ ਹੈ । ਵਰਿਆਮ ਸਿੰਘ ਸੰਧੂ ਦੀ ਕਲਾਤਮਕ ਪ੍ਰਾਪਤੀ ਇਹ ਹੈ ਕਿ ਉਸ ਦਾ ਬਿਰਤਾਂਤ ਹਰ ਉਸ ਕਰੜੇ ਸਿਧਾਂਤਕ ਢਾਂਚੇ ਤੋਂ ਮੁਕਤ ਹੈ ਜੋ ਇਸ ਨੂੰ ਬਾਹਰ ਤੋਂ ਨਿਯੰਤ੍ਰਿਤ ਕਰਦਾ ਪ੍ਰਤੀਤ ਹੋਵੇ । ਗੱਲ ਨੂੰ ਅੱਗੇ ਤੋਰਨ ਤੋਂ ਪਹਿਲਾਂ ਲਿਓਤਾਰਦ ਦੇ ਡਿਫਰੈਂਡ ਦੇ ਸੰਕਲਪ ਨੂੰ ਸਪਸ਼ਟ ਕਰਨਾ ਜ਼ਰੂਰੀ ਪ੍ਰਤੀਤ ਹੁੰਦਾ ਹੈ ਜੋ ਇਸ ਬਿਰਤਾਂਤ ਦਾ ਇਕ ਮਹੱਤਵਪੂਰਨ ਨੁਕਤਾ ਹੈ। ਡਿਫਰੈਂਡ ਦੋ ਧਿਰਾਂ ਦਾ ਅਜਿਹਾ ਵਖਰੇਵਾਂ ਹੈ, ਨੁਕਤਾ-ਏ-ਨਿਗਾਹ ਦਾ ਅਜਿਹਾ ਅੰਤਰ ਹੈ ਜੋ ਟਕਰਾਅ ਰਹੀਆਂ ਧਿਰਾਂ ਦੇ ਮਸਲੇ ਨੂੰ ਕਿਸੇ ਇਕ ਧਿਰ ਦਾ ਪੱਖ ਲਏ ਬਿਨਾਂ ਪੇਸ਼ ਨਹੀਂ ਕੀਤਾ ਜਾ ਸਕਦਾ ਤੇ ਇਹ ਪੱਖ ਨਿਸ਼ਚੇ ਹੀ ਦੂਜੀ ਧਿਰ ਪ੍ਰਤਿ ਅਨਿਆਂ ਕਰ ਰਿਹਾ ਹੁੰਦਾ ਹੈ।

ਡਿਫਰੈਂਡ ਦੇ ਆਧਾਰ 'ਤੇ ਵੇਖਿਆਂ 'ਮੈਂ ਹੁਣ ਠੀਕ ਠਾਕ ਹਾਂ' ਦੀ ਕਥਾ ਵਿਚ ਤਥਾ ਕਥਿਤ ਅਤਿਵਾਦੀ ਇਕ ਪਾਸੇ ਹਨ ਤੇ ਉਨ੍ਹਾਂ ਦਾ ਦਮਨ ਕਰਨ ਵਾਲੇ ਦੂਜੇ ਪਾਸੇ। ਟਾਮੀ ਪ੍ਰਤਿ ਮੋਹ ਇਕ ਪਾਸੇ ਹੈ, ਜੀਵਨ ਦਾ ਮੋਹ ਦੂਜੇ ਪਾਸੇ । ਦਰਬਾਰ ਸਾਹਿਬ ਨਾਲ ਅਣਖ ਆਣ ਤੇ ਪਤ ਦਾ ਰਿਸ਼ਤਾ ਇਕ ਧਿਰ ਕੋਲ ਹੈ ਤੇ ਦੇਸ਼ ਪ੍ਰੇਮ ਦਾ ਸਰਟੀਫੀਕੇਟ ਦੂਜੀ ਧਿਰ ਪਾਸ। ... ਤੇ ਨਿਰੰਤਰ ਇਹ ਧਿਰਾਂ ਦੋ ਪੈਰਾਡਾਈਮ ਬਣਾਂਦੀਆਂ ਤੁਰੀਆਂ ਜਾਂਦੀਆ ਹਨ । ਉਹ ਪੈਰਾਡਾਈਮ ਜੋ ਅੰਤਰ ਸੰਬੰਧਤ ਵੀ ਹਨ ਤੇ ਪਰਸਪਰ ਵਿਰੋਧੀ ਵੀ । ਇਨ੍ਹਾਂ ਵਿਚਲਾ ਕੋਈ ਵੀ ਵਿਰੋਧ ਦੂਜੀ ਧਿਰ ਨਾਲ ਅਨਿਆਂ ਕਰਦਾ ਹੈ। ਕਿਸੇ ਵੀ ਇਕ ਦੀ ਸਥਾਪਨਾ ਦੂਜੀ ਦਾ ਨਕਾਰ ਹੈ । ਅਜਿਹਾ ਨਕਾਰ ਜੋ ਉਤਰ ਆਧੁਨਿਕਤਾ ਨੂੰ ਪ੍ਰਵਾਨ ਨਹੀਂ । ਦੋਹਾਂ ਧਿਰਾਂ ਨਾਲ ਜੁੜੇ ਨਿੱਕੇ ਨਿੱਕੇ ਵੇਰਵੇ ਡਿਫਰੈਂਡ ਨੂੰ ਉਭਾਰਦੇ ਹਨ । ਲੇਖਕ ਇਹ ਕਾਰਜ ਇਸ ਕੁਸ਼ਲਤਾ ਨਾਲ ਕਰਦਾ ਹੈ ਕਿ ਦੋਵੇਂ ਪੈਰਾਡਾਈਮਾਂ ਦੁਆਰਾ ਸਿਰਜੇ ਹਾਸ਼ੀਆਂ ਵਿਚ ਪਏ ਲੋਕਾਂ ਦੀ ਗੱਲ ਵੀ ਸੁਣੀ ਸੁਣਾਈ ਜਾ ਸਕੇ। ਉਸ ਦੀ ਕਹਾਣੀ ਕਿਸੇ ਇਕ ਧਿਰ ਦੀ ਕਹਾਣੀ ਨਹੀਂ ਬਣਦੀ। ਦੋਹਾਂ ਦੀ ਗੱਲ ਕਰਦੀ ਹੈ। ਵਰਿਆਮ ਸੰਧੂ ਨੂੰ ਇਸ ਗੱਲ ਦੀ ਅਚੇਤ ਪਛਾਣ ਹੈ ਕਿ ਮਹਾਂ-ਬਿਰਤਾਂਤ ਹਰ ਡਿਫਰੈਂਡ ਨੂੰ ਦਮਿਤ ਕਰਦੇ ਹਨ। ਇਸ ਲਈ ਉਹ ਮਹਾਂ ਬਿਰਤਾਂਤ ਦੇ ਅਨੁਸ਼ਾਸਨ ਨੂੰ ਨਹੀਂ ਸਵੀਕਾਰਦਾ। ਉਸ ਦਾ ਬਲ ਲਘੂ ਬਿਰਤਾਂਤਾਂ ਦੀਆਂ ਉਨ੍ਹਾਂ ਵੱਖੋ ਵੱਖਰੀਆਂ ਆਵਾਜ਼ਾਂ 'ਤੇ ਹੈ ਜੋ ਕਿਸੇ ਵੀ ਮਹਾਂ ਬਿਰਤਾਂਤ ਵਿਚ ਸਮਾਉਣਤੇ ਗਵਾਚਣ ਤੋਂ ਇਨਕਾਰੀ ਹਨ।

ਜਦੋਂ ਮਨੁੱਖ ਦੀ ਹੋਂਦ ਕੁੱਤੇ ਦੀ ਹੋਂਦ ਸਮਾਨ ਹੋ ਚੁੱਕੀ ਹੋਵੇ ਤਾਂ ਸਥਿਤੀ ਨਿਸਚੇ ਹੀ ਗੰਭੀਰ ਹੁੰਦੀ ਹੈ। ਕਿਸੇ ਵੀ ਧਿਰ ਲਈ ਦੂਜੀ ਧਿਰ ਦੀ ਹੋਂਦ/ਅਣਹੋਂਦ ਕੁੱਤੇ ਤੋਂ ਵੱਧ ਨਹੀਂ ਹੁੰਦੀ। ਅਜਿਹਾ ਇਸ ਸਚਾਈ ਦੇ ਬਾਵਜੂਦ ਹੋ ਰਿਹਾ ਹੁੰਦਾ ਹੈ ਕਿ ਕੁੱਤਾ ਅਪਣੇ ਆਪ ਵਿਚ ਪੂਰੀ ਤਰ੍ਹਾਂ ਵਫ਼ਾਦਾਰ ਹੈ। ਦੁਖਾਂਤ ਇਹ ਹੈ ਕਿ ਵਫ਼ਾਦਾਰ ਹੋ ਕੇ ਵੀ ਉਹ ਅਨਿਆਈ ਮੌਤੇ ਮਰਨ ਲਈ ਸਰਾਪਿਆ ਜਾਂਦਾ ਹੈ। ਉਸਦੀ ਅਨਿਆਈ ਮੌਤ ਉਪਰੰਤ ਹੀ ਦੂਜੀ ਧਿਰ ਨੂੰ ਠੀਕ ਠਾਕ ਹੋਣ ਦਾ ਅਹਿਸਾਸ ਹੁੰਦਾ ਹੈ। ਇਸ ਕਹਾਣੀ ਵਿਚ ਤਾਂ ਘੱਟੋ ਘੱਟ ਇਹੀ ਹੁੰਦਾ ਹੈ। ਰਾਤ ਨੂੰ ਬੁਰੀ ਤਰ੍ਹਾਂ ਕੁੱਟਿਆ ਟਾਮੀ ਸਵੇਰ ਨੂੰ ਰੱਬ ਨੂੰ ਪਿਆਰਾ ਹੋ ਚੁੱਕਾ ਹੈ। ਇਕ ਧਿਰ ਮਰ ਕੇ ਠੀਕ ਠਾਕ ਹੁੰਦੀ ਹੈ ਤੇ ਦੂਜੀ ਉਸ ਨੂੰ ਮਾਰ ਕੇ। ਟਾਮੀ ਜਿਵੇਂ ਜੋਗਿੰਦਰ ਨੂੰ ਕਹਿ ਰਿਹਾ ਹੋਵੇ—ਮੈਂ ਹੁਣ ਠੀਕ ਠਾਕ ਹਾਂ, ਤੁਸੀਂ ਜਾ ਕੇ ਆਰਾਮ ਕਰੋ। ਨਿਰਦੋਸ਼ ਟਾਮੀ ਨੂੰ ਮਾਰਨ ਉਪਰੰਤ ਜੋਗਿੰਦਰ ਪਸ਼ਚਾਤਾਪ ਨਾਲ ਭਰ ਚੁੱਕਾ ਹੈ। ਉਹ ਧਾਹ ਮਾਰ ਕੇ ਆਖਦਾ ਹੈ— 'ਇਸ ਨਾਲੋਂ ਤਾਂ ਭਾਵੇਂ ਉਹ ਮੈਨੂੰ ਮਾਰ ਦਿੰਦੇ'। ਉਹ ਟਾਮੀ ਨੂੰ ਆਪਣੇ ਘਰ ਦੇ ਜੀਆਂ ਵਾਂਗ ਨੁਹਾ ਕੇ ਦਫਨਾਂਦੇ ਹਨ।

ਦੱਬੇ ਦਫਨਾਏ ਟਾਮੀ ਉਤੇ ਬਣੀ ਮਿੱਟੀ ਦੀ ਢੇਰੀ ਜੋਗਿੰਦਰ ਨੂੰ ਨਿਰਦੋਸ਼ ਦੇ ਕਾਤਲ ਦਾ ਅਹਿਸਾਸ ਕਰਾਂਦੀ ਹੈ। ਗੁਨਾਹ ਦੇ ਅਹਿਸਾਸ ਨਾਲ ਉਦਾਸ ਕਰਦੀ ਹੈ। ਮਰੇ ਹੋਏ ਨਿਰਦੋਸ਼ ਕੁੱਤੇ ਤੋਂ ਉਸ ਨੂੰ ਕਿਸੇ ਨਿਰਦੋਸ਼ ਮਰੇ ਬੰਦੇ ਦੇ ਸੜੇ ਹੋਏ ਮਾਸ ਦਾ ਅਹਿਸਾਸ ਹੁੰਦਾ ਹੈ । ਉਹ ਪਸਚਾਤਾਪ ਦੇ ਇਸ

ਅਹਿਸਾਸ ਵਿਚ ਗਵਾਚਾ ਹੁੰਦਾ ਹੈ ਤਾਂ ਡਾਕਟਰ ਦੇ ਭੇਜੇ ਕੁੱਤੇ ਮਾਰਨਵਾਲੇ ਬੰਦੇ ਆ ਪੁੱਜਦੇ ਹਨ। ਉਹ ਦੱਸਦੇ ਹਨ ਕਿ ਉਸ ਦਿਨ ਤਾਂ ਮੁੱਖੇ ਨੇ ਹੀ ਪੰਗਾ ਪਾ ਲਿਆ। 'ਉਹ ਤਾਂ ਵਿਹਰ ਗਿਆ ਅਸਲੋਂ ਈ। ...ਪਾਗਲ ਆਦਮੀ। ਡਾਕਟਰ ਵੀ ਅੜ ਗਿਆ। ਪਰ ਉਹ ਅੱਗੋਂ ਧੜੀ ਜਿੱਡਾ ਸਿਰ ਹਿਲਾਈ ਜਾਵੇ ਤੇ ਆਖੀ ਜਾਵੇ—ਸੱਚੇ ਗੁਰੂ ਮਹਾਰਾਜ ਦਾ ਸਿੱਖ ਹੋ ਕੇ ਮੈਂ ਨਹੀਂ ਬੇਦੋਸ਼ਿਆਂ ਬੇਜ਼ਬਾਨਾਂ ਨੂੰ ਮਾਰਨਾਂ।...ਪਾਗਲ ਕਿਸੇ ਥਾਂ ਦਾ...ਅਖੇ ਨੌਕਰੀ ਛੱਡ ਦਊਂ ਪਰ...।' ਇਹੀ ਉਹ ਸਮਾਂ ਹੈ ਜਦੋਂ ਜੋਗਿੰਦਰ ਨੂੰ ਤਾਜ਼ੀ ਸਵੱਛ ਹਵਾ ਦੇ ਬੁੱਲੇ ਦਾ ਅਹਿਸਾਸ ਹੁੰਦਾ ਹੈ । ਕਿਸੇ ਹੋਰ ਨੂੰ ਉਥੇ ਸੜੇ ਮਰੇ ਮਾਸ ਦੀ ਮੁਸ਼ਕ ਨਹੀਂ ਆਉਂਦੀ । ਨਿਰਦੋਸ਼ਾਂ ਨੂੰ ਮਾਰਨ ਵਾਲਿਆਂ ਨੂੰ ਇਹ ਮੁਸ਼ਕ ਆ ਵੀ ਨਹੀਂ ਸਕਦੀ। ਇਹ ਮੁਸ਼ਕ ਆਪਣੇ ਅੰਦਰ ਮਰੇ ਹੋਏ ਬੰਦੇ ਦੀ ਹੀ ਮੁਸ਼ਕ ਹੈ। ਰਿਚਰਡ ਰੋਰਤੀ ਅਨੁਸਾਰ ਸਤਿ ਹਮੇਸ਼ਾਂ ਪ੍ਰਸੰਗ 'ਤੇ ਆਧਾਰਤ ਹੁੰਦਾ ਹੈ, ਆਪੋ-ਆਪਣਾ ਸਤਿ ਹਰ ਕਿਸੇ ਕੋਲ ਹੈ। ਦੂਜੇ ਦੇ ਸਤਿ ਨੂੰ ਸਮਝਣ ਦੀ ਲੋੜ ਹੈ ਨਾ ਕਿ ਉਸ ਉਤੇ ਆਪਣਾ ਸਤਿ ਆਰੋਪਤ ਕਰਨ ਦੀ। ਦੋਵੇਂ ਸਤਿ ਤਣਾਅ ਵਿਚ ਵਿਚਰਦੇ ਹਨ। ਦੂਜੇ ਦਾ ਦਮਨ ਕਿਸੇ ਵੀ ਤਰ੍ਹਾਂ ਉਚਿਤ ਨਹੀਂ। ਇਹੀ ਇਸ ਖ਼ੂਬਸੂਰਤ ਕਹਾਣੀ ਦਾ ਸੰਦੇਸ਼ ਹੈ ਜੋ ਬੜੀ ਕਲਾਤਮਕ ਵਿਧੀ ਨਾਲ ਉਜਾਗਰ ਹੋਇਆ ਹੈ ਅਤੇ ਇਸੇ ਕਲਾਤਮਕਤਾ ਕਾਰਨ ਇਹ ਕਹਾਣੀ ਪੰਜਾਬੀ ਦੀਆਂ ਉਂਗਲਾਂ 'ਤੇ ਗਿਣੀਆਂ ਜਾਣ ਯੋਗ ਕਹਾਣੀਆਂ ਵਿਚੋਂ ਇਕ ਬਣ ਗਈ ਹੈ।

ਇਸੇ ਵਿਸ਼ੇ ਵਸਤੂ ਨੂੰ ਲੈ ਕੇ ਇਕ ਯਾਦਗਾਰੀ ਕਹਾਣੀ ਸਿਰਜੀ ਹੈ ਅਜੀਤ ਕੌਰ ਨੇ। ਇਹ ਹੈ 'ਨਾ ਮਾਰੋ'। ਇਸ ਕਹਾਣੀ ਦਾ ਆਰੰਭ ਵੀ ਰਾਤ ਦੇ ਹਨ੍ਹੇਰੇ ਤੋਂ ਹੀ ਹੁੰਦਾ ਹੈ, ਜਿਵੇਂ ਹਨ੍ਹੇਰਾ ਇਸ ਕਾਲ ਖੰਡ ਵਿਚ ਜੀਅ ਰਹੇ ਹਰ ਵਿਅਕਤੀ ਦਾ ਵਰਤਮਾਨ ਹੀ ਹੋਵੇ। ਇਸ ਹਨ੍ਹੇਰੇ ਵਿਚ ਭੌਂਕਦੇ ਕੁੱਤੇ, ਹਰ ਪ੍ਰਤਿਮਾਨ ਨੂੰ ਤਜ ਕੇ ਇਕ ਦੂਜੇ ਦਾ ਨਿਰਦਈ ਦਮਨ ਕਰ ਰਹੇ ਲੋਕ ਹੀ ਹਨ। ਇਸ ਵਿਚ ਕਿਸ ਨੂੰ ਨੀਂਦਰ ਆ ਸਕਦੀ ਹੈ। ਉਤਮ ਪੁਰਖ ਵਿਚ ਲਿਖੀ ਇਸ ਕਹਾਣੀ ਦੀ ਨਾਇਕਾ ਨੂੰ ਵੀ ਨੀਂਦ ਨਹੀਂ। ਉਸ ਦੀ ਮਾਂ ਨੂੰ ਵੀ ਨਹੀਂ। ਨਾਇਕਾ ਦਾ ਇਕੋ ਇਕ ਭਰਾ 'ਕੇਵਲ' ਮਾਰ ਦਿੱਤਾ ਗਿਆ ਹੈ। 'ਉਹ ਕਹਿੰਦੇ ਹਨ ਕਿ ਮੇਰੇ ਭਰਾ ਨੂੰ ਆਤੰਕਵਾਦੀਆਂ ਨੇ ਕਤਲ ਕੀਤਾ ਸੀ।' —ਪਰ ਅਜੀਤ ਕੌਰ ਸਰਲੀਕਰਨ ਦੇ ਰਾਹ ਨਹੀਂ ਪੈਂਦੀ। ਉਤਰ-ਆਧੁਨਿਕਤਾ ਨੂੰ ਇਹ ਸਪਾਟ ਸਰਲੀਕਰਨ ਸਵੀਕਾਰ ਨਹੀਂ। ਬਸ ਇਥੋਂ ਹੀ ਇਸ ਕਹਾਣੀਕਾਰ ਦੀ ਉਤਰ-ਆਧੁਨਿਕ ਸੁਰ ਉਘੜਨੀ ਸ਼ੁਰੂ ਹੋ ਜਾਂਦੀ ਹੈ। 'ਹੋ ਸਕਦਾ ਹੈ, ਮੇਰੇ ਭਰਾ ਨੂੰ ਸਰਲਾ ਦੇ ਭਰਾਵਾਂ ਨੇ ਹੀ ਮਾਰ ਸੁੱਟਿਆ ਹੋਵੇ।... ਸਰਲਾ ਬ੍ਰਹਾਮਣਾਂ ਦੀ ਕੁੜੀ ...ਤੇ ਮੇਰਾ ਭਰਾ ਕੰਬੋਆਂ ਦਾ ਮੁੰਡਾ।' ਉਹ ਸੋਚਦੀ ਹੈ ਅਤੇ ਉਸਦੀ ਇਹ ਸੋਚ ਬੰਦਿਆਂ ਨੂੰ ਹਿੰਦੂ ਸਿੱਖ ਦੇ ਸਰਲ ਵਰਗਾਂ ਵਿਚ ਵੰਡਣ ਉਤੇ ਪ੍ਰਸ਼ਨ ਚਿੰਨ੍ਹ ਲਾ ਦਿੰਦੀ ਹੈ।

ਨਾਇਕਾ ਦਾ ਭਰਾ ਮਰ ਚੁੱਕਾ ਹੈ। ਮੌਤ ਤੋਂ ਵੱਡਾ ਕਾਹਦਾ ਡਰ। ਪਰ ਫਿਰ ਵੀ ਉਹ ਡਰੀ ਹੋਈ ਹੈ। ਕੁੱਤਿਆਂ ਦੇ ਭੌਂਕਣ ਦੀ ਆਵਾਜ਼ ਸੁਣ ਉਹ ਦੱਬੇ ਪੈਰੀਂ ਉਠਦੀ ਹੈ। ਸਾਰੇ ਘਰ ਦਾ ਚੱਕਰ ਜਿਹਾ ਮਾਰਦੀ ਹੈ। ਹਨ੍ਹੇਰਾ, ਸ਼ਾਸ਼ਾਂ ਦੀਆਂ ਆਵਾਜ਼ਾਂ। ਚੀਜ਼ਾਂ ਵਸਤਾਂ, ਕੰਧਾਂ ਦੇ ਪਰਛਾਵੇਂ, ਨਲਕੇ ਦੇ ਪਾਣੀ ਦੀ ਤਿਪ ਤਿਪ ਡਿਗਦੀ ਬੂੰਦ। ਹਵਾ ਵਿਚ ਘੁਲਿਆ ਸਹਿਮ। ਬਸ ਉਹ ਤੇ ਉਸ ਦੀ ਬੁੱਢੀ ਮਾਂ। ਰਸੋਈ ਦੇ ਨਾਲ ਵਾਲੇ ਪੁਰਾਣੇ ਕਮਰੇ ਵਿਚ ਜਿੱਥੇ ਗੰਢਿਆਂ ਦਾ ਢੇਰ, ਪੁਰਾਣੇ ਬਿਸਤਰੇ, ਖੇਸ, ਰਜਾਈਆਂ ਤੁਲਾਈਆਂ ਤੇ ਹੋਰ ਕੂੜ ਕਬਾੜ ਸੀ, ਜਿਸ ਕਮਰੇ ਦਾ ਕਿਸੇ ਕੁੰਡਾ ਜਿੰਦਾ ਵੀ ਘੱਟ ਹੀ ਲਾਇਆ ਹੋਣੈਂ, ਉਸ ਵਿਚ ਜਦੋਂ ਅੰਨ੍ਹਾ ਜਿਹਾ ਬਲਬ ਜਗਾ ਕੇ ਉਹ ਚਾਨਣ ਕਰਦੀ ਹੈ ਤਾਂ ਉਹ ਪੇਟੀਆਂ ਪਿੱਛੇ ਦੁਬਕੇ ਬੈਠੇ ਇਕ ਬੰਦੇ ਨੂੰ ਵੇਖ ਕੇ ਠਠੰਬਰ ਜਾਂਦੀ ਹੈ। ਉਹ ਲਹੂ-ਲੁਹਾਣ ਲੱਤ ਨੂੰ ਦੋਹਾਂ ਮੁੱਠਾਂ ਵਿਚ ਘੁੱਟੀ ਬੈਠਾ ਸੀ। ਉਸ ਦੀਆਂ ਅੱਖਾਂ ਵਿਚ ਸਹਿਮ ਸੀ। ਡਰੇ ਹੋਏ ਜ਼ਖਮੀ ਖਰਗੋਸ਼ ਵਾਂਗ। ਹੂੰਗਰ ਕੇ ਉਸ ਪਾਣੀ ਮੰਗਿਆ। ਨਾਇਕਾ ਨੂੰ ਉਸ 'ਤੇ ਰਹਿਮ ਆਇਆ ਅਤੇ ਉਸ ਨੇ ਪਾਣੀ ਦਾ ਗਿਲਾਸ ਲਿਆ ਦਿੱਤਾ। ਦੋਵੇਂ ਇਕ ਦੂਜੇ ਤੋਂ ਡਰੇ ਹੋਏ ਸਨ। 'ਤੂੰ ਡਰ ਨਾ ਭੈਣ। ਮੈਂ ਰਤਾ ਉਠਣ ਜੋਗਾ ਹੋਵਾਂਗਾ ਤਾਂ ਚੁੱਪ ਚਾਪ ਚਲਾ ਜਾਵਾਂਗਾ ਆਪੇ'। —ਉਸ ਦੇ ਬੋਲਾਂ ਨਾਲ ਨਾਇਕਾ ਦਾ ਡਰ ਦੂਰ ਹੋ ਜਾਂਦਾ ਹੈ। ਬੋਲਣ



ਵਾਲੇ ਦੇ ਬੇਸਹਾਰਾਪਣ 'ਤੇ ਉਸ ਨੂੰ ਤਰਸ ਆਉਣ ਲਗਦੈ। ਉਹ ਉਸ ਨੂੰ ਦੁੱਧ ਦਾ ਗਲਾਸ ਪਿਆਂਦੀ ਹੈ। ਉਸਦੇ ਜ਼ਖਮ 'ਤੇ ਪੱਟੀ ਬੰਨ੍ਹਦੀ ਹੈ। ਉਹ ਦੱਸਦਾ ਹੈ ਕਿ ਉਸ ਨੂੰ ਗੋਲੀ ਲੱਗੀ ਹੈ। 'ਪੁਲੀਸ ਦੇ ਕੁੱਤਿਆਂ ਦੀ ਗੋਲੀ'। —ਉਹ ਦੱਸਦਾ ਹੈ। 'ਮੈਂ ਕੋਈ ਚੋਰ ਡਾਕੂ ਨਹੀਂ.. ।' ਤੇ ਨਾਇਕਾ ਸੋਚਦੀ ਹੈ ਕਿ ਉਹ ਜ਼ਰੂਰ ਕੋਈ ਆਤੰਕਵਾਦੀ ਹੋਵੇਗਾ। ਪਰ ਉਸ ਦੀਆਂ ਅੱਖਾਂ ਪੁੱਛਦੀਆਂ ਹਨ—'ਆਤੰਕਵਾਦੀ? ਉਹ ਕਿਹੜਾ ਜਨੌਰ ਹੁੰਦਾ ਹੈ ਬੀਬੀ?' ਪੀੜ ਨਾਲ ਵਿਆਕੁਲ ਉਹ ਕਹਿੰਦਾ ਹੈ— 'ਤੂੰ ਜਾ ਕੇ ਸੌਂ ਜਾਹ ਬੀਬੀ। ਰਤਾ ਕੁ ਪੀੜ ਘੱਟ ਹੋਈ ਤਾਂ ਮੈਂ ਚੁੱਪ ਚਾਪ ਉਠ ਕੇ ਚਲਾ ਜਾਵਾਂਗਾ।' 'ਕਿਧਰੇ ਨਹੀਂ ਜਾਏਂਗਾ ਤੂੰ।... ਇਸ ਹਾਲਤ ਵਿਚ ਕਿਧਰੇ ਨਹੀਂ ਜਾਏਂਗਾ ਤੂੰ।' ਉਹ ਅਧਿਕਾਰ ਨਾਲ ਆਖਦੀ ਹੈ। ਬਾਹਰੋਂ ਉਸ ਕੋਠੜੀ ਨੂੰ ਜਿੰਦਾ ਲਾ ਕੇ ਮੰਜੇ 'ਤੇ ਆ ਪੈਂਦੀ ਹੈ।

ਰਾਤ ਲੰਘੀ ਜਾਂਦੀ ਹੈ। ਅਚਾਨਕ ਉਸ ਨੂੰ ਯਾਦ ਆਉਂਦਾ ਹੈ ਕਿ ਦਿਨ ਚੜ੍ਹ ਗਿਆ ਤਾਂ ਇਹ ਬੰਦਾ ਜੰਗਲ ਪਾਣੀ ਕਿੱਥੇ ਜਾਵੇਗਾ। ਉਹ ਉਠਦੀ ਹੈ। ਪਾਣੀ ਦਾ ਲੋਟਾ ਭਰ ਕੇ ਉਸ ਨੂੰ ਦਿੰਦੀ ਹੈ। ਕਹਿੰਦੀ ਹੈ, ਘਰ ਦੀ ਕੰਧ ਦੇ ਨਾਲ ਹੀ ਬਾਹਰਲੇ ਪਾਸੇ ਬਹਿ ਜਾਵੇ। ਆਪ ਆਪਣੀ ਚੁੰਨੀ ਦੀ ਓਟ ਦਾ ਓਹਲਾ ਦੇ ਕੇ ਉਸ ਵੱਲ ਪਿੱਠ ਕਰ ਕੇ ਖਲੋਤੀ ਰਹਿੰਦੀ ਹੈ। ਕੰਮ ਨਿਪਟਾ ਕੇ ਫਿਰ ਉਸੇ ਕੋਠੜੀ ਵਿਚ ਉਸ ਨੂੰ ਬੰਦ ਕਰ ਦਿੰਦੀ ਹੈ। ਸਵੇਰ ਨੂੰ ਪੁਲੀਸ ਦੇ ਦੋ ਬੰਦੇ ਉਸ ਦੇ ਘਰ ਆਉਂਦੇ ਹਨ। ਉਸ ਦੇ ਭਰਾ ਦੇ ਕਤਲ ਤੋਂ ਬਾਅਦ ਪੁਲੀਸ ਗਾਹੇ ਬਗਾਹੇ ਆਉਂਦੀ ਹੀ ਰਹਿੰਦੀ ਹੈ, ਪਰ ਅੱਜ ਪੁਲੀਸ ਵੇਖ ਕੇ ਉਹ ਤ੍ਰਹਿ ਜਾਂਦੀ ਹੈ। ਉਹ ਦੱਸਦੇ ਹਨ—ਕਲ੍ਹ ਰਾਤੀਂ ਚਹੁੰ ਪੰਜਾਂ ਆਤੰਕਵਾਦੀਆਂ ਨੇ ਪੁਲੀਸ ਦੇ ਦੋ ਸਿਪਾਹੀਆਂ ਨੂੰ ਘੇਰ ਕੇ ਉਨ੍ਹਾਂ ਕੋਲੋਂ ਬੰਦੂਕਾਂ ਖੋਹ ਲਈਆਂ ਸਨ।... ਉਹ ਸਾਰੇ ਭੱਜ ਗਏ। ਪਰ ਸ਼ੱਕ ਏ ਕਿ ਕਮ-ਅਜ਼-ਕਮ ਇਕ ਬੰਦੇ ਨੂੰ ਗੋਲੀ ਜ਼ਰੂਰ ਲੱਗੀ ਏ।... ਤੇ ਸ਼ਾਇਦ ਉਹ ਜ਼ਖਮੀ ਹੋ ਕੇ ਇਸੇ ਗਲੀ ਵਿਚ ਵੜਿਆ ਏ।... ਰਤਾ ਕੁੰਡੀ-ਸ਼ੁੰਡੀ ਮਾਰ ਕੇ ਰੱਖਣੀ। ਹਨ੍ਹੇਰੇ ਸਵੇਰੇ ਬਾਹਰ ਵੀ ਨਾ ਨਿਕਲਣਾ। ਗਲੀ ਦੇ ਸਾਰੇ ਸਿੱਖ ਘਰਾਂ ਦੀਆਂ ਤਲਾਸ਼ੀਆਂ ਲੈ ਰਹੇ ਹਾਂ। ..ਉਂਝ ਪੁਲੀਸ ਨੂੰ ਇਸੇ ਗਰੁੱਪ 'ਤੇ ਸ਼ੱਕ ਐ ਕਿ ਇਹਨਾਂ ਨੇ ਹੀ ਤੁਹਾਡੇ ਕੇਵਲ ਨੂੰ ਮਾਰਿਆ ਐ। ਸਾਲੇ, ਭੈਣ ਦੇ ਯਾਰ, ਬਚ ਕੇ ਜਾਣਗੇ ਕਿੱਥੇ? ਮਾਂ ਧੀ ਉਨ੍ਹਾਂ ਦੀਆਂ ਗੱਲਾਂ ਆਪੋ ਆਪਣੀ ਜ਼ਿਹਨੀ ਸਥਿਤੀ ਅਨੁਸਾਰ ਸੁਣੀ ਜਾਂਦੀਆਂ ਹਨ। ਘਟਨਾਵਾਂ ਉਹੀ ਹਨ। ਪਰ ਉਨ੍ਹਾਂ ਪ੍ਰਤਿ ਪੁਲੀਸ, ਮਾਂ, ਧੀ, ਤਿੰਨਾਂ ਦਾ ਆਪੋ ਆਪਣਾ ਪ੍ਰਤਿਕਰਮ ਹੈ। ਇਨ੍ਹਾਂ ਵਿਭਿੰਨ ਪ੍ਰਤਿਕਰਮਾਂ ਨੂੰ ਅਗਰਭੂਮਿਤ ਕਰਨਾ ਉਤਰ-ਆਧੁਨਿਕ ਸੋਚ ਦਾ ਸਿੱਟਾ ਹੈ। ਇਹ ਸੋਚ ਕਿਸੇ ਵੀ ਘਟਨਾ ਜਾਂ ਵੇਰਵੇ ਬਾਰੇ ਇਕਹਿਰੇ ਸਪਾਟ ਚਿੰਤਨ 'ਤੇ ਕਾਟਾ ਫੇਰਦੀ ਹੈ। ਬੰਦਿਆਂ ਨੂੰ ਸਿੱਧੇ ਸਪਾਟ ਵਰਗਾਂ ਵਿਚ ਵੰਡਣ ਤੋਂ ਇਨਕਾਰ ਕਰਦੀ ਹੈ। ਆਪਣੇ ਸਤਿ ਨੂੰ ਦੂਜੇ ਉਤੇ ਆਰੋਪਤ ਕਰਨ ਦੀ ਥਾਂ ਦੂਜੇ ਦੇ ਸਤਿ ਨੂੰ ਸਮਝਣ ਪਛਾਣਨ ਵੱਲ ਰੁਚਿਤ ਹੁੰਦੀ ਹੈ। ਤੇ ਠੀਕ ਇਹੀ ਕੁਝ ਅਜੀਤ ਕੌਰ ਇਸ ਕਹਾਣੀ ਵਿਚ ਕਰਦੀ ਹੈ। ਇਹੀ ਕਾਰਨ ਹੈ ਕਿ ਨਾਇਕਾ ਆਪਣੇ ਭਰਾ ਦੇ ਤਥਾ ਕਥਿਤ ਕਾਤਲਾਂ ਦੇ ਸਾਥੀ ਬਾਰੇ ਵੀ ਉਂਜ ਨਹੀਂ ਸੋਚਦੀ ਜਿਵੇਂ ਸਿਪਾਹੀ ਸੋਚਦੇ ਹਨ।

ਨਾਇਕਾ ਲਈ ਕੋਠੜੀ ਵਿਚ ਛੁਪਿਆ ਉਹ ਮੁੰਡਾ ਜਿਸ ਦੀਆਂ ਗਲ੍ਹਾਂ 'ਤੇ ਅਜੇ ਨਿੱਕੀ ਨਿੱਕੀ ਕੱਕੀ ਲੂਈਂ ਹੈ, ਸਹਿਮੇ ਹੋਏ ਵੱਛੇ ਵਰਗਾ ਹੈ। ਮਾਂ ਗਵਾਚੇ ਪੁੱਤਰ ਦੇ ਸਦਮੇ ਵਿਚ ਡੁੱਬੀ ਸਹਿਮੀ ਫਿਰਦੀ ਹੈ। ਪੁਲੀਸ ਦੀਆਂ ਗੱਲਾਂ ਸੁਣ ਹੋਰ ਵੀ ਸਹਿਮ ਜਾਂਦੀ ਹੈ। ਉਹ ਰਮਾਇਣ ਖੋਲ੍ਹ ਕੇ ਬਹਿ ਜਾਂਦੀ ਹੈ ਤਾਂ ਧੀ ਚਾਰ ਫੁਲਕੇ ਪਕਾ ਸਬਜ਼ੀ ਲੈ ਕੋਠੜੀ ਵਿਚ ਚਲੀ ਜਾਂਦੀ ਹੈ। ਉਸ ਵੱਲ ਰੋਟੀਆਂ ਵਧਾਂਦੀ ਹੈ। 'ਭੁੱਖ ਨਹੀਂ' —ਪੀੜ ਤੇ ਨੀਂਦ ਨਾਲ ਪਰੁਚਾ ਉਹ ਕਹਿੰਦਾ ਹੈ। 'ਨਹੀਂ ਭੁੱਖ ਤਾਂ ਵੀ ਖਾਣੀਆਂ ਨੇ'—ਉਹ ਉਸ ਨੂੰ ਬੜੇ ਹੁਕਮ ਨਾਲ ਤੇ ਵੱਡਿਆਂ ਵਾਲੇ ਮਾਣ ਨਾਲ ਆਖਦੀ ਹੈ। ਉਸ ਦੀ ਸੁੱਜੀ ਲੱਤ ਦੇ ਵਿਗੜੇ ਹੋਏ ਜ਼ਖਮ ਤੇ ਦਰਦ ਵੱਲ ਤੱਕ ਕੇ ਉਸ ਨੂੰ ਹਸਪਤਾਲ ਦਾ ਖਿਆਲ ਆਉਂਦਾ ਹੈ। ਪਰ ਸਥਿਤੀਆਂ ਸਾਫ਼ ਕਰਦੀਆਂ ਹਨ ਕਿ ਦੁਨੀਆਂ ਦੇ ਸਾਰੇ ਡਾਕਟਰ ਤੇ ਉਨ੍ਹਾਂ ਦੇ ਔਜ਼ਾਰ ਉਸ ਲਈ ਬੇਕਾਰ ਸਨ। ਸਾਰੇ ਹਸਪਤਾਲ ਰਾਖ ਦਾ ਢੇਰ । ਉਹ ਕੋਠੜੀ ਨੂੰ ਜਿੰਦਾ ਲਾ ਬਾਜ਼ਾਰ ਜਾਂਦੀ ਹੈ । ਗਲੀ

ਵਿਚ ਤਿੰਨ ਸਿਪਾਹੀ ਬੈਠੇ ਹਨ । ਡਾਕਟਰ ਤੋਂ ਉਹ ਡਿਟੋਲ, ਰੂੰ ਅਤੇ ਪੱਟੀਆਂ ਖਰੀਦਦੀ ਹੈ । ਇਹ ਕਹਿ ਕੇ ਕਿ ਮਾਂ ਦੇ ਪੈਰ 'ਤੇ ਸੱਟ ਲੱਗ ਗਈ ਹੈ । ਘਬਰਾਈ ਹੋਈ ਇਹ ਚੀਜ਼ਾਂ ਲੁਕਾ ਕੇ ਉਹ ਘਰ ਲਿਆਉਂਦੀ ਹੈ । ਉਸ ਨੌਜੁਆਨ ਦੇ ਜ਼ਖਮ ਤੋਂ ਕਪੜਾ ਖੋਲ੍ਹ ਕੇ, ਉਸ ਨੂੰ ਧੋ ਸਾਫ ਕਰ ਕੇ ਪੱਟੀ ਬੰਨ੍ਹਦੀ ਹੈ । ਉਸ ਨੂੰ ਲਗਦਾ ਹੈ ਕਿ ਇਡਾ ਸਖਤ ਤੇ ਭੈੜਾ ਜ਼ਖਮ ਤਾਂ ਉਸ ਦੇ ਭਰਾ ਕੇਵਲ ਦਾ ਵੀ ਨਹੀਂ ਸੀ। ਪੱਟੀ ਕਰ ਕੇ ਉਸ ਨੂੰ ਦੁੱਧ ਪਿਲਾਂਦੀ ਹੈ । ਕੁੰਡਾ ਮਾਰ ਹੱਥ ਧੋ ਚਾਹ ਬਣਾ ਕੇ ਮਾਂ ਕੋਲ ਆ ਬਹਿੰਦੀ ਹੈ।

ਨਾ ਉਹ ਸੁੱਤੀ ਹੈ, ਨਾ ਜਾਗਦੀ । ਉਸ ਨੂੰ ਲਗਦਾ ਹੈ ਜਿਵੇਂ ਨਿਰਦੋਸ਼ ਖਰਗੋਸ਼ਾਂ ਪਿੱਛੇ ਖੂੰਖਾਰ ਕੁੱਤੇ ਭੱਜ ਰਹੇ ਹੋਣ। ਸੋਚਾਂ ਵਿਚ ਡੁੱਬੀ ਨੂੰ ਉਸ ਨੂੰ ਪਤਾ ਵੀ ਨਹੀਂ ਲਗਦਾ ਕਿ ਕਿਹੜੇ ਵੇਲੇ ਉਸ ਦੀ ਮਾਂ ਰਸੋਈ ਵਿਚ ਜਾ ਵੜੀ ਹੈ । ਦਾਲ ਧਰੀ ਬੈਠੀ ਹੈ, ਚੁਲ੍ਹੇ ਉਤੇ । ਮਾਂ ਨੂੰ ਉਠਾ ਕੇ ਉਹ ਆਪ ਰੋਟੀਆਂ ਲਾਂਹਦੀ ਹੈ । ਦਾਲ ਵਿਚ ਚਮਚਾ ਕੁ ਤੱਤਾ ਘਿਉ ਪਾ ਕੇ ਰੋਟੀਆਂ ਲੈ ਕੇ ਉਸੇ ਕੋਠੜੀ ਵਿਚ ਜਾ ਵੜਦੀ ਹੈ । ਉਹ ਦਰਦ ਤੇ ਜ਼ਖਮ ਦੇ ਜ਼ਹਿਰ ਨਾਲ ਬੇਹੋਸ਼ਾਂ ਵਾਂਗ ਸੁੱਤਾ ਦਿਸਦਾ ਹੈ । ਮੱਥਾ ਤਪ ਰਿਹਾ ਹੈ । ਸਾਹ ਵਿਚ ਹੂੰਗਰ। ਉਵੇਂ ਹੀ ਰੋਟੀ ਦਾਲ ਕੋਲ ਰੱਖ, ਜਿੰਦਾ ਲਾ ਵਾਪਸ ਆ ਜਾਂਦੀ ਹੈ । ਅੱਧੀ ਰਾਤੀਂ ਮੁੜ ਕੋਠੜੀ ਵਿਚ ਜਾਂਦੀ ਹੈ ।ਰੋਟੀ ਉਵੇਂ ਦੀ ਉਵੇਂ ਪਈ ਹੈ । ਦਾਲ ਉਤੇ ਘਿਉ ਜੰਮ ਚੁੱਕਾ ਹੈ। ਉਹ ਦਰਦ ਨਾਲ ਕਰਾਹ ਰਿਹਾ ਹੈ। ਉਸ ਨੂੰ ਪਾਣੀ ਦਾ ਘੁੱਟ ਪਿਆਂਦੀ ਹੈ । ਉਹ ਬੇਬਸ ਗੰਢੜੀ ਬਣਿਆ ਦਰਦ ਨਾਲ ਪੀੜਤ ਹੈ । ਬਾਹਰ ਖਤਰਾ ਉਸਦਾ ਸੁਰਾਗ ਲੈ ਰਿਹਾ ਹੈ । ਅਗਲਾ ਦਿਨ ਵੀ ਇਵੇਂ ਹੀ ਉਹ ਬੁਖਾਰ ਨਾਲ ਤਪਦਾ ਰਹਿੰਦਾ ਹੈ । ਜ਼ਬਰਦਸਤੀ ਉਹ ਉਸਨੂੰ ਦੋ ਘੁੱਟ ਦੁੱਧ ਪਿਆਂਦੀ ਹੈ । ਉਹ ਮੁਸ਼ਕਲ ਨਾਲ ਅੱਖਾਂ ਖੋਲ੍ਹਦਾ ਹੈ । 'ਮੈਂ ਇੱਥੇ ਨਹੀਂ ਮਰਨਾਂ। ਤੁਹਾਨੂੰ ਮੇਰੀ ਲਾਸ਼ ਕੱਢਣ ਵਿਚ ਬਹੁਤ ਤਕਲੀਫ਼ ਹੋਵੇਗੀ ।' ਟੁੱਟੇ ਫੁੱਟੇ ਲਫਜ਼ਾਂ ਵਿਚ ਉਹ ਕਹਿੰਦਾ ਹੈ ।

ਇਸੇ ਸ਼ਾਮ ਪੁਲੀਸ ਦੇ ਸਿਪਾਹੀ ਮੁੜ ਆਉਂਦੇ ਹਨ ਤੇ ਕਹਿੰਦੇ ਹਨ, 'ਬੀਬੀ, ਉਂਝ ਤਾਂ ਤੁਹਾਡੇ ਘਰ ਦੀ ਤਲਾਸ਼ੀ ਲੈਣ ਦੀ ਲੋੜ ਨਹੀਂ, ਪਰ ਸਾਡੇ ਕੁੱਤੇ ਬਾਹਰ ਡਿੱਗੇ ਲਹੂ ਨੂੰ ਸੁੰਘ ਕੇ ਵਾਰ ਵਾਰ ਇਥੇ ਈ ਆ ਜਾਂਦੇ ਹਨ । ਜ਼ਰਾ ਅੰਦਰੋਂ ਵੇਖਣ ਦਿਉ।' ਘਬਰਾਈ ਹੋਈ ਉਹ ਆਖਦੀ ਹੈ- 'ਮਾਂ ਸਾਰੀ ਰਾਤ ਸੁੱਤੀ ਨਹੀਂ, ਹੁਣ ਰੋਟੀ ਖਾ ਕੇ ਅੱਖ ਲੱਗੀ ਏ ਜ਼ਰਾ। ਤੁਸੀਂ ਘੰਟੇ ਕੁ ਤਕ ...।' ਉਹ ਆਖਦੇ ਹਨ ਠੀਕ ਹੈ ਮਾਂ ਜੀ ਨੂੰ ਸੌਣ ਦਿਓ। ਫਿਰ ਆ ਜਾਵਾਂਗੇ, ਪਰ ਉਦੋਂ ਹਨ੍ਹੇਰਾ ਹੋ ਜਾਵੇਗਾ । ਰਾਤ ਪੈ ਜਾਵੇਗੀ। 'ਨਹੀਂ, ਰਾਤ ਦੀ ਕੋਈ ਗੱਲ ਨਹੀਂ।' ਕਹਿ ਕੇ ਉਹ ਉਨ੍ਹਾਂ ਨੂੰ ਤੋਰ ਦਿੰਦੀ ਹੈ । ਉਨ੍ਹਾਂ ਦੇ ਜਾਣੇ ਪਿੱਛੋਂ ਮਾਂ ਪੁੱਛਦੀ ਹੈ ਤਾਂ ਉਹ ਦੱਸਦੀ ਹੈ ਕਿ ਸਿਪਾਹੀ ਸਨ। ਕਹਿੰਦੇ ਸਨ ਤਲਾਸ਼ੀ ਲੈਣੀ ਹੈ । ਕੋਈ ਭੱਜ ਕੇ ਗਲੀ ਵਿਚ ਆ ਲੁਕਿਆ ਏ ।ਮਾਂ ਉਸ ਨੂੰ ਕੁੰਡੀ ਚੰਗੀ ਤਰ੍ਹਾਂ ਬੰਦ ਕਰਨ ਲਈ ਕਹਿ ਕੇ ਮੰਜੇ 'ਤੇ ਆ ਲੇਟਦੀ ਹੈ । ਹੁਣ ਉਹ ਕੋਠੜੀ ਦੀ ਕੁੰਡੀ ਖੋਲ੍ਹਦੀ ਹੈ । ਦਰਦ ਨਾਲ ਬੇਹੋਸ਼ ਵੀ ਉਹ ਬਾਹਰਲੇ ਕੁੰਡੇ ਦਾ ਖੜਾਕ ਸੁਣ ਕੇ ਸਾਵਧਾਨ ਹੋਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਸ ਦੇ ਪੁੱਛਣ 'ਤੇ ਉਹ ਦੱਸਦੀ ਹੈ ਕਿ ਪੁਲੀਸ ਵਾਲੇ ਤਲਾਸ਼ੀ ਲੈਣ ਆਏ ਸਨ । ਘੰਟੇ ਕੁ ਤਕ ਫੇਰ ਆਉਣਗੇ । ਉਹ ਜੁਆਨ ਉਸ ਕੋਠੜੀ ਵਿਚੋਂ ਜਾਣ ਦਾ ਫੈਸਲਾ ਕਰ ਲੈਂਦਾ ਹੈ । ਬਚਾਅ ਦੇ ਸਾਰੇ ਰਾਹ ਖਤਮ ਹੋ ਚੁੱਕੇ ਸਨ । ਕਸੀਸ ਵੱਟ ਕੇ ਉਹ ਡਿਗਦਾ ਢਹਿੰਦਾ ਬਾਹਰ ਨਿਕਲਦਾ ਹੈ । ਉਹਦੀਆਂ ਅੱਖਾਂ ਵਿਚ ਮੌਤ ਦਾ ਪਰਛਾਵਾਂ ਵੀ ਸੀ, ਤੇ ਸ਼ੁਕਰਾਨਾ ਵੀ। ਉਸ ਦੇ ਬਾਹਰ ਨਿਕਲਣ ਪਿੱਛੋਂ ਉਹ ਕੁੰਡੀ ਲਾ ਦਿੰਦੀ ਹੈ । ਯਕਦਮ ਕਿੰਨੇ ਸਾਰੇ ਕੁੱਤੇ ਭੌਂਕਦੇ ਹਨ । ਗੋਲੀਆਂ ਦੀ ਆਵਾਜ਼। ਤੇ ਪੈਰਾਂ ਦੀ ਦਗੜ ਦਗੜ । ਉਸ ਦੀ ਮਾਂ ਤ੍ਰਹਿ ਕੇ ਅੱਧਨੀਂਦੀ ਹੀ ਬਰੜਾ ਉਠਦੀ ਹੈ-'ਵੇ ਨਾ ਮਾਰੋ, ਮੇਰੇ ਬਚੜੇ ਨੂੰ। ਨਾ ਮਾਰੋ ਮੇਰੇ ਕੇਵਲ ਨੂੰ। ਨਾ ਗੋਲੀਆਂ ਮਾਰੋ ਮੇਰੇ ਪੁੱਤਰ ਨੂੰ । - ਇਹ ਕਿਹੀ ਅਜੀਬ ਸਥਿਤੀ ਹੈ ਜਿੱਥੇ ਪੁੱਤਰ ਦਾ ਕਾਤਲ ਵੀ ਆਪਣਾ ਪੁੱਤਰ ਪ੍ਰਤੀਤ ਹੁੰਦਾ ਹੈ । ਤਥਾ ਕਥਿਤ ਆਤੰਕਵਾਦੀ ਦੀ ਗੋਲੀ ਚਲਦੀ ਹੈ ਤਾਂ ਵੀ ਇਸੇ ਮਾਂ ਦਾ ਪੁੱਤਰ ਮਰਦਾ ਹੈ ਤੇ ਉਹ ਕਹਿੰਦੀ ਹੈ 'ਨਾ ਮਾਰੋ' ।ਪੁਲੀਸ ਦੀ ਗੋਲੀ ਚਲਦੀ ਹੈ ਤਾਂ ਵੀ ਇਸੇ ਮਾਂ ਦਾ ਪੁੱਤਰ ਮਰਦਾ ਹੈ ਤੇ ਉਹ ਕਹਿੰਦੀ ਹੈ - 'ਨਾ ਮਾਰੋ'।



ਅਜੀਤ ਕੌਰ ਦੀ ਇਸ ਕਹਾਣੀ ਦੀ ਖੂਬਸੂਰਤੀ ਇਸ ਗੱਲ ਵਿਚ ਹੈ ਕਿ ਉਹ ਘਟਨਾਵਾਂ ਨੂੰ ਸੁਹਜਾਤਮਕ ਸੰਗਠਨ ਵਿਚ ਬੰਨ੍ਹਣ ਸਮੇਂ ਸੰਕੀਰਨ ਇਕਹਿਰੇ ਚਿੰਤਨ ਦੀ ਗੁਲਾਮ ਨਹੀਂ ਬਣਦੀ । ਉਸ ਨੂੰ ਇਸ ਗੱਲ ਦੀ ਸਹਿਜ ਪਛਾਣ ਹੈ ਕਿ ਅਜਿਹਾ ਚਿੰਤਨ ਮਨੁੱਖ ਦਾ ਦਮਨ ਕਰਦਾ ਹੈ। ਉਸ ਦੀ ਕਲਾ ਅਜਿਹੇ ਹਰ ਉਸ ਮਹਾਂ ਬਿਰਤਾਂਤ ਨੂੰ ਸਹਿਜੇ ਹੀ ਰੱਦ ਕਰ ਦਿੰਦੀ ਹੈ ਜੋ ਕਿਸੇ ਹੋਰ ਮਹਾਂ ਬਿਰਤਾਂਤ ਨੂੰ ਸ਼ਕਤੀ ਨਾਲ ਨਕਾਰਦਾ ਹੈ ।ਉਸ ਦੀ ਹੋਂਦ ਨੂੰ ਮਿਟਾਣ ਦੇ ਰਾਹ ਪੈ ਜਾਂਦਾ ਹੈ । ਨਿਸ਼ਚਿਤਤਾ, ਇਕਹਿਰੇ ਵਿਵੇਕ ਤੇ ਨਿਰੰਕੁਸ਼ਤਾ ਨੂੰ ਇਹ ਕਹਾਣੀ ਪੂਰੀ ਤਰ੍ਹਾਂ ਨਕਾਰਦੀ ਹੈ । ਹਨੇਰੇ ਸਮਿਆਂ ਬਾਰੇ ਕਿਸੇ ਦੋ ਟੁੱਕ ਨਿਰਣੇ ਨੂੰ ਇਹ ਰੱਦ ਕਰਦੀ ਹੈ । ਕਿਸੇ ਇਕ ਮਹਾਂ ਬਿਰਤਾਂਤ ਨੂੰ ਆਪਣੀ ਟੇਕ ਨਹੀਂ ਬਣਾਂਦੀ ਸਗੋਂ ਹਰ ਅਜਿਹੇ ਮਹਾਂ ਬਿਰਤਾਂਤ ਅੱਗੇ ਥਾਂ ਥਾਂ ਪ੍ਰਸ਼ਨ - ਚਿੰਨ੍ਹ ਲਾਂਦੀ ਹੈ । ਉਸ ਦੇ ਸਰੋਕਾਰ ਸਾਬਤ ਸਬੂਤੀ ਮਨੁੱਖੀ ਹੋਂਦ ਹਸਤੀ ਨਾਲ ਜੁੜੇ ਹੋਏ ਹਨ ਜੋ ਇਕ ਨਹੀਂ ਤਾਂ ਦੂਜੀ ਧਿਰ ਦੇ ਦਮਨ ਦੀ ਸ਼ਿਕਾਰ ਹੈ । ਇਸੇ ਲਈ ਅਜੀਤ ਕੌਰ ਇਸ ਕਹਾਣੀ ਵਿਚ ਸਮਾਜਕ ਯਥਾਰਥ ਨੂੰ ਬਹੁ ਵਚਨੀ ਪ੍ਰਵਚਨ ਦੇ ਰੂਪ ਵਿਚ ਹੀ ਪੇਸ਼ ਕਰਦੀ ਹੈ । ਥੀਮਿਕ ਪੱਖ ਤੋਂ ਸਜਾਤੀ ਜਾਂ ਨਿਰੰਕੁਸ਼ ਸੰਗਠਨ ਨੂੰ ਵੰਗਾਰਨ ਵਾਲੇ ਵਿਜਾਤੀ ਤੱਤ ਇਸ ਕਹਾਣੀ ਵਿਚ ਨਿਰੰਤਰ ਹਾਜ਼ਰ ਹਨ । ਉਹ ਹਾਸ਼ੀਏ 'ਤੇ ਪਏ ਬੰਦਿਆਂ ਦੀ ਬਾਤ ਪਾਂਦੀ ਹੈ-ਭਾਵੇਂ ਉਹ ਆਤੰਕਵਾਦ ਦਾ ਸ਼ਿਕਾਰ ਹਨ ਤੇ ਭਾਵੇਂ ਪੁਲੀਸ ਦੀ ਗੋਲੀ ਦਾ। ਉਸ ਦੀ ਉਂਗਲ ਨਿਰੰਤਰ ਦਮਨ 'ਤੇ ਰਹਿੰਦੀ ਹੈ । ਨਾਇਕਾ ਲਈ ਹਰ ਸਤਿ ਆਰਜ਼ੀ ਹੈ । ਕੇਵਲ ਦਾ ਆਤੰਕਵਾਦੀਆਂ ਦੁਆਰਾ ਮਾਰੇ ਜਾਣਾ ਵੀ, ਘਰ ਵਿਚ ਆ ਛੁਪੇ ਤਥਾ ਕਥਿਤ ਆਤੰਕਵਾਦੀ ਦੇ ਕਾਤਲ ਹੋਣ ਦਾ ਵੀ । ਦੋਵੇਂ ਸਤਿ ਉਸ ਲਈ ਪਰਿਸਥਿਤੀਆਂ ਦੀ ਦੇਣ ਮਾਤਰ ਹਨ । ਉਸ ਦਾ ਵਿਹਾਰ ਦੋਹਾਂ ਦੀਆਂ ਸੀਮਾਵਾਂ ਉਤੇ ਉਂਗਲ ਰੱਖਦਾ ਹੈ । ਆਪਣੇ ਤਕ ਪੁੱਜੇ ਹਰ ਵੇਰਵੇ, ਹਰ ਬਿਰਤਾਂਤ ਨੂੰ ਉਹ ਕਿਸੇ ਨਾ ਕਿਸੇ ਮਨੁੱਖ ਦੁਆਰਾ ਰਚੇ ਪਾਠ ਵਜੋਂ ਲੈਂਦੀ ਹੈ । ਉਸ ਵਿਚ ਜੁੜੇ ਮਹਾਂ ਬਿਰਤਾਂਤ ਨੂੰ ਪਛਾਣਦੀ ਤੇ ਨਕਾਰਦੀ ਹੈ । ਉਹ ਪਛਾਣਦੀ ਹੈ ਕਿ ਅਜਿਹਾ ਕੋਈ ਵੀ ਵੇਰਵਾ ਜੋ ਨਿਰਪੱਖ ਹੋਣ ਦਾ ਦਾਅਵਾ ਕਰਦਾ ਹੈ-ਵਾਸਤਵ ਵਿਚ ਨਿਰਪੱਖ ਨਹੀਂ ਹੋ ਸਕਦਾ । ਹਰ ਸਤਿ ਦੇ ਬਰਾਬਰ ਇਕ ਹੋਰ ਸਤਿ ਹੈ ਜਿਸ ਦਾ ਦਮਨ ਹੋ ਰਿਹਾ ਹੁੰਦਾ ਹੈ । ਇਹ ਕਹਾਣੀ ਦੋਵੇਂ ਪ੍ਰਕਾਰ ਦੇ ਦਮਨ ਅਗਰਭੂਮਿਤ ਕਰਦੀ ਹੈ ।

'ਨਾ ਮਾਰੋ' ਦਾ ਥੀਮਕ ਸੰਗਠਨ ਕਿਸੇ ਇਕ ਸਤਿ 'ਤੇ ਨਹੀਂ ਪੁਚਾਂਦਾ ਸਗੋਂ ਸਤਿ ਦੀ ਬਹੁ-ਵਚਨੀ ਹੋਂਦ ਨੂੰ ਉਜਾਗਰ ਕਰਦਾ ਹੈ । ਉਹ ਬਹੁ-ਵਚਨੀ ਸਤਿ ਜਿਸ ਦੇ ਵੱਖ - ਵੱਖ ਰੂਪ ਵਿਭਿੰਨ ਸਮਾਜਕ ਇਤਿਹਾਸਕ ਪਰਿਸਥਿਤੀਆਂ ਦੀ ਦੇਣ ਹਨ। ਪੁਲੀਸ ਦਾ ਵਿਹਾਰ ਹੋਵੇ ਤੇ ਭਾਵੇਂ ਆਤੰਕਵਾਦੀਆਂ ਦਾ ਜਾਂ ਉਨ੍ਹਾਂ ਵਿਚੋਂ ਕਿਸੇ ਦੀ ਵੀ ਸੋਚ ਦੇ ਸਮਰਥਕਾਂ ਦਾ, ਦੋਹਾਂ ਨਾਲ ਬਹੁਤ ਕੁਝ ਹਾਸ਼ੀਏ ਵਿਚ ਚਲਾ ਜਾਂਦਾ ਹੈ । ਬਹੁਤ ਕੁਝ ਦਮਿਤ ਹੁੰਦਾ ਹੈ । ਕੇਂਦਰ ਵਿਚ ਤਾਂ ਸੀਮਤ ਸਤਿ ਹੀ ਬਾਕੀ ਬਚਦਾ ਹੈ । ਇਸ ਲਈ ਕਿਸੇ ਵੀ ਸੀਮਤ ਸਤਿ ਨੂੰ ਕੇਂਦਰ ਵਿਚ ਸਥਾਪਤ ਕਰਨ ਨਾਲ ਸਥਿਤੀ ਕੁਲ ਮਿਲਾ ਕੇ ਉਂਝ ਦੀ ਉਂਝ ਹੀ ਰਹਿੰਦੀ ਹੈ । ਆਪਣੇ ਆਪ ਨੂੰ ਇਕ ਇਕਾਈ ਤੇ ਦੂਜੇ ਨੂੰ 'ਸਿੰਗਲ ਅਦਰ' ਦੇ ਰੂਪ ਵਿਚ ਤਸੱਵਰ ਕਰਨਾ ਇਸ ਕਹਾਣੀ ਦੀ ਨਾਇਕਾ ਨੂੰ ਪ੍ਰਵਾਨ ਨਹੀਂ । ਇਹ ਸੋਚ ਉਤਰ ਆਧੁਨਿਕ ਸੋਚ ਹੀ ਹੈ ਅਤੇ ਇਹੀ ਇਸ ਕਹਾਣੀ ਨੂੰ ਇਸ ਵਿਸ਼ੇ ਉਤੇ ਲਿਖੀ ਇਕ ਮਹੱਤਵਪੂਰਨ ਤੇ ਵਿਲੱਖਣ ਰਚਨਾ ਵਜੋਂ ਸਥਾਪਤ ਕਰਦੀ ਹੈ । 'ਨਾ ਮਾਰੋ' ਦੋ ਧਿਰਾਂ ਦੇ ਤਨਾਓ ਦਾ ਕੋਈ ਅੰਤਮ ਦੋ ਟੁੱਕ ਸੁਲਝਾਓ ਪੇਸ਼ ਨਹੀਂ ਕਰਦੀ। ਇਹ ਤਾਂ ਇਸ ਤਣਾਓ ਦੀ ਜਟਿਲ ਪ੍ਰਕ੍ਰਿਤੀ ਨੂੰ ਹੀ ਪੇਸ਼ ਕਰਦੀ ਹੈ । ਕੁਝ ਪ੍ਰਸ਼ਨ ਉਭਾਰਦੀ ਹੈ ਤੇ ਬੱਸ । ਉਤਰ-ਆਧੁਨਿਕਤਾ ਇਹੀ ਕੁਝ ਕਰਦੀ ਹੈ । ਨਿਸ਼ਚਤ ਉਤਰ ਤਾਂ ਆਧੁਨਿਕਤਾ ਪਾਸ ਹਨ, ਉਤਰ-ਆਧੁਨਿਕਤਾ ਪਾਸ ਨਹੀਂ ।

ਉਤਰ-ਆਧੁਨਿਕ ਦ੍ਰਿਸ਼ਟੀ ਨੂੰ ਪੰਜਾਬੀ ਕਹਾਣੀ ਦੇ ਸੰਦਰਭ ਵਿਚ ਵੇਖਣ ਲਈ ਤੀਸਰੀ ਕਹਾਣੀ ਹੈ ਪ੍ਰੇਮ ਪ੍ਰਕਾਸ਼ ਰਚਿਤ 'ਇਹ ਉਹ ਜਸਬੀਰ ਨਹੀਂ'। ਕਹਾਣੀ ਆਰੰਭ ਹੁੰਦੀ ਹੈ ਹਰੀ ਦੇਵ ਦੇ

ਕਸਬੇ ਤੋਂ ਸ਼ਹਿਰ ਨੂੰ ਪਰਤਦੇ ਸਮੇਂ ਆਖਰੀ ਬੱਸ ਵਿਚ ਬੈਠਣ ਨਾਲ । ਹਰੀ ਦੇਵ ਮੁੜ ਮੁੜ ਵੇਖਦਾ ਹੈ ਕਿ ਇਸ ਵਿਚ ਕਿਤੇ ਕੋਈ ਕਾਲੀ ਦਾੜ੍ਹੀ, ਨੀਲੀ/ਕੇਸਰੀ/ਕਾਲੀ ਪਗੜੀ ਵਾਲਾ ਸਿੱਖ ਤਾਂ ਨਹੀਂ ਜਿਸ ਕੋਲੋਂ ਬੱਸ ਅਗਵਾ ਹੋਣ ਦਾ ਡਰ ਹੋਵੇ । ਉਸ ਦੀ ਸੋਚ ਕਾਲੀ ਦਾੜ੍ਹੀ ਨੂੰ ਉਮਰ ਤੇ ਪੱਗ ਦੇ ਰੰਗ ਨੂੰ ਹਿੰਸਾ ਦੀਆਂ ਸੀਮਾਵਾਂ ਨਾਲ ਜੋੜਕੇ ਸਤਿ ਦੀ ਇਕਹਿਰੀ ਹੋਂਦ ਦਾ ਪਰਿਚਯ ਦਿੰਦੀ ਹੈ । ਬੱਸ ਵਿਚ ਸਾਰੇ ਸਿੱਖ 'ਸਿਆਣੀ ਉਮਰ' ਦੇ ਹਨ । ਇਕੋ 'ਕਾਲੀ ਦਾੜ੍ਹੀ' ਹੈ । ਪਰ ਉਹਦੇ ਪੱਗ ਵਲ੍ਹੇਟਵੀਂ, ਕੁੜਤਾ ਪਜਾਮਾ ਪੇਂਡੂਆਂ ਵਾਲਾ ਤੇ ਤੱਕਣੀ ਸਾਊ ਹੈ । ਬੇਫਿਕਰ ਜਿਹਾ ਉਹ ਦੋਸਤ ਦੇ ਮੁੰਡੇ ਦੇ ਵਿਆਹ ਬਾਰੇ ਸੋਚਣ ਲਗਦਾ ਹੈ । ਫਜ਼ੂਲ ਰਸਮਾਂ ਤੇ ਫਜ਼ੂਲ ਖਰਚੀ। ਅਚੇਤ ਹੀ ਸ਼ਾਇਦ ਉਹ ਵਿਆਹਾਂ ਤੇ ਹੋਰ ਫਜ਼ੂਲ ਰਸਮਾਂ ਬਾਰੇ ਖਾੜਕੂਆਂ ਵੱਲੋਂ ਕੀਤੇ ਸੁਧਾਰਾਂ ਨੂੰ ਜਾਇਜ਼ ਮੰਨ ਕੇ 'ਸਤਿ' ਦੇ ਇਕ ਹੋਰ ਪਾਸਾਰ ਨੂੰ ਪੇਸ਼ ਕਰ ਜਾਂਦਾ ਹੈ ।ਪ੍ਰੇਮ ਪ੍ਰਕਾਸ਼ ਦੀ ਕਥਾ ਵਿਧੀ ਵਿਚ ਅਚੇਤ ਮਨ ਅਨੇਕਾਂ ਨਿੱਕੇ ਨਿੱਕੇ ਵੇਰਵੇ ਨਿਰੰਤਰ ਅਗਰਭੂਮਿਤ ਕਰਦਾ ਰਹਿੰਦਾ ਹੈ ।ਇਹ ਵੇਰਵੇ ਬਾਹਰਲੇ ਯਥਾਰਥ ਨਾਲ ਨਿਰੰਤਰ ਟਕਰਾਂਦੇ ਹੋਏ ਸਤਿ ਦੇ ਵਿਭਿੰਨ ਪਾਸਾਰ ਉਜਾਗਰ ਕਰਦੇ ਰਹਿੰਦੇ ਹਨ । ਇਥੇ ਵੀ ਇੰਝ ਹੁੰਦਾ ਹੈ।ਬੱਸਾਂ ਅਗਵਾ ਕਰਨਾ, ਫਜ਼ੂਲ ਰੀਤੀ ਰਿਵਾਜਾਂ ਨੂੰ ਰੋਕਣਾ, ਬੂਹਾ ਖੜਕਾ ਕੇ ਹਾਕ ਮਾਰ ਕੇ ਬੁਲਾਣਾ ਤੇ ਮਾਰ ਦੇਣਾ - ਸਤਿ ਦੇ ਵਿਭਿੰਨ ਪਾਸਾਰ ਹੀ ਹਨ । ਇੰਝ ਹੀ ਡਰਾਇਵਰ ਬੱਸ ਤੇਜ਼ੀ ਨਾਲ ਭਜਾ ਰਿਹਾ ਹੈ ।ਸ਼ਾਇਦ ਉਹ ਹਿੰਦੂ ਹੈ, ਘਰ ਜਾਣ ਲਈ ਕਾਹਲਾ।ਜਾਂ ਕੀ ਪਤਾ ਜੱਟ ਸਿੱਖ ਜਿਸ ਨੇ ਵਾਲ ਕਟਾ ਰੱਖੇ ਹਨ ਤੇ ਦਾਹੜੀ ਕਤਰ ਰੱਖੀ ਹੈ । ਇਹ ਵੀ ਸਤਿ ਦੇ ਪਰਸਪਰ ਵਿਰੋਧੀ ਪਾਸਾਰ ਹੀ ਹਨ। ਬੱਸ ਵਿਚ ਇਕੋ ਇਕ ਕਾਲੀ ਦਾੜ੍ਹੀ ਵਾਲਾ ਸਰਦਾਰ ਨਿਰੰਤਰ ਉਸ ਨੂੰ ਆਪਣੇ ਵੱਲ ਵੇਖਦਾ ਜਾਪਦਾ ਹੈ । ਪਰ 'ਪਿੱਛੇ ਬੈਠਾ ਬੰਦਾ ਅੱਗੇ ਹੀ ਤਾਂ ਵੇਖੇਗਾ।' ਕਹਿ ਕੇ ਪੇਮ ਪ੍ਰਕਾਸ਼ ਮੁੜ ਸਤਿ ਦੀ ਇਕਹਿਰੀ ਹੋਂਦ 'ਤੇ ਪ੍ਰਸ਼ਨ-ਚਿੰਨ੍ਹ ਲਾ ਦਿੰਦਾ ਹੈ ।ਸਤਿ ਦੀ ਇਕਹਿਰੀ ਹੋਂਦ 'ਤੇ ਪ੍ਰਸ਼ਨ-ਚਿੰਨ੍ਹ ਲਾਣਾ, ਉਤਰ ਆਧੁਨਿਕ ਚਿੰਤਨ ਦੀ ਪਹਿਲੀ ਪਛਾਣ ਹੈ।

ਹਰੀਦੇਵ ਆਪਣੇ ਸ਼ਹਿਰ ਦੇ ਅੱਡੇ 'ਤੇ ਪਹੁੰਚਦਾ ਹੈ । ਆਪਣੇ ਵੱਲ ਨਿਰੰਤਰ ਝਾਕਦੇ ਰਹੇ ਬੰਦੇ ਨੂੰ ਝਕਾਣੀ ਦੇ ਕੇ ਉਹ ਘਰ ਪਹੁੰਚਣਾ ਚਾਹੁੰਦਾ ਹੈ। ਕਿਸੇ ਦੋਸਤ ਦੀ ਜੀਪ ਵਿਚ ਲਿਫਟ ਲੈ ਕੇ ਜਦੋਂ ਉਹ ਅੱਧੇ ਘੰਟੇ ਬਾਅਦ ਘਰ ਦੇ ਮੋੜ 'ਤੇ ਪੁੱਜਦਾ ਹੈ ਤਾਂ ਉਹੀ ਬੰਦਾ ਮੁੜ ਉਥੇ ਸਾਹਮਣੇ ਖੜ੍ਹਾ ਦਿਸਦਾ ਹੈ । ਬੰਦਾ ਖਾਲੀ ਹੱਥ ਹੈ । ਗਲੀ ਆਪਣੀ ਹੈ । ਡਰ ਕਾਹਦਾ ...? ਪਰ ਨਹੀਂ ਸਟੇਨਗੰਨਾਂ ਤਾਂ ਬੁੱਕਲਾਂ ਵਿਚੋਂ ਵੀ ਨਿਕਲ ਆਉਂਦੀਆਂ ਨੇ । ਸਤਿ ਦੀ ਇਕਹਿਰੀ ਹੋਂਦ 'ਤੇ ਫਿਰ ਕਾਟਾ ਵਜਦਾ ਹੈ । ਗੱਲ ਇਥੇ ਮੁਕਦੀ ਨਹੀਂ ਜਦੋਂ ਉਹ ਉਸ ਬੰਦੇ ਕੋਲੋਂ ਨਿਕਲਣ ਲਗਦਾ ਹੈ ਤਾਂ ਡਰ ਜਾਂਦਾ ਹੈ । ਉਹ ਵਾਜ ਮਾਰਦਾ ਹੈ-'ਹਰੀ, ਮੈਨੂੰ ਪਛਾਣਿਆ ਨਹੀਂ ?' ਇਹ ਤਾਂ ਉਸ ਦਾ ਆਪਣਾ ਦੋਸਤ ਮਾਸਟਰ ਜਸਬੀਰ ਸਿੰਘ ਸੀ । ਵਰ੍ਹੇ ਡੇਢ ਪਹਿਲਾਂ ਵਸਦਾ ਰਸਦਾ ਘਰ ਛੱਡ ਅਤਿਵਾਦੀਆਂ ਨਾਲ ਚਲਾ ਗਿਆ ਸੀ।ਸਰਕਾਰ ਨੇ ਉਸ ਦੇ ਸਿਰ 'ਤੇ ਇਨਾਮ ਵੀ ਰੱਖ ਰੱਖਿਆ ਸੀ । ਉਹ ਉਹਦੇ ਪਿੰਡ ਉਹਦੇ ਬੱਚਿਆਂ ਦੀ ਖਬਰ ਸਾਰ ਲੈਣ ਵੀ ਗਿਆ ਸੀ । ਉਸ ਦੀ ਪਤਨੀ ਨੂੰ ਉਸ ਪੈਸੇ ਧੇਲੇ ਦੀ ਮਦਦ ਦੀ ਵੀ ਪੇਸ਼ਕਸ਼ ਕੀਤੀ ਸੀ, ਪਰ ਉਸ 'ਰੁਪਏ ਕੀ ਚੱਟਣੇ ਨੇ ਬੀਰ ਜੀ' ਕਹਿ ਕੇ ਨਾਂਹ ਕਰ ਦਿੱਤੀ ਸੀ ।

ਹਰੀ ਦੇਵ ਨੇ ਜਸਬੀਰ ਨਾਲ ਹੱਥ ਮਿਲਾਇਆ । ਕਦੇ ਉਹ ਜੱਫੀ ਪਾ ਕੇ ਮਿਲਦੇ ਸਨ । ਜੱਫੀ ਪਾਣ ਵਾਲੇ ਹੱਥ ਮਿਲਾਣ ਤਕ ਆ ਗਏ ਸਨ । ਇਸ ਤੋਂ ਪਹਿਲਾਂ ਤਾਂ ਪਛਾਣ ਤਕ ਭੁੱਲ ਚੁੱਕੇ ਸਨ । ਇਕ ਦੂਜੇ ਤੋਂ ਡਰੇ ਸਹਿਮੇ । ਇਹ ਸਾਰਾ ਕੁਝ ਪਰਿਸਥਿਤੀਆਂ ਦੀ ਹੀ ਤਾਂ ਦੇਣ ਸੀ । ਬੇਪਛਾਣ ਫਾਸਲੇ ਤੋਂ ਹੱਥ ਮਿਲਾਣ ਤਕ ਦਾ ਸਫਰ ਤੇ ਫਿਰ 'ਆ ਘਰ ਚੱਲੀਏ' ਦਾ ਸੱਦਾ । ਬੂਹਾ ਖੜਕਾਉਣ ਤੋਂ ਪਹਿਲਾਂ ਹੀ ਜਸਬੀਰ ਨੇ ਕਿਹਾ- ' ਘਰ ਇਹ ਨਾ ਦੱਸੀਂ, ਬਈ ਮੈਂ ਜਸਬੀਰ ਹਾਂ । ਆਪਾਂ ਚੁਬਾਰੇ 'ਚ ਬੈਠਾਂਗੇ ।' ਕੁੰਡਾ ਖੁਲ੍ਹਾ ਹੀ ਹੁੰਦਾ ਹੈ । ਦੋਵੇਂ ਅੰਦਰ ਵੜ ਜਾਂਦੇ ਤੇ ਸਿੱਧੇ ਪਉੜੀਆਂ ਚੜ੍ਹ ਜਾਂਦੇ ਹਨ । ਪਿੱਛੇ ਪੂਛ ਹਿਲਾਂਦਾ ਡੱਬੂ ਵੀ। ਪਤਨੀ ਨੂੰ ਹਰੀ ਇਹ ਦੱਸਦਾ ਹੈ-'ਮੇਰਾ ਜਮਾਤੀ ਐ।ਧੰਨੇ ਤੋਂ



ਆਇਐ।' ਪਾਣੀ ਪਿਆ ਕੇ ਉਹ ਚਾਹ ਲਈ ਪੁੱਛਦਾ ਹੈ । ਜਸਬੀਰ ਕੁਝ ਖਾਣ ਲਈ ਮੰਗਦਾ ਹੈ । ਪੱਗ ਲਾਹ ਕੇ ਨਿਸ਼ਚਿੰਤ ਲੇਟ ਜਾਂਦਾ ਹੈ। ਹਰੀ ਉਸ ਦੀ ਸਿਹਤ ਬਾਰੇ ਪੁੱਛਦਾ ਹੈ । ਜਸਬੀਰ ਦੱਸਦਾ ਹੈ - 'ਦਸ ਕੁ ਦਿਨ ਮਲੇਰੀਆ ਰਿਹਾ । ਹੁਣ ਬੁਖਾਰ ਨਹੀਂ, ਪਰ ਕਮਜ਼ੋਰੀ ਹੈ । ...ਇਕ ਸਾਲਾ ਇਹ ਜ਼ਖਮ ਭਰਨ ਵਿਚ ਨਹੀਂ ਆਉਂਦਾ ....ਖਬਰ ਨੀਂ ਗੈਂਗਰੀਨ ਈ ਹੋ ਗਈ ...।' ਹਰੀ ਪੁੱਛਦਾ ਹੈ - 'ਡਾਕਟਰ ਲੂੰਬਾ ਨੂੰ ਬੁਲਾ ਕੇ ਦਿਖਾ ਦਈਏ?' ਜਸਬੀਰ ਨਾਂਹ ਕਰ ਦਿੰਦਾ ਹੈ ।...ਉਹਨੂੰ ਸ਼ੱਕ ਹੈ ਕਿ ਕਿਤੇ ਡਾਕਟਰ ਦੀ ਥਾਂ ਪੁਲੀਸ ਈ ਨਾ ਆ ਜਾਵੇ। ਦੋਸਤੀ ਸ਼ੱਕ ਦੇ ਘੇਰੇ ਵਿਚ ਖਲੋਤੀ ਹੋਈ ਹੈ । 'ਆਪਾਂ ਆਪ ਈ ਪੱਟੀ ਕਰ ਲੈਨੇ ਆਂ।' ਆਖ ਕੇ ਹਰੀ ਦਵਾਈ ਲੈਣ ਹੇਠਾਂ ਚਲਾ ਜਾਂਦਾ ਹੈ । ਪਉੜੀਆਂ ਉਤਰਦੇ ਹਰੀ ਨੂੰ ਡਰ ਲਗਦਾ ਹੈ ਕਿ ਕਿਤੇ ਜਸਬੀਰ ਨੂੰ ਲਭਦੀ ਪੁਲੀਸ ਨਾ ਆ ਜਾਵੇ । ਪਰ ਮਨ ਨੂੰ ਤਕੜਾ ਕਰ ਉਹ ਜ਼ਖਮ ਸਾਫ਼ ਕਰਕੇ ਪੱਟੀ ਕਰ ਦਿੰਦਾ ਹੈ ।

ਜ਼ਖਮ ਬਾਰੇ ਪੁੱਛਣ 'ਤੇ ਜਸਬੀਰ ਦੱਸਦਾ ਹੈ ਕਿ ਕੰਧ ਟਪਦੇ ਸਮੇਂ ਉਲਟਾਵੇਂ ਹਲ ਦਾ ਕੰਢਾ ਲੱਗ ਗਿਆ ਸੀ । ਹਰੀ ਨੂੰ ਉਸ ਦੇ ਉਤਰ 'ਤੇ ਸ਼ੱਕ ਹੁੰਦਾ ਹੈ । 'ਕਿਤੇ ਐਕਸ਼ਨ ਤੇ ਗਿਆ ਸੀ?' ਭਾਵ ਉਸ ਦਾ ਇਹ ਸੀ ਕਿ ਕਿਤੇ ਕੋਈ ਬੰਦਾ ਮਾਰਨ ਤਾਂ ਨਹੀਂ ਸੀ ਗਿਆ । ਐਕਸ਼ਨ ਦਾ ਸੰਕੇਤ ਦੋਹਾਂ ਦੇ ਅਤੀਤ ਨੂੰ ਜੋੜਨ ਵਾਲਾ ਸੰਕੇਤ ਹੈ ।

ਉਤਰ ਆਧੁਨਿਕਤਾ ਨਾ ਵਰਤਮਾਨ ਤੋਂ ਮੂੰਹ ਮੋੜਦੀ ਹੈ । ਨਾ ਅਤੀਤ ਨਾਲ ਬੇਲੋੜਾ ਮੋਹ ਪਾਂਦੀ ਹੈ । ਇਹ ਤਾਂ ਦੋਹਾਂ ਨੂੰ ਇਕ ਦੂਜੇ ਦੀ ਰੋਸ਼ਨੀ ਵਿਚ ਵੇਖਦੀ ਵਿਖਾਂਦੀ ਹੈ । ਅਤੀਤ ਦਾ ਨਕਸਲਵਾਦ । ਵਰਤਮਾਨ ਦੀ ਖਾੜਕੂ ਸਿੱਖ ਲਹਿਰ । ਜਮਾਤੀ ਦੁਸ਼ਮਣ ਮੁਕਾਉਣ ਲਈ ਐਕਸ਼ਨ। ਸਿੱਖ ਲਹਿਰ ਦੇ ਵਿਰੋਧੀਆਂ ਨੂੰ ਖਤਮ ਕਰਨ ਲਈ ਸੋਧਣ ਦਾ ਕਾਰਜ ਜਾਂ ਗੱਡੀ ਚੜ੍ਹਾਉਣ ਦਾ ਕਾਰਜ। ਦੋਹਾਂ ਨੂੰ ਇਹ ਸ਼ਬਦ ਹੁਣ ਗੰਦੇ ਜਾਂ ਬੇਲੋੜੇ ਲਗਦੇ ਹਨ। ਜਦੋਂ ਦਿਲ ਨੇੜੇ ਹੋ ਜਾਣ ਤਾਂ ਇੰਝ ਹੀ ਹੁੰਦਾ ਹੈ ।

'ਮੈਂ ਕਿਸੇ ਐਕਸ਼ਨ ਉਕਸ਼ਨ ਤੇ ਨਹੀਂ ਸੀ ਗਿਆ ।ਮੈਂ ਰਾਤ ਕਿਸੇ ਦੇ ਘਰ ਸੀ । ਪੁਲੀਸ ਨੇ ਛਾਪਾ ਮਾਰਿਆ ਤਾਂ ਭੱਜਣ ਲੱਗਾ ਸੀ' ਜਸਬੀਰ ਜ਼ਖਮ ਦਾ ਕਾਰਨ ਸਮਝਾਂਦਾ ਹੈ । ਹਰੀ ਬਾਲ ਬੱਚਿਆਂ ਦਾ ਪੁੱਛਦਾ ਹੈ । ਅਤੇ ਇਹ ਵੀ ਕਿ ਵੱਡੀ ਗੁੱਡੀ ਦਾ ਰਿਸ਼ਤਾ ਪੱਕਾ ਕਰ ਦਿੱਤਾ ? 'ਟੁੱਟ ਗਿਆ।ਮੁੱਕਰ ਗਏ ਸਾਲੇ ਦੁਰਾਹੇ ਵਾਲੇ ।...ਐਵੇਂ ਸੱਤ ਹਜ਼ਾਰ ਖਰਚ ਕਰ ਤਾ ।' ਜਸਬੀਰ ਦੱਸਦਾ ਹੈ । ਹਰੀ ਸੋਚਦਾ ਹੈ ਕਿ ਅਤਿਵਾਦੀਆਂ ਐਨੇ ਬੈਂਕ ਲੁੱਟੇ ਨੇ, ਇਹ ਸੱਤ ਹਜ਼ਾਰ ਦੀ ਗੱਲ ਕਿਉਂ ਕਰਦਾ ਹੈ। ਇਹ ਮੁੜ ਸਤਿ ਦਾ ਇਕ ਵੱਖਰਾ ਪਾਸਾਰ ਪੇਸ਼ ਕਰਨ ਦਾ ਯਤਨ ਹੈ ।

ਜਸਬੀਰ ਆਪਣੇ ਵਰਤਮਾਨ ਤੇ ਅਤੀਤ ਬਾਰੇ ਆਪਣੇ ਯਾਰ ਨੂੰ ਕਈ ਕੁਝ ਦੱਸਣਾ ਚਾਹੁੰਦਾ ਹੈ, ਪਰ ਇਹ ਸੋਚ ਕੇ ਚੁੱਪ ਕਰ ਜਾਂਦਾ ਹੈ ਕਿ ਕਿਤੇ ਕੋਈ ਗੱਲ ਉਸ ਨੂੰ ਚੁਭ ਨਾ ਜਾਵੇ । ਉਹ ਚਾਹੁੰਦਾ ਕਿ ਹਰੀ ਨੂੰ ਦੱਸੇ ਕਿ ਨੀਲਾ ਤਾਰਾ ਐਕਸ਼ਨ (ਦਰਬਾਰ ਸਾਹਿਬ ਉਤੇ ਫੌਜੀ ਕਾਰਵਾਈ) ਪਿੱਛੋਂ ਉਸ ਦੀ ਹਾਲਤ ਪਹਿਲਾਂ ਫੱਟੜ ਹੋ ਕੇ ਵਿਸ ਘੋਲਦੇ ਸੱਪ ਵਰਗੀ ਸੀ । ਫਿਰ ਉਹ ਸੱਪ ਫੁੰਕਾਰੇ ਕਾਰਨ ਲੱਗਾ ਸੀ ਤੇ ਅੰਤ ਉਹ ਆਪਣਾ ਜ਼ਹਿਰ ਕਿਸੇ ਨੂੰ ਡੰਗ ਮਾਰ ਕੇ ਖ਼ਤਮ ਕਰਨ ਲਈ ਵਰਤਣ ਦੇ ਰਾਹ ਪੈ ਗਿਆ ਸੀ। ਭਾਵੇਂ ਉਹ ਕਹਿੰਦਾ ਕੁਝ ਨਹੀਂ, ਪਰ ਪ੍ਰੇਮ ਪ੍ਰਕਾਸ਼ ਜਸਬੀਰ ਦੇ ਮਨ ਦੇ ਭਾਵਾਂ ਦੀ ਉਧੇੜ ਬੁਣ ਪੇਸ਼ ਕਰ ਕੇ ਆਤੰਕਵਾਦ ਨਾਲ ਜੁੜੇ ਸਤਿ ਦੇ ਕਿੰਨੇ ਹੀ ਪਾਸਾਰ ਉਜਾਗਰ ਕਰ ਦਿੰਦਾ ਹੈ । ਹਰੀ ਉਸ ਨੂੰ ਪੁੱਛਣਾ ਚਾਹੁੰਦਾ ਹੈ ਕਿ ਤੂੰ ਕਦੇ ਕੋਈ ਬੰਦਾ ਮਾਰਿਆ, ਪਰ ਉਸ ਨੂੰ ਇੰਝ ਲਗਦਾ ਹੈ ਜਿਵੇਂ ਇਹ ਸੁਆਲ ਗਲਤ ਹੈ । ਜਿਵੇਂ ਉਹ ਕਿਸੇ ਬ੍ਰਹਮਚਾਰੀ ਨੂੰ ਵਿਭਚਾਰ ਬਾਰੇ ਪੁੱਛਣ ਲੱਗਾ ਹੋਵੇ । ਉਸ ਦਾ ਮਨ ਇਹ ਮੰਨਣ ਨੂੰ ਤਿਆਰ ਨਹੀਂ ਕਿ ਜਸਬੀਰ ਵੀ ਕਿਸੇ ਦਾ ਖ਼ੂਨ ਕਰ ਸਕਦਾ ਹੈ । ਉਸ ਦੇ ਚੇਤਿਆਂ ਵਿਚ ਉਹ ਜਸਬੀਰ ਹੈ ਜੋ ਆਪਣੇ ਇਕ ਕਾਮਰੇਡ ਦੇ ਜਾਗੀਰਦਾਰ ਬਾਪ ਦੇ ਡਰਾਇੰਗ ਰੂਮ ਦੀਆਂ ਕੰਧਾਂ 'ਤੇ ਹਿਰਨਾਂ ਦੇ ਵੱਢੇ ਸਿਰ ਟੰਗੇ ਵੇਖ ਕੇ ਬਰਦਾਸ਼ਤ ਨਹੀਂ ਸੀ ਕਰ ਸਕਿਆ । ਮਜ਼ਦੂਰਾਂ

ਦੀ ਡਿਕਟੇਟਰਸ਼ਿਪ ਦੇ ਸੁਪਨੇ ਤੱਕਣ ਵਾਲਾ ਜਸਬੀਰ ਅਚਾਨਕ ਖਾਲਸਾ ਰਾਜ ਦੇ ਸੁਪਨੇ ਕਿਵੇਂ ਲੈਣ ਲੱਗਾ ਪਿਆ ਸੀ। ਇਕ ਜਸਬੀਰ ਲਈ ਇਨਕਲਾਬ ਦਾ ਆਧਾਰ ਮਾਓ ਦੀ ਲਾਲ ਕਿਤਾਬ ਹੈ । ਇਕ ਜਸਬੀਰ ਲਈ ਇਸ ਦਾ ਆਧਾਰ ਗੁਰੂਆਂ ਦੀ ਬਾਣੀ ਹੈ । ਸਤਿ ਕੀ ਹੈ ? - ਸਤਿ ਦਾ ਸੰਬੰਧ ਸਮੇਂ ਨਾਲ ਹੈ ।ਪਰਿਸਥਿਤੀਆਂ ਨਾਲ ਹੈ । ਇਕ ਜਸਬੀਰ ਦਾ ਸਤਿ ਉਹ ਸੀ । ਇਕ ਦਾ ਇਹ ਹੈ । ਅੰਤਮ ਸਤਿ ਕਿੱਥੇ ਹੈ ? - ਇਹੀ ਉਤਰ ਆਧੁਨਿਕ ਪ੍ਰਸ਼ਨ ਹੈ ।

ਅਤਿਵਾਦੀਆਂ ਤੋਂ ਡਰਨ ਤ੍ਰਹਿਣ ਵਾਲੇ ਹਰੀ ਨੂੰ ਖਤਰਨਾਕ ਅਤਿਵਾਦੀ ਦੇ ਨਾਂ 'ਤੇ ਪ੍ਰਸਿੱਧ ਜਸਬੀਰ ਦੇ ਚਿਹਰੇ ਉਤੇ ਕੁਝ ਵੀ ਭਿਅੰਕਰ ਨਹੀਂ ਦਿਸਦਾ । ਉਸ ਦੀਆਂ ਅੱਖਾਂ ਵਿਚ ਤਾਂ ਪਾਣੀ ਹੈ । ਉਹ ਇਨਸਾਨ ਹੈ । ਉਸ ਨੂੰ ਹਰੀ ਨਾਲ ਪਿਆਰ ਹੈ । ਇਸੇ ਲਈ ਉਹ ਉਸ ਨੂੰ ਪੁੱਛਦਾ ਹੈ–'ਹਰੀ ਤੁਸੀਂ ਕਿੰਨੇ ਕੁ ਡਰੇ ਹੋਏ ਹੋ?' ਹਰੀ ਦੱਸਦਾ ਹੈ ਕਿ ਬਾਕੀ ਹਿੰਦੂਆਂ ਜਿੰਨਾ ਹੀ ਤੇ ਇਹ ਵੀ ਕਿ ਹਨੇਰ ਸਵੇਰ ਉਹ ਪੱਗ ਬੰਨ੍ਹ ਕੇ ਹੀ ਘਰੋਂ ਨਿਕਲਦਾ ਹੈ । ਅਜੀਬ ਗੱਲ ਉਹ ਇਹ ਵੀ ਦੱਸਦਾ ਹੈ ਕਿ ਪੱਗ ਵਾਲੇ ਹਰੀ ਨੂੰ ਵੇਖ ਕੇ ਕਈ ਰਾਹ ਜਾਂਦੇ ਵੀ ਡਰ ਜਾਂਦੇ ਹਨ । ਡਰ ਵੀ ਸਥਿਤੀਆਂ ਨਾਲ ਜੁੜਿਆ ਪਿਆ ਹੈ । ਜਸਬੀਰ ਉਸ ਨੂੰ ਕਹਿੰਦਾ ਹੈ ਕਿ ਤੂੰ ਕਿਸੇ ਧਰਮ ਨੂੰ ਤਾਂ ਮੰਨਦਾ ਨਹੀਂ, ਕਿਉਂ ਨਹੀਂ ਕੇਸ ਰੱਖ ਕੇ ਸਿੱਖ ਬਣ ਜਾਂਦਾ।ਅਵਿਸ਼ਵਾਸ ਦੇ ਮਾਹੌਲ ਵਿਚ ਇਹ ਸਾਧਾਰਨ ਵਾਕ ਵੀ ਕਈ ਅਰਥ ਸਿਰਜਦਾ ਹੈ । ਕੀ ਜਸਬੀਰ ਇਹ ਗੱਲ ਆਪਣੇ ਖਾਲਸਤਾਨ ਦੇ ਸੰਕਲਪ ਦੀ ਪੂਰਤੀ ਦੀ ਦਿਸ਼ਾ ਵਿਚ ਇਕ ਨਿੱਕੇ ਜਹੇ ਕਦਮ ਵਜੋਂ ਕਰ ਰਿਹਾ ਹੈ ਜਾਂ ਆਪਣੇ ਦੋਸਤ ਦੀ ਜਾਨ ਬਚਾਣ ਦੇ ਉਦੇਸ਼ ਨਾਲ? ਅੰਤਮ ਸਤਿ ਕੀ ਹੈ ।ਸਤਿ ਇਸ ਪ੍ਰਸ਼ਨ ਨੂੰ ਪੁੱਛਣ ਸਮਝਣ ਵਾਲੇ ਦੀ ਆਪਣੀ ਸੋਚ ਨਾਲ ਜੁੜਿਆ ਹੋਇਆ ਹੈ । ਇਹੀ ਸਤਿ ਦੀ ਤਰਲ ਤੇ ਅਨਿਸ਼ਚਿਤ ਪ੍ਰਕ੍ਰਿਤੀ ਹੈ ਜਿਸ ਦੀ ਗੱਲ ਉਤਰ-ਆਧੁਨਿਕਤਾ ਕਰਦੀ ਹੈ । ਹੁਣ ਹਰੀ ਜਸਬੀਰ ਨੂੰ ਪੁੱਛਦਾ ਹੈ ਕਿ ਕੀ ਤੈਨੂੰ ਕਦੇ ਮੌਤ ਦਾ ਸਾਹਮਣਾ ਨਹੀਂ ਹੋਇਆ । ਇਸ ਪ੍ਰਸ਼ਨ ਦਾ ਉਤਰ ਮੁੜ ਵੇਖਣ ਵਾਲਾ ਹੈ - 'ਮੌਤ ਤਾਂ ਕਦੇ ਵੀ, ਕਿਤੇ ਵੀ, ਕਿਵੇਂ ਵੀ ਆ ਸਕਦੀ ਹੈ । ਮੌਤ ਮੇਰੇ ਨਾਲ ਨਾਲ ਫਿਰਦੀ ਰਹੀ ਹੈ ।ਤਦੇ ਡਰ ਨਿਕਲ ਗਿਆ ।..ਪਰ ਹੁਣ ਹੈ, ਤੇਰੇ ਕੋਲ, ਤੇਰੇ ਘਰ ਬਹਿ ਕੇ।' ਸ਼ਾਇਦ ਅਚੇਤ ਹੀ ਕਿਤੇ ਉਹ ਹਰੀ ਤੋਂ ਡਰ ਰਿਹਾ ਹੈ । ਕੌਣ ਕਿਸ ਤੋਂ ਡਰਦਾ ਹੈ ? ਕੌਣ ਕਿਸ ਨੂੰ ਪਿਆਰ ਕਰਦਾ ਹੈ ? ਇਨ੍ਹਾਂ ਪ੍ਰਸ਼ਨਾਂ ਦੇ ਉਤਰ ਪਲ ਪਲ ਬਦਲਦੇ ਹਨ। ਕੋਈ ਵੀ ਆਪਣੇ ਦਿਲ ਦੀ ਗੱਲ ਪੂਰੀ ਤਰ੍ਹਾਂ ਜ਼ੁਬਾਨ 'ਤੇ ਨਹੀਂ ਲਿਆਂਦਾ । ਜੇ ਜਸਬੀਰ ਆਪਣੇ ਦਿਲ ਦੀ ਗੱਲ ਲੁਕਾਣ ਲਈ ਆਪਣਾ ਹੱਥ ਜਖਮ 'ਤੇ ਬੱਝੀ ਪੱਟੀ 'ਤੇ ਰੱਖ ਲੈਂਦਾ ਹੈ ਤਾਂ ਹਰੀ ਵੀ ਕੁਝ ਹੋਰ ਪੁੱਛਣ ਦੀ ਥਾਂ ਇਹੀ ਪੁੱਛਦੈ - ਹੁਣ ਵੀ ਦਰਦ ਹੁੰਦੈ ?

ਹਰੀ ਆਦਤ ਵਸ ਸਿਗਰਟ ਪੀਣ ਲਈ ਡੱਬੀ ਕੱਢਦਾ ਹੈ, ਪਰ ਜਸਬੀਰ ਵੱਲ ਤੱਕ ਕੇ ਜੇਬ ਵਿਚ ਪਾ ਲੈਂਦਾ ਹੈ । ਜਸਬੀਰ ਉਸ ਨੂੰ ਰੋਕਦਾ ਨਹੀਂ । ਕੇਵਲ ਇਹੀ ਕਹਿੰਦਾ ਹੈ - "ਪੀ ਲੈ, ਮੈਨੂੰ ਪਤੈ,ਇਹਦੇ ਬਿਨਾਂ ਤੈਨੂੰ ਗੱਲ ਨਹੀਂ ਫੁਰਨੀ।" ਸਿਗਰਟ ਪੀਣ ਵਾਲਿਆਂ ਨਾਲ ਜਸਬੀਰ ਨੂੰ ਨਫਰਤ ਸੀ । ਹੁਣ ਵੀ ਹੈ । ਪਰ ਹਰੀ ਨਾਲ ਨਹੀਂ । ਉਹਦਾ ਦਿਲ ਤਾਂ ਇਕ ਦਮ ਹਰੀ ਨਾਲ ਪਿਆਰ ਨਾਲ ਭਰ ਚੁੱਕਾ ਸੀ । ਹਰੀ ਨਾਲ ਹੀ ਨਹੀਂ, ਹਰੀ ਦੇ ਪੂਰੇ ਪਰਿਵਾਰ ਪ੍ਰਤਿ ਪਿਆਰ ਨਾਲ । ਪ੍ਰੇਮ ਵਾਂਗ ਹੀ ਨਫਰਤ ਦਾ ਸੰਬੰਧ ਵੀ ਕਿਸੇ ਸੰਕਲਪ ਨਾਲੋਂ ਵੱਧ ਵਿਅਕਤੀਆਂ ਤੇ ਮਨ ਦੀ ਸਥਿਤੀ ਨਾਲ ਜੁੜਿਆ ਹੋਇਆ ਹੈ । ਆਧੁਨਿਕਤਾ ਦੇ ਸਰਲ ਰੇਖਿਕ ਤਰਕ ਤੇ ਵਿਵੇਕ ਦੀ ਥਾਂ ਇਹ ਤੱਥ ਉਤਰ ਆਧੁਨਿਕ ਚਿੰਤਨ ਦੇ ਵਧੇਰੇ ਅਨੁਕੂਲ ਹੈ ।

ਹਰੀ ਨੇ ਆਪਣੀ ਪਤਨੀ ਨੂੰ ਤਾਂ ਜਸਬੀਰ ਬਾਰੇ ਸਭ ਕੁਝ ਦੱਸਿਆ ਹੋਇਆ ਸੀ, ਪਰ ਬੱਚਿਆਂ ਨੂੰ ਨਹੀਂ । ਜਸਬੀਰ ਤਾਂ ਹਰੀ ਦੇ ਨਿੱਕੇ ਬੱਚੇ ਨੂੰ ਆਪਣੇ ਨਾਲ ਆਪਣੀ ਥਾਲੀ ਵਿਚ ਉਸੇ ਚਮਚੇ ਨਾਲ ਖਵਾਂਦਾ ਰਿਹਾ ਸੀ, ਜਿਸ ਨਾਲ ਆਪ ਖਾਂਦਾ ਸੀ । ਬਦਲੇ ਹਾਲਾਤ ਵਿਚ ਉਹ ਉਸ ਬੱਚੇ ਨੂੰ ਮਿਲਣ ਤੋਂ ਅਸਮਰੱਥ ਹੈ । ਸਭ ਕੁਝ ਸਮੇਂ ਸਥਾਨ ਨਾਲ ਜੁੜਿਆ ਹੋਇਆ ਹੈ ।'ਕ੍ਰਾਂਤੀ ਦੇ ਨਾਂ 'ਤੇ



ਜੀਣ ਵਾਲੀ ਕਾਮਰੇਡ ਪਦਮਾ ਅੰਗ੍ਰੇਜ਼ ਨਾਲ ਵਿਆਹ ਕਰਵਾ ਕੇ ਅਮਰੀਕਾ ਬਹਿ ਕੇ ਤਥਾ ਕਥਿਤ ਸਾਮਰਾਜੀਆਂ ਦੀ ਸੇਵਾ ਵੀ ਕਰ ਸਕਦੀ ਹੈ।' ਸਤਿ ਮਨ ਵਾਂਗ ਹੀ ਤਰਲ ਹੈ। ਜਸਬੀਰ ਦੇ ਬੋਲ ਇਸ ਤੱਥ ਵੱਲ ਮੁੜ ਸੰਕੇਤ ਕਰਦੇ ਹਨ। —'ਕੁਸ਼ ਚਿਰ ਪਹਿਲਾਂ ਮੇਰਾ ਇਹ ਵਿਸ਼ਵਾਸ ਬਣ ਗਿਆ ਸੀ ਕਿ ਮੈਨੂੰ ਅਪਣਾ ਪਿੱਛਾ ਭੁੱਲ ਜਾਣਾ ਚਾਹੀਦੈ...ਆਪਣਾ ਸਾਰਾ ਪਿਛਲਾ ਇਤਿਹਾਸ, ਸੰਸਕਾਰ ਤੇ ਰਿਸ਼ਤੇ ਨਾਤੇ... ਤਦੇ ਦੁਨੀਆਂ ਅਪਣੇ ਆਦਰਸ਼ਾਂ ਅਨੁਸਾਰ ਢਾਲੀ ਜਾ ਸਕਦੀ ਐ।... ਪਰ ਮੈਨੂੰ ਲਗਦੈ ਇਸ ਸਭ ਕੁਝ ਤੋਂ ਟੁੱਟਿਆ ਨਹੀਂ ਜਾ ਸਕਦਾ।'

ਪਿਆਰ ਤੇ ਅਵਿਸ਼ਵਾਸ ਨਾਲ ਨਾਲ ਤੁਰਦੇ ਹਨ ਇਸ ਕਹਾਣੀ ਵਿਚ। ਇਕ ਪਾਸੇ ਹਰੀ ਜਸਬੀਰ ਦੇ ਥੈਲੇ ਵਿਚਲੇ ਸਾਮਾਨ ਬਾਰੇ ਸਭ ਕੁਝ ਜਾਣਨ ਲਈ ਉਤਸੁਕ ਹੈ। ਦੂਜੇ ਪਾਸੇ ਬਾਹਰਲੇ ਬੂਹੇ ਦੇ ਖੜਕਣ ਨਾਲ ਜਸਬੀਰ ਨੂੰ ਆਰਾਮ ਨਾਲ ਬਹਿਣ ਲਈ ਕਹਿ ਕੇ ਹੇਠਾਂ ਉਤਰਦਾ ਹੈ। ਬਾਹਰ ਪੁਲੀਸ ਨਹੀਂ ਅਮਨ ਕਮੇਟੀ ਦੀ ਮੀਟਿੰਗ ਲਈ ਸੱਦਣ ਵਾਲਾ ਮੁਹੱਲੇ ਦਾ ਚੌਧਰੀ ਰਾਮ ਸਰਨ ਹੈ। ਹਰੀ ਜਸਬੀਰ ਨੂੰ ਉਸ ਬਾਰੇ ਦੱਸਦਾ ਹੈ। ਪਰ ਜਸਬੀਰ ਅਜੇ ਵੀ ਡਰਿਆ ਹੋਇਆ ਹੈ। 'ਕਿਤੇ ਹਰੀ ਨੇ ਚੌਧਰੀ...? ਜਾਂ ਚੌਧਰੀ...' ਡਰ ਦੀਆਂ ਦਿਸ਼ਾਵਾਂ ਇਕ ਤੋਂ ਵਧੇਰੇ ਹਨ। ਕਾਰਨ ਅਸਪਸ਼ਟ ਹਨ। ਡਰ ਦੋਹਾਂ ਨੂੰ ਹੈ। ਆਪੋ ਆਪਣਾ ਡਰ। ਹਨ੍ਹੇਰਾ ਵਧਣ 'ਤੇ ਹਰੀ ਨੂੰ ਡਰ ਲਗਦਾ ਹੈ ਕਿ ਕਿਤੇ ਚੌਧਰੀ ਨੇ ਜਸਬੀਰ ਨੂੰ ਵੇਖ ਨਾ ਲਿਆ ਹੋਵੇ। ਕਿਧਰੇ ਜਸਬੀਰ ਰਾਤ ਨੂੰ ਉਸ ਕੋਲ ਰੁਕ ਹੀ ਨਾ ਜਾਵੇ। ਕਿਸੇ ਵੇਲੇ ਵੀ ਛਾਪਾ ਪੈ ਸਕਦਾ ਹੈ। ਅਮਨ ਦਾ ਸੱਦਾ ਦੇਣ ਵਾਲਾ ਚੌਧਰੀ ਕੀ ਅਮਨ ਦਾ ਰਾਖਾ ਹੈ ? ਹਰੀ ਤਾਂ ਉਸ ਨੂੰ ਹਿੰਦੂ ਫਿਰਕਾਪ੍ਰਸਤ ਸਮਝਦਾ ਹੈ। ਹਰੀ ਜਸਬੀਰ ਨੂੰ ਪ੍ਰੇਮ ਕਰਦਾ ਹੈ ਤਾਂ ਫਿਰ ਉਸ ਤੋਂ ਡਰਦਾ ਕਿਉਂ ਹੈ? ਉਹਨਾਂ ਨੂੰ ਭੁੱਖ ਲੱਗੀ ਹੋਈ ਹੈ। ਹਰੀ ਕਹਿੰਦਾ ਹੈ—'ਹੁਣ ਆਪਾਂ ਰੋਟੀ ਖਾ ਲਈਏ।... ਕਹੇਂ ਤਾਂ ਢਾਬੇ ਤੋਂ ਮਹਾਂ ਦੀ ਦਾਲ ਫੜ ਲਿਆਵਾਂ।' ਜਸਬੀਰ ਆਪਣੀ ਥਾਵੇਂ ਡਰਿਆ ਹੋਇਆ ਹੈ। ਉਸ ਦੇ ਮਨ ਵਿਚ ਹਰੀ ਬਾਰੇ ਕਿਤੇ ਅਚੇਤ ਜਿਹਾ ਸ਼ੱਕ ਹੈ, ਕਿਤੇ ਮੁਖਬਰੀ ਨਾ ਕਰ ਦੇਵੇ। ਹਰੀ ਨੂੰ ਇਸ ਸ਼ੱਕ ਦੀ ਅਚੇਤ ਭਾਵਨਾ ਬਾਰੇ ਸੋਚ ਕੇ ਪਰੇਸ਼ਾਨੀ ਹੁੰਦੀ ਹੈ। ਸਭ ਕੁਝ ਦੇ ਬਾਵਜੂਦ ਦੋਵੇਂ ਪਿਆਰ ਨਾਲ ਰੋਟੀ ਖਾਂਦੇ ਹਨ। ਪਰ ਇਕ ਥਾਲੀ ਵਿਚ ਨਹੀਂ, ਦੋ 'ਚ। ਰੋਟੀ ਤੋਂ ਬਾਅਦ ਉਹ ਪੁਰਾਣੀ ਆਦਤ ਅਨੁਸਾਰ ਗੁੜ ਵੀ ਖਾਂਦੇ ਹਨ।

ਰੋਟੀ ਮੁਕਾ ਕੇ ਜਸਬੀਰ ਜਾਣ ਨੂੰ ਉਠਦਾ ਹੈ। ਪੁਰਾਣੇ ਦਿਨ ਹੁੰਦੇ ਤਾਂ ਹਰੀ ਨੇ ਆਪਣੇ ਕੁੱਤੇ ਡੱਬੂ ਨੂੰ ਸ਼ਿਸ਼ਕਾਰਨਾ ਸੀ-ਫੜੀਂ ਚੋਰ ਨੂੰ ਜਾਂ ਕਹਿਣਾ ਸੀ—ਸਿਰਫ਼ ਪੰਦਰਾਂ ਕੁ ਮਿੰਟ ਹੋਰ ਬਹਿ ਜਾਹ...। ਪਰ ਹੁਣ ਉਸ ਨੇ ਕੁਝ ਨਹੀਂ ਕਿਹਾ, ਸਗੋਂ ਸੁਖ ਦਾ ਸਾਹ ਲਿਆ। ਬਸ ਉਪਰਲੇ ਦਿਲੋਂ ਕਿਹਾ—'ਰਾਤ ਨੂੰ ਕਿੱਥੇ ਜਾਏਂਗਾ। ਏਥੇ ਕੱਟ ਲੈ।' ਪਰ ਜਸਬੀਰ 'ਨਹੀਂ ਮੇਰਾ ਏਥੇ ਰਹਿਣਾ ਠੀਕ ਨਹੀਂ' ਕਹਿ ਕੇ ਤੁਰਨ ਨੂੰ ਤਿਆਰ ਹੋ ਜਾਂਦਾ ਹੈ। ਜਾਣ ਤੋਂ ਪਹਿਲਾਂ ਉਹ ਆਪ ਵੀ ਚੁਬਾਰੇ ਦੀ ਬਾਰੀ ਵਿਚੋਂ ਬਾਹਰ ਨਿਗਾਹ ਮਾਰਦਾ ਹੈ ਤੇ ਹਰੀ ਨੂੰ ਵੀ ਗਲੀ ਵਿਚ ਨਜ਼ਰ ਮਾਰਨ ਨੂੰ ਭੇਜਦਾ ਹੈ। ਹਰੀ ਹੇਠਾਂ ਉਤਰਦਾ ਹੈ ਤਾਂ ਵਿਹੜੇ ਵਿਚ ਉਸਦੀ ਪਤਨੀ ਡਰੀ ਖੜ੍ਹੀ ਹੈ। ਉਸਨੂੰ ਉਹ ਦੱਸਦਾ ਹੈ—'ਮੇਰਾ ਜਮਾਤੀ ਐ, ਖੰਨੇ ਦਾ। ...ਜਾਣ ਨੂੰ ਤਿਆਰ ਐ।' ਉਸਦੀ ਪਤਨੀ ਸ਼ਾਇਦ ਸੱਚ ਨੂੰ ਜਾਣਦੀ ਹੈ। ਉਹ ਪੁੱਛਦੀ ਹੈ—'ਝੂਠ ਕਿਉਂ ਬੋਲਦੇ ਹੋ। ਮੈਂ ਥੋਨੂੰ ਆਪ ਉਹਨੂੰ ਜਸਬੀਰ ਕਹਿੰਦਿਆਂ ਸੁਣਿਐ।' ਹਰੀ ਫਿਰ ਝੂਠ ਬੋਲਦਾ ਹੈ—'ਹਾਂ ਹਾਂ, ਪਰ ਇਹ ਉਹ ਜਸਬੀਰ ਨਹੀਂ।' ਪਤਨੀ ਦੇ ਜਿਰਹਾ ਕਰਨ 'ਤੇ ਉਹ ਮੁੜ ਝੂਠ ਬੋਲਦਾ ਹੈ। ਉਸ ਨੂੰ ਇਹ ਵੀ ਨਹੀਂ ਸਮਝ ਆਉਂਦਾ ਕਿ ਉਸਦੀ ਪਤਨੀ ਜਸਬੀਰ ਨੂੰ ਘਰ ਰੱਖਣਾ ਚਾਹੁੰਦੀ ਹੈ, ਕਿ ਛੇਤੀ ਘਰੋਂ ਕੱਢਣਾ ਚਾਹੁੰਦੀ ਹੈ। ਹਰੀ ਗਲੀ ਵਿਚ ਜਾਂਦਾ ਹੈ ਤਾਂ ਉਹ ਆਪ ਚੁਬਾਰੇ ਵਿਚ ਜਾ ਵੜਦੀ ਹੈ। ਦੋਵੇਂ ਇਕ ਦੂਜੇ ਨੂੰ ਵੇਖ ਲੈਂਦੇ ਹਨ। ਪਰ ਆਪਸ ਵਿਚ ਕੋਈ ਗੱਲ ਨਹੀਂ ਕਰਦੇ। ਕਿਉਂ ?— ਇਸ ਦਾ ਉਤਰ ਮੁੜ ਅਨਿਸ਼ਚਤ ਹੈ। ਦੋਹਾਂ ਦਾ ਡਰ। ਮੋਹ। ਸ਼ਰਮਿੰਦਗੀ। ਮਜਬੂਰੀ। ਕੁਝ ਵੀ ਹੋ ਸਕਦਾ ਹੈ। ਪਤਨੀ ਚੁੱਪ ਚਾਪ ਹੇਠਾਂ ਉਤਰ ਆਉਂਦੀ ਹੈ।

ਹਰੀ ਦੇ ਹਰੀ ਝੰਡੀ ਦੇਣ 'ਤੇ ਜਸਬੀਰ ਬਾਹਰ ਨਿਕਲਦਾ ਹੈ। ਜਾਂਦਾ ਜਾਂਦਾ ਉਹ ਹਰੀ ਨੂੰ

ਆਖਦਾ ਹੈ—'ਮੈਂ ਪਰਸੋਂ ਦਾ ਤੈਨੂੰ ਇਹ ਗੱਲ ਦੱਸਣ ਨੂੰ ਲੱਭ ਰਿਹਾ ਸੀ। ...ਆਉਣ ਵਾਲੇ ਸੱਤ ਦਿਨ ਰਾਤ ਦੀ ਡਿਊਟੀ ਨਾ ਕਰੀਂ। ਨਾਲੇ ਬੱਚਿਆਂ ਨੂੰ ਬਾਹਰ ਨਾ ਜਾਣ ਦਿਓ'। ਇਹ ਆਖ ਉਹ ਲੰਗੜਾਂਦਾ ਹੋਇਆ ਗਲੀ ਦਾ ਮੋੜ ਮੁੜ ਜਾਂਦਾ ਹੈ। ਜਸਬੀਰ ਕਾਤਲ ਹੈ, ਜਾਂ ਹਮਦਰਦ ਇਨਸਾਨ। ਉਤਰ ਕਹਾਣੀ ਦੇ ਅੰਤ ਤਕ ਅਨਿਸ਼ਚਤ ਹੈ। ਅਸਲ ਵਿਚ ਜਸਬੀਰ ਦੀ ਸ਼ਖ਼ਸੀਅਤ ਇਕਹਿਰੀ ਨਹੀਂ। ਜਟਿਲ ਹੈ।

ਹਰੀ ਦੀ ਪਤਨੀ ਸੱਚ ਜਾਣ ਚੁੱਕੀ ਹੈ। -ਉਹ ਪਤੀ 'ਤੇ ਗਿਲਾ ਕਰਦੀ ਹੈ—'ਜੇ ਸੱਚ ਦੱਸ ਦਿੰਦੇ ਤਾਂ ਕੀ ਹਰਜ ਸੀ।' ਹਰੀ ਹੈ ਕਿ ਅਜੇ ਵੀ ਝੂਠ ਬੋਲ ਰਿਹਾ ਹੈ। ਇਸ ਝੂਠ ਦੇ ਕਾਰਨ ਵੀ ਅਨਿਸ਼ਚਤ ਹਨ। ਸਤਿ ਤੇ ਝੂਠ ਦੀ ਪ੍ਰਕ੍ਰਿਤੀ ਅੰਤ ਤਕ ਅਨਿਸ਼ਚਤ ਹੈ, ਠੀਕ ਉਵੇਂ ਜਿਵੇਂ ਪਰਮਾਣੂ ਵਿਚਲੇ ਇਲੈਕਟਰਾਨ ਦੀ ਸਥਿਤੀ। ਜਿਵੇਂ ਪ੍ਰਕਾਸ਼ ਦੀ ਆਪਣੀ ਪ੍ਰਕ੍ਰਿਤੀ ਵਿਗਿਆਨੀਆਂ ਨੂੰ ਸਾਰੀ ਖੋਜ ਦੇ ਬਾਵਜੂਦ ਅਨਿਸ਼ਚਤ ਤੇ ਦੋਹਰੀ ਮੰਨਣੀ ਪੈ ਰਹੀ ਹੈ। ਇਸ ਤਰਲਤਾ ਤੇ ਅਨਿਸ਼ਚਤਤਾ ਦੀਆਂ ਪਰਤਾਂ ਕਹਾਣੀ ਦੇ ਹਰ ਵਾਕ ਵਿਚ ਹਨ। ਇਨ੍ਹਾਂ ਕਾਰਨ ਹੀ ਮੈਨੂੰ ਇਹ ਕਹਾਣੀ ਉਤਰ-ਆਧੁਨਿਕ ਚੇਤਨਾ ਵਾਲੀ ਕਹਾਣੀ ਪ੍ਰਤੀਤ ਹੋਈ ਹੈ। ਇਸ ਕਹਾਣੀ ਨੂੰ ਜਿੰਨੀ ਗੰਭੀਰਤਾ ਨਾਲ ਪੜ੍ਹਿਆ ਜਾਏ, ਉਨੀਆਂ ਹੀ ਤਰਲ ਪਰਤਾਂ ਇਸ ਵਿਚ ਨਜ਼ਰ ਆਉਣਗੀਆਂ। ਜਸਬੀਰ ਤੇ ਹਰੀ ਦੋਵੇਂ ਜਿਸ ਕਲਾਮਈ ਤਰੀਕੇ ਨਾਲ ਪ੍ਰੇਮ ਪ੍ਰਕਾਸ਼ ਨੇ ਪੇਸ਼ ਕੀਤੇ ਹਨ, ਉਹ ਪੰਜਾਬੀ ਕਹਾਣੀ ਦੀ ਇਕ ਮਾਣਯੋਗ ਪ੍ਰਾਪਤੀ ਹੈ।

ਗੁਲਜ਼ਾਰ ਸਿੰਘ ਸੰਧੂ ਰਚਿਤ ਕਹਾਣੀ 'ਰੁਦਨ ਬਿੱਲੀਆਂ ਦਾ' ਇਸ ਚਰਚਾ ਲਈ ਚੁਣੀ ਗਈ ਚੌਥੀ ਕਹਾਣੀ ਹੈ ਜਿਸ ਵਿਚ ਬਹੁਪਾਸਾਰੀ ਮਾਨਵੀ ਰਿਸ਼ਤਿਆਂ ਨੂੰ ਉਤਰ-ਆਧੁਨਿਕ ਸੰਦਰਭ ਪ੍ਰਾਪਤ ਹੋਇਆ ਹੈ। ਇਹ ਕਹਾਣੀ ਇਕੋ ਸਮਾਜਕ, ਧਾਰਮਿਕ, ਸਭਿਆਚਾਰਕ ਪਿਛੋਕੜ ਅਤੇ ਮਾਨਸਿਕ ਅਵਸਥਾ ਵਾਲੇ ਜਨ-ਸਮੂਹਾਂ ਦੇ ਅੰਤਰ-ਸੰਬੰਧਾਂ ਦੁਆਰਾ ਪੈਦਾ ਹੋਏ ਪਲੂਰਲ ਡਿਸਕੋਰਸ ਭਾਵ ਬਹੁ-ਸੰਵਾਦੀ ਪ੍ਰਵਚਨ ਨੂੰ ਉਜਾਗਰ ਕਰਦੀ ਹੈ। ਪੂਰਵ ਚਰਚਤ ਤਿੰਨੇ ਕਹਾਣੀਆਂ ਨਾਲੋਂ ਇਸ ਕਹਾਣੀ ਦਾ ਆਰੰਭ ਕਾਫ਼ੀ ਵੱਖਰਾ ਹੈ। ਇਹ ਕਹਾਣੀ ਮੌਤ ਦੇ ਬਿੰਦੂ ਤੋਂ ਆਰੰਭ ਹੁੰਦੀ ਹੈ। ਪੁੱਤਰ ਦੀ ਮੌਤ ਤੋਂ ਪੰਜ ਮਹੀਨੇ ਬਾਅਦ ਬੇਬੇ ਦੀ ਭਰਵੀਂ ਭੁੱਬ ਨਿਕਲਣ ਨਾਲ ਇਸ ਕਥਾ ਦਾ ਆਰੰਭ ਹੁੰਦਾ ਹੈ। ਪੰਜ ਮਹੀਨੇ ਉਹ ਚੁੱਪ ਰਹੀ ਸੀ। ਉਸ ਦੀ ਭੁੱਬ ਜਵਾਨ ਸਰਪੰਚ ਦੇ ਮੱਥਾ ਟੇਕਨ 'ਤੇ ਨਿਕਲੀ । ਇਸ ਦਾ ਕਾਰਨ ਇਹ ਨਹੀਂ ਕਿ ਸਰਪੰਚ ਉਹਦੇ ਪੁੱਤਰ ਬੱਗੇ ਦਾ ਹਾਣੀ ਸੀ। ਉਸ ਦੇ ਹਾਣ ਦੇ ਚਿਹਰੇ ਤਾਂ ਉਹ ਰੋਜ਼ ਵੇਖਦੀ ਸੀ। ਅਸਲੀ ਗੱਲ ਤਾਂ ਕੁਝ ਹੋਰ ਹੀ ਸੀ। ਬੱਸ ਇਥੋਂ ਇਹ ਕਹਾਣੀ ਪਿਛਲ ਝਾਤ ਵੱਲ ਤੁਰ ਪੈਂਦੀ ਹੈ । ਬੇਬੇ ਦਾ ਪੁੱਤ ਬੱਗਾ ਲੋਕਾਂ ਦੇ ਕਹੇ ਅਨੁਸਾਰ ਅਤਿਵਾਦ ਦੇ ਰਾਹ ਪੈ ਗਿਆ ਸੀ । ਬੇਬੇ ਜਾਣਦੀ ਸੀ ਕਿ ਅਤਿਵਾਦੀ ਨਿਹੱਥਿਆਂ ਨੂੰ ਮਾਰਦੇ ਸਨ । ਇਹ ਕਾਹਦੀ ਬਹਾਦਰੀ ਸੀ । ਪਰ ਬੱਗੇ ਦਾ ਤਰਕ ਹੈ ਕਿ ਨਵੰਬਰ ਚੁਰਾਸੀ ਨੂੰ ਕਾਨਪੁਰ ਵਿਚ ਉਸ ਦੇ ਸਾਥੀ ਵੀ ਨਿਹੱਥੇ ਹੀ ਮਾਰੇ ਗਏ ਸਨ । ਗਲਾਂ ਵਿਚ ਟਾਇਰ ਪਾ ਕੇ ਸਾੜੇ ਗਏ ਸਨ । ਇਹ ਤਰਕ ਸਤਿ ਦਾ ਦੂਜਾ ਪਾਸਾ ਵਿਖਾਂਦਾ ਹੈ । ਉਤਰ ਆਧੁਨਿਕ ਸੋਚ ਸਤਿ ਦਾ ਇਕੋ ਪਾਸਾ ਨਹੀਂ ਪੇਸ਼ ਕਰਦੀ - ਦੂਜੇ ਪਾਸੇ ਦਾ ਦੀਦਾਰ ਵੀ ਕਰਵਾਂਦੀ ਹੈ। ਬੱਗਾ ਬੈਂਕ ਲੁਟਦਾ ਹੈ । ਡਾਕੇ ਮਾਰਦਾ ਹੈ । ਗਹਿਣੇ ਲੁੱਟ ਕੇ ਭੱਜ ਜਾਂਦਾ ਹੈ । ਮਾੜੀ ਗੱਲ ਹੈ । ਪਰ ਦੂਜਾ ਪਾਸਾ ਵੀ ਪੇਸ਼ ਹੈ । ਬੈਂਕਾਂ ਵਾਲੇ ਤੇ ਸੁਨਿਆਰੇ ਕਿਹੜਾ ਪੇਂਡੂਆਂ ਨਾਲ ਘੱਟ ਕਰਦੇ ਹਨ । ਦਿਨ ਦਿਹਾੜੇ ਲੁੱਟ ਮਚਾਈ ਰਖਦੇ ਹਨ । ਬੱਗਾ ਆਪਣੇ ਨਿਰਦੋਸ਼ ਤੇ ਨਿਹੱਥੇ ਮਿੱਤਰ ਦੀ ਮੌਤ ਦਾ ਬਦਲਾ ਲੈਣ ਲਈ ਦਹਿਸ਼ਤ ਦੇ ਰਾਹ ਪਿਆ ਦੱਸੀਦਾ ਹੈ। ਪਰ ਕਾਨਪੁਰ ਵਿਚ ਹੋਈ ਉਸ ਦੇ ਮਿੱਤਰ ਦੀ ਮੌਤ ਦਾ ਕਾਰਨ ਮੁੜ ਪੰਜਾਬ ਦੀ ਇਕ ਧਿਰ ਉਤੇ ਹੋ ਰਿਹਾ ਜ਼ੁਲਮ ਸੀ। ਹਰ ਕਿਸੇ ਕੋਲ ਆਪਣੇ ਹਿੱਸੇ ਦਾ ਸਤਿ ਹੈ। ਬੱਗੇ ਕੋਲ, ਮਨਜੀਤ ਕੋਲ। ਪੰਜਾਬ ਵਿਚ ਜ਼ੁਲਮ ਦਾ ਸ਼ਿਕਾਰ ਹੋਣ ਵਾਲਿਆਂ ਕੋਲ। ਕਾਨਪੁਰ ਵਿਚ ਅੱਗ ਦੀ ਖੇਡ ਖੇਡਣ ਵਾਲਿਆਂ ਕੋਲ।



ਬੱਗਾ ਪਿੰਡ ਆਉਣੋਂ ਹਟ ਗਿਆ ਸੀ। ਹਨੇਰੀ ਵਰੋਲੇ ਵਾਂਗ ਆਉਂਦਾ ਤੇ ਤੁਰ ਜਾਂਦਾ। ਚਾਰੇ ਪਾਸੇ ਵਰਦੀਆਂ ਵਾਲੇ ਹਰਲ ਹਰਲ ਕਰਦੇ ਫਿਰਦੇ । ਬੱਗੇ ਨਾਲ ਤੁਰਨ ਵਾਲੇ ਬੰਦੇ ਘੱਟ ਹੀ ਸਨ। ਜਿਹੜੇ ਸਨ ਉਨ੍ਹਾਂ ਦਾ ਤਰਕ ਸੀ ਕਿ ਬੰਦਾ ਆਪਣੇ ਨਿਰਾਦਰ ਦਾ ਬਦਲਾ ਆਪ ਹੀ ਲੈ ਸਕਦਾ ਹੈ। ਨਿੱਕੇ ਜਾਂ ਵੱਡੇ ਕੱਦ ਦਾ, ਸਿਹਤ ਦਾ ਜ਼ੁਲਮ ਕਰਨ ਜਾਂ ਉਸਦਾ ਮੁਕਾਬਲਾ ਕਰਨ ਨਾਲ ਕੋਈ ਸੰਬੰਧ ਨਹੀਂ। ਕਾਨਪੁਰ ਵਿਚ ਵੀ ਨਹੀਂ ਸੀ ਰਿਹਾ। ਪੰਜਾਬ ਵਿਚ ਵੀ। ਕਾਨਪੁਰ ਵਿਚ ਉਚੇ ਲੰਮੇ ਕੱਦ-ਕਾਠ ਭਰਵੀਂ ਸਿਹਤ ਵਾਲੇ ਘਰ ਬੈਠੇ ਬਿਠਾਏ ਮਾਰੇ ਗਏ। ਇਹ ਨਿੱਕੇ ਜਹੇ ਕੱਦ ਦਾ ਬੱਗਾ ਅਤਿਵਾਦੀ ਬਣ ਕੇ ਮਲੰਗ ਹੋ ਗਿਆ ਸੀ। ਉਸਦਾ ਚਾਰੇ ਪਾਸੇ ਭੈਅ ਸੀ। ਉਹਦੇ ਹੁੰਦਿਆਂ ਕੋਈ ਉਸਦੇ ਪਿੰਡ ਦੀ ਵਾ ਵੱਲ ਨਹੀਂ ਸੀ ਵੇਖ ਸਕਦਾ।

ਉਹ ਬੱਗਾ ਆਖਰ ਇਕ ਮੁਕਾਬਲੇ ਵਿਚ ਮਾਰਿਆ ਜਾਂਦਾ ਹੈ । ਅਧਿਕਾਰੀ ਚੁੱਪ-ਚਾਪ ਉਸਦਾ ਦਾਹ ਸੰਸਕਾਰ ਕਰਵਾਂਦੇ ਹਨ ਤਾਂ ਕਿ ਕਿਤੇ ਉਸ ਨੂੰ ਵੇਖ ਕੇ ਹੋਰ ਜੁਆਨ ਇਸ ਰਾਹ ਨਾ ਪੈ ਜਾਣ। ਅੰਤਮ ਸੰਸਕਾਰ ਸਮੇਂ ਕੁਝ ਲੋਕ ਬੱਗਾ ਸਿੰਘ ਦੇ ਨਾਂ 'ਤੇ ਨਾਅਰੇ ਵੀ ਲਾਂਦੇ ਹਨ। ਪਰ ਸਿਆਣੇ ਮੌਕਾ ਸਾਂਭ ਲੈਂਦੇ ਹਨ। ਪਿੰਡ ਵਾਲੇ ਚੁੱਪ ਹੋ ਜਾਂਦੇ ਹਨ। ਘਰ ਵਾਲੇ ਘਰੋਂ ਨਹੀਂ ਨਿਕਲਦੇ। ਬੱਚੇ ਭਾਣਾ ਸਵੀਕਾਰ ਕਰ ਲੈਂਦੇ ਹਨ। ਇਥੇ ਕਥਾਕਾਰ ਦੀ ਟਿੱਪਣੀ ਧਿਆਨ ਦੇਣ ਯੋਗ ਹੈ— 'ਇਦਾਂ ਦੇ ਸਮੇਂ ਵਿਚ ਇਹੀਓ ਕੁਝ ਹੋਇਆ ਕਰਦਾ ਹੈ। ਚੰਗਾ ਸੀ ਜਾਂ ਮੰਦਾ । ਇਹ ਸਮਾਂ ਹੀ ਦੱਸੇਗਾ।' ਇਹ ਟਿੱਪਣੀ ਸਥਿਤੀ ਬਾਰੇ ਅੰਤਮ ਨਿਰਣੇ ਤੋਂ ਗੁਰੇਜ਼ ਕਰਦੀ ਹੈ। ਨਿਰਣੇ ਨੂੰ ਸਮੇਂ ਸਥਾਨ ਨਾਲ ਜੋੜ ਕੇ ਛੱਡ ਦਿੰਦੀ ਹੈ।

ਬੱਗੇ ਦੀ ਮੌਤ 'ਤੇ ਚਾਰੇ ਪਾਸੇ ਭਿਆਨਕ ਚੁੱਪ ਹੈ। ਬੱਗੇ ਦੀ ਮਾਂ ਦੀ ਝੋਲੀ ਵਿਚ ਉਸ ਦੇ ਫੁੱਲ ਤਕ ਪੈ ਜਾਂਦੇ ਹਨ ਤਾਂ ਵੀ ਉਹ ਚੁੱਪ ਹੈ। ਪਿੰਡ ਵਾਲੇ ਵੀ ਚੁੱਪ ਹਨ। ਬੱਸ ਉਸਨੂੰ ਬੱਗੇ ਦੀ ਥਾਂ ਉਹ ਬੱਗਾ ਸਿੰਘ ਸੂਰਮਾ ਆਖ ਕੇ ਯਾਦ ਕਰਦੇ ਹਨ। ਇਹ ਵੇਰਵੇ ਮੁੜ ਸਤਿ ਦੀ ਅਨਿਸ਼ਚਤਤਾ 'ਤੇ ਉਂਗਲ ਰੱਖਦੇ ਹਨ। ਬੱਗਾ ਜ਼ਾਲਮ ਹੈ ਕਿ ਸੂਰਮਾ। ਇਹ ਨਿਰਣਾ ਇਸ ਗੱਲ ਦਾ ਨਿਰਣਾ ਕਰਨ ਵਾਲੀ ਧਿਰ ਤੇ ਨਿਰਣੇ ਦੇ ਆਧਾਰਾਂ 'ਤੇ ਨਿਰਭਰ ਹੈ।

ਬੱਗੇ ਦੀ ਮੌਤ ਪਿੱਛੋਂ ਛਾਪੇ ਤੇ ਮੁਕਾਬਲੇ ਆਮ ਹੋ ਗਏ ਸਨ। 'ਅਮਨ ਕਾਨੂੰਨ ਦੀ ਸਥਿਤੀ ਸੋਧੀ ਜਾ ਰਹੀ ਸੀ। ਸੁਧੀ ਯੁਗ ਵਿਚ ਇਜ਼ਤ ਨਹੀਂ ਬਚਿਆ ਕਰਦੀ ਕਿਸੇ ਦੀ। ਸੋਧਾਂ ਲਈ ਇੱਜ਼ਤਾਂ ਹੀ ਬਲੀ ਚੜ੍ਹਦੀਆਂ ਹਨ।... ਅਜਿਹਾ ਸੋਚਣ ਵਿਚ ਹੀ ਭਲਾ ਸੀ। ਜੇ ਭਲੇ ਦਿਨ ਆਏ ਤਾਂ ਇਸ ਉਤੇ ਨਵੇਂ ਸਿਰਿਉਂ ਵਿਚਾਰ ਹੋ ਸਕਦਾ ਸੀ।' ਇਹ ਵੇਰਵੇ ਵਿਭਿੰਨ ਮਨੋਸਥਿਤੀਆਂ ਵਾਲੇ ਜਨ-ਸਮੂਹਾਂ ਦੇ ਅੰਤਰ ਸੰਬੰਧਾਂ ਨੂੰ ਬਹੁ-ਸੰਵਾਦੀ ਪ੍ਰਵਚਨ ਵਿਚ ਸੰਗਠਤ ਕਰਦੇ ਹਨ ਅਤੇ ਨਿਸ਼ਚੇ ਹੀ ਲੇਖਕ ਦੀ ਉਤਰ-ਆਧੁਨਿਕ ਪਹੁੰਚ ਦੇ ਸੰਕੇਤਕ ਹਨ। ਕਹਾਣੀਕਾਰ ਦੱਸਦਾ ਹੈ ਕਿ ਸਾਰਾ ਪਿੰਡ ਇਸੇ ਸੋਚ ਦਾ ਸ਼ਿਕਾਰ ਹੋ ਚੁੱਕਾ ਸੀ।...'ਪਿੰਡ ਦਾ ਸਰਪੰਚ ਮੁੰਡਿਆਂ ਦਾ ਪੱਖ ਪੂਰਦਾ ਸੀ। ਮੁੰਡੇ ਪਿੰਡ ਦੇ ਅੰਗ ਸਨ। ਜੇ ਅੰਗ ਰੋਗੀ ਹੋ ਗਏ ਸਨ ਤਾਂ ਉਹਨਾਂ ਦੇ ਇਲਾਜ ਬਾਰੇ ਸੋਚਣਾ ਵੀ ਉਸੇ ਦਾ ਕੰਮ ਸੀ। ਉਸ ਨੇ ਇਕੱਲੇ ਇਕੱਲੇ ਘਰ ਜਾ ਕੇ ਸ਼ਾਂਤੀ ਦਾ ਦਾਨ ਮੰਗਿਆ।... ਮੁੰਡੇ ਮੰਨਦੇ ਨਹੀਂ ਸਨ। ਰੱਸੇ ਤੁੜਾਉਣ ਉਤੇ ਆਏ ਹੋਏ ਸਨ।' ਸੰਧੂ ਦੁਆਰਾ ਪੇਸ਼ ਵੇਰਵੇ ਵਿਭਿੰਨ ਸੋਚਾਂ ਨੂੰ ਬਰਾਬਰ ਰੱਖ ਕੇ ਪੇਸ਼ ਕਰਨ ਵੱਲ ਰੁਚਿਤ ਹਨ। ਉਹ ਇਸ ਸਾਰੇ ਕੁਝ ਬਾਰੇ ਕੋਈ ਅੰਤਿਮ ਨਿਰਣੇ ਨਹੀਂ ਦਿੰਦਾ। ਸਥਿਤੀ ਨੂੰ ਉਸਦੇ ਸਾਰੇ ਪਾਸਾਰਾਂ ਸਮੇਤ ਸਿਰਫ਼ ਪੇਸ਼ ਕਰ ਦਿੰਦਾ ਹੈ। ਇਹੀ ਉਤਰ-ਆਧੁਨਿਕ ਪਹੁੰਚ ਹੈ। ਨਿਰਣੇ ਦੇਣਾ ਇਸਨੂੰ ਸਵੀਕਾਰ ਨਹੀਂ। ਨਿਰਣੇ ਇਕ ਜਾਂ ਦੂਜੀ ਧਿਰ ਦੇ ਨਾਲ ਜਾ ਖਲੋਂਦੇ ਹਨ। ਸਥਿਤੀ ਦਾ ਪੂਰਾ ਸਤਿ ਸਾਹਮਣੇ ਨਹੀਂ ਆਉਣ ਦਿੰਦੇ ਹਨ।

ਉਨ੍ਹਾਂ ਦਿਨਾਂ ਵਿਚ ਪਿੰਡ ਵਿਚ ਮੁੜ ਛਾਪਾ ਪੈਂਦਾ ਹੈ। ਪਿੰਡ ਦੇ ਇਕ ਗਰੀਬ ਕਿਸਾਨ ਦੇ ਘਰ। ਅਧਿਕਾਰੀ ਉਸ ਦੇ ਪੁੱਤਰ ਨੂੰ ਬੰਨ੍ਹ ਕੇ ਬਿਠਾ ਲੈਂਦੇ ਹਨ। ਉਸਦੀ ਧੀ ਕੁਝ ਬੋਲਦੀ ਹੈ ਤਾਂ ਉਸਦੇ ਚਪੇੜ ਮਾਰਦੇ ਹਨ। ਸਰਪੰਚ ਉਦੋਂ ਉਥੇ ਨਹੀਂ ਸੀ। ਉਹ ਜਾਣਦਾ ਹੈ ਕਿ ਉਸ ਪਰਿਵਾਰ ਦੀ ਕਿਸੇ ਕੁਰਾਹੇ ਪਏ

ਮੁੰਡੇ ਨਾਲ ਇੰਨੀ ਕੁ ਹੀ ਹਮਦਰਦੀ ਹੋਵੇਗੀ ਜਿੰਨੀ ਉਸਦੀ ਆਪਣੀ ਹੈ। ਪਿੰਡ ਦੀ ਧੀ ਨੂੰ ਬਿਨਾਂ ਮਤਲਬ ਚਪੇੜ ਉਸਨੂੰ ਬਹੁਤ ਬੁਰੀ ਲਗਦੀ ਹੈ। ਉਹ ਪੁਲੀਸ ਅਧਿਕਾਰੀਆਂ ਕੋਲ ਇਸ ਬਾਰੇ ਰੋਸ ਪ੍ਰਗਟ ਕਰਨ ਜਾਂਦਾ ਹੈ ਤਾਂ ਅਧਿਕਾਰੀ ਉਸ ਨੂੰ ਵੀ ਚਪੇੜ ਮਾਰਦੇ ਹਨ। ਉਸ ਦੀ ਪੱਗ ਪਰ੍ਹਾਂ ਜਾ ਡਿਗਦੀ ਹੈ। ਉਹ ਚੁੱਪ ਚਾਪ ਨਿਰਾਦਰ ਸਹਿ ਜਾਂਦਾ ਹੈ। ਉਹ ਕੋਈ ਬੱਗਾ ਸਿੰਘ ਸੂਰਮਾ ਤਾਂ ਨਹੀਂ। ਸਾਰੇ ਪਿੰਡ ਨੂੰ ਲਗਦਾ ਹੈ ਕਿ ਬੱਗਾ ਉਦੋਂ ਨਹੀਂ ਹੁਣ ਮਰਿਆ ਹੈ। ਬੱਸ ਇਸ ਵੇਲੇ ਹੀ ਬੇਇਜ਼ਤ ਸਰਪੰਚ ਜਦੋਂ ਬੇਬੇ ਨੂੰ ਮੱਥਾ ਟੇਕਦਾ ਹੈ ਤਾਂ ਬੇਬੇ ਦੀ ਭੁੱਬ ਨਿਕਲ ਜਾਂਦੀ ਹੈ। ਬੱਗੇ ਦਾ ਪਿਓ ਕਹਿੰਦਾ ਹੈ—'ਬੱਗੇ ਦੀ ਮੌਤ ਦਾ ਕੋਈ ਦੁੱਖ ਨਹੀਂ ਸੀ।...ਅੱਜ ਪਿੰਡ ਦੀ ਇੱਜ਼ਤ ਲੁੱਟੀ ਗਈ ਹੈ। ਸਰਪੰਚ ਦੀ ਦੁਰਗਤ । ਪਿੰਡ ਦੀ ਧੀ ਦੇ ਚਪੇੜ'। ...ਇਸ ਸਥਿਤੀ 'ਤੇ ਸਭ ਦੇ ਹੀ ਹਉਕੇ ਨਿਕਲ ਜਾਂਦੇ ਹਨ। ਸਾਰੇ ਹੀ ਰੋ ਉਠਦੇ ਹਨ। ਇਹ ਰੋਣਾ ਬੇਬਸੀ ਦਾ ਰੋਣਾ ਹੈ। ਇਸ ਰੋਣ ਨੂੰ ਵੇਖ ਕੇ ਹੀ ਪਿੰਡ ਦੀ ਇਕ ਬੇਬੇ ਟਿੱਪਣੀ ਕਰਦੀ ਹੈ—ਇਸ ਤਰ੍ਹਾਂ ਦਾ ਰੋਣ ਚੰਗਾ ਨਹੀਂ ਹੁੰਦਾ।... 'ਇਸ ਤਰ੍ਹਾਂ ਤਾਂ ਬਿੱਲੀਆਂ ਰੋਂਦੀਆਂ ਹਨ। ਬਿੱਲੀਆਂ ਦਾ ਰੋਣਾ ਚੰਗਾ ਨਹੀਂ ਹੁੰਦਾ ।'

ਗੁਲਜ਼ਾਰ ਸਿੰਘ ਸੰਧੂ ਦੀ 'ਰੁਦਨ ਬਿੱਲੀਆਂ ਦਾ' ਤੇ ਪ੍ਰੇਮ ਪ੍ਰਕਾਸ਼ ਦੀ 'ਇਹ ਉਹ ਜਸਬੀਰ ਨਹੀਂ' ਦੋਵੇਂ ਹੀ ਡਿਫਰੈਂਡ ਦੇ ਉਤਰ-ਆਧੁਨਿਕ ਸੰਕਲਪ ਨੂੰ ਉਜਾਗਰ ਕਰਦੀਆਂ ਹਨ। ਦੋਵੇਂ ਹੀ ਟਕਰਾਅ ਰਹੀਆਂ ਧਿਰਾਂ ਨੂੰ ਬਿਨਾਂ ਕਿਸੇ ਇਕ ਦਾ ਪੱਖ ਲਏ ਪੇਸ਼ ਕਰਨ ਵੱਲ ਰੁਚਿਤ ਹਨ। ਦੋਵੇਂ ਕਹਾਣੀਕਾਰ ਸੁਚੇਤ ਹਨ ਕਿ ਇਸ ਟਕਰਾਅ ਵਿਚ ਕਿਸੇ ਵੀ ਇਕ ਧਿਰ ਦਾ ਪੱਖ ਲੈਣਾ ਦੂਜੀ ਧਿਰ ਨਾਲ ਅਨਿਆਂ ਕਰਨਾ ਹੋਵੇਗਾ। ਅਤਿਵਾਦੀ ਇਕ ਪਾਸੇ ਹਨ। ਉਨ੍ਹਾਂ ਦਾ ਦਮਨ ਕਰਨ ਵਾਲੇ ਦੂਜੇ ਪਾਸੇ। ਵਰਦੀ ਵਾਲੇ ਇਕ ਪਾਸੇ ਹਨ ਤੇ ਨਿਰਾਦਰ ਦਾ ਬਦਲਾ ਲੈਣ ਵਾਲੇ ਦੂਜੇ ਪਾਸੇ। ਪੰਜਾਬ ਵਿਚ ਜ਼ੁਲਮ ਦਾ ਸ਼ਿਕਾਰ ਹੋਣ ਵਾਲੇ ਇਕ ਪਾਸੇ ਹਨ ਤੇ ਕਾਨਪੁਰ ਵਿਚ ਜ਼ੁਲਮ ਦਾ ਸ਼ਿਕਾਰ ਹੋਣ ਵਾਲੇ ਦੂਜੇ ਪਾਸੇ। ਹਰੀ ਤੇ ਉਸ ਵਰਗੇ ਇਕ ਪਾਸੇ। ਜਸਬੀਰ ਤੇ ਉਸ ਦੇ ਸਾਥੀ ਦੂਜੇ ਪਾਸੇ। ਇਹ ਇਕ ਐਸੀ ਜਟਿਲ ਸਥਿਤੀ ਹੈ ਜਿਸ ਵਿਚ ਕਿਸੇ ਨੂੰ ਵੀ ਪੂਰੀ ਤਰ੍ਹਾਂ ਸਹੀ ਨਹੀਂ ਕਿਹਾ ਜਾ ਸਕਦਾ। ਕਿਸੇ ਵੀ ਇਕ ਧਿਰ ਦੀ ਅੱਖਾਂ ਮੀਟ ਕੇ ਕੀਤੀ ਪੱਖ ਪੂਰਤੀ ਦੂਜੀ ਧਿਰ ਨਾਲ ਅਨਿਆਂ ਹੈ। ਉਤਰ-ਆਧੁਨਿਕ ਸੋਚ ਇਸ ਅਨਿਆਂ ਤੋਂ ਗੁਰੇਜ਼ ਕਰਦੀ ਹੈ।

ਉਤਰ-ਆਧੁਨਿਕ ਗਲਪ ਨਿਰਣੇ ਦੇਣ ਤੋਂ ਗੁਰੇਜ਼ ਕਰਦੀ ਹੈ। ਨਿਰਣੇ ਦੇ ਆਧਾਰਾਂ 'ਤੇ ਹੀ ਤਾਂ ਇਹ ਕਿੰਤੂ ਕਰਦੀ ਹੈ। ਫਿਰ ਨਿਰਣੇ ਕਿਵੇਂ ਦਿੱਤੇ ਜਾਣ। ਨਿਰਣੇ ਦੇ ਆਧਾਰ ਕਿਸ ਨੇ, ਕਦੋਂ, ਕਿਵੇਂ, ਕਿਉਂ ਬਣਾਏ ? ਇਸ ਬਾਰੇ ਚਿੰਤਨ ਕਿਸੇ ਵੀ ਨਿਰਣੇ ਨੂੰ ਕਾਟੇ ਹੇਠ ਰੱਖ ਸਕਦਾ ਹੈ। ਇਸ ਚਰਚਾ ਵਿਚ ਪੇਸ਼ ਚਾਰੇ ਕਹਾਣੀਆਂ ਇਸ ਤੱਥ ਦੀ ਪੁਸ਼ਟੀ ਕਰਦੀਆਂ ਹਨ ਤੇ ਇਨ੍ਹਾਂ ਦੇ ਲੇਖਕ ਅੰਤਮ ਨਿਰਣੇ ਤੋਂ ਨਿਰੰਤਰ ਵਿੱਥ ਬਣਾਈ ਰਖਦੇ ਹਨ। ਇਹ ਕਹਾਣੀਆਂ ਇਹ/ਉਹ, ਮੈਂ/ਦੂਜੇ ਦੀ ਸਰਲ ਸਿੱਧੀ ਪਹੁੰਚ ਤੋਂ ਪਾਰ ਜਾਂਦੀਆਂ ਹਨ। ਇਸ ਵਿਚ 'ਦੂਜੇ' ਲਈ ਥਾਂ ਹੈ। ਇਨ੍ਹਾਂ ਦੇ ਪਾਤਰ ਆਪਣੇ ਸਤਿ ਦੇ ਨਾਲ ਨਾਲ ਦੂਜੇ ਦੇ ਸਤਿ ਨੂੰ ਵੀ ਪੇਸ਼ ਕਰਦੇ ਹਨ। ਆਪਣੇ ਤੋਂ ਬਾਹਰ ਦੂਜੇ ਦੀ ਹੋਂਦ ਨੂੰ ਰੱਦ ਨਹੀਂ ਕਰਦੇ । ਇਨ੍ਹਾਂ ਕਹਾਣੀਕਾਰਾਂ ਦੀ ਰੁਚੀ ਵਖਰੇਵਿਆਂ ਨੂੰ ਦਬਾਣ ਦੀ ਨਹੀਂ। ਉਹ ਇਹ ਸਮਝਦੇ ਹਨ ਕਿ ਵਖਰੇਵਿਆਂ ਦੀ ਆਪਣੀ ਪ੍ਰਸੰਗਕਤਾ ਹੈ। ਉਨ੍ਹਾਂ ਨੂੰ ਮਿਟਾਣ ਦੀ ਥਾਂ ਉਨ੍ਹਾਂ ਨੂੰ ਸਮਝਣ ਦੀ ਜ਼ਰੂਰਤ ਹੈ। ਉਨ੍ਹਾਂ ਨੂੰ ਆਦਰ ਦੇਣ ਦੀ ਜ਼ਰੂਰਤ ਹੈ। ਇਹੀ ਉਤਰ-ਆਧੁਨਿਕਤਾ ਦੀ ਉਹ ਸਵਸਥ ਸੁਰ ਹੈ ਜਿਸ ਵੱਲ ਪੰਜਾਬੀ ਗਲਪਕਾਰਾਂ ਤੇ ਗਲਪ ਆਲੋਚਕਾਂ ਨੇ ਅਜੇ ਉਨਾਂ ਧਿਆਨ ਨਹੀਂ ਦਿੱਤਾ ਜਿੰਨਾ ਦੇਣਾ ਬਣਦਾ ਹੈ ।○○

[ਪ੍ਰੋਫੈਸਰ, ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ-147002]



# 'ਖੇੜੇ ਸੁੱਖ ਵਿਹੜੇ ਸੁੱਖ' : ਨਾਵਲ ਦੇ ਨਾਲ ਦਸਤਾਵੇਜ਼ ਵੀ

ਤੇਜਵੰਤ ਸਿੰਘ ਗਿੱਲ

'ਖੇੜੇ ਸੁੱਖ ਵਿਹੜੇ ਸੁੱਖ' ਅਵਤਾਰ ਸਿੰਘ ਬਿਲਿੰਗ ਦਾ ਦੂਜਾ ਨਾਵਲ ਹੈ । ਉਸ ਦਾ ਪਹਿਲਾ ਨਾਵਲ 'ਨਿਰੰਜਨ ਮਸ਼ਾਲਚੀ' ਪੰਜ ਕੁ ਸਾਲ ਪਹਿਲਾਂ ਛਪਿਆ, ਜੋ ਛਪਣ ਸਾਰ ਕਾਫ਼ੀ ਚਰਚਾ ਦਾ ਵਿਸ਼ਾ ਬਣ ਗਿਆ ਸੀ । ਇਉਂ ਲੱਗਿਆ ਜਿਵੇਂ ਅੱਸੀਵਿਆਂ ਵਿਚ ਪੰਜਾਬੀ ਨਾਵਲ 'ਤੇ ਜੋ ਜਮੂਦ ਆ ਵਾਰਿਦਾ ਹੋਇਆ ਉਹ ਨੱਬੇਵਿਆਂ ਦੇ ਦੂਜੇ ਅੱਧ ਵਿਚ ਇਸ ਵਰਗੇ ਦੋ ਤਿੰਨ ਹੋਰ ਨਾਵਲਾਂ ਦੀ ਬਦੌਲਤ ਖ਼ਤਮ ਹੋਣ ਲੱਗ ਪਿਆ ਸੀ । ਇਸ ਦਾ ਵਸਤੂ ਢਾਹੇ ਦੇ ਪੇਂਡੂ ਜੀਵਨ ਨਾਲ ਸੰਬੰਧ ਰੱਖਦਾ ਸੀ, ਆਜ਼ਾਦੀ ਦੇ ਆਉਣ ਤੋਂ ਬਾਅਦ ਦੇ ਪੜਾਅ 'ਤੇ ਜਿਸਨੂੰ ਪਤੀ-ਪਤਨੀ ਵਿਚਕਾਰ ਰਿਸਦੇ ਵਿਸ਼ਾਦ ਦਾ ਰੂਪ ਦਿੱਤਾ ਗਿਆ ਸੀ । ਦੂਜੇ ਨਾਵਲ ਦਾ ਵਸਤੂ ਵੀ ਢਾਹੇ ਦੇ ਪੇਂਡੂ ਜੀਵਨ ਤੋਂ ਹੀ ਲਿਆ ਗਿਆ ਹੈ । ਇਸ ਦਾ ਸਮਾਂ ਆਜ਼ਾਦੀ ਆਉਣ ਤੋਂ ਪਹਿਲਾਂ ਦਾ ਹੈ ਜੋ ਵੀਹਵੀਂ ਸਦੀ ਦੇ ਪਹਿਲੇ ਪੰਜ ਦਹਾਕਿਆਂ ਨੂੰ ਕਲਾਵੇ ਵਿਚ ਲਏ ਹੋਏ ਹੈ । ਇਸ ਦਾ ਵੱਡਾ ਗੁਣ ਇਹ ਹੈ ਕਿ ਨਾਵਲ ਦੇ ਨਾਲ ਇਹ ਦਸਤਾਵੇਜ਼ ਵੀ ਹੈ । ਨਾਵਲ ਹੋਣ ਦੇ ਨਾਤੇ ਇਹ ਗਲਪੀ ਵਿਧਾ ਦੀਆਂ ਸੰਭਾਵਨਾਵਾਂ ਹੰਢਾਉਣ ਵੱਲ ਰੁਚਿਤ ਹੈ ਅਤੇ ਦਸਤਾਵੇਜ਼ ਦੇ ਸਮਾਨ ਹੋਣ ਲਈ ਇਹ ਸਭਿਆਚਾਰ ਦੀ ਪੂਰੀ ਸਾਰ ਲੈਣ ਦੇ ਯਤਨ ਵਿਚ ਰਹਿੰਦਾ ਹੈ ।

ਨਾਵਲ ਦਾ ਨਾਇਕ ਜਗਤਾ, ਸਦੀ ਦੇ ਅੰਤਲੇ ਸਾਲ ਵੀ ਜਿਉਂਦਾ ਦਿਖਾਇਆ ਗਿਆ ਹੈ। ਆਜ਼ਾਦੀ ਤੋਂ ਬਾਅਦ ਦੇ ਪੰਜ ਦਹਾਕਿਆਂ ਵਿਚ ਜੋ ਉਸਦਾ ਜੀਵਨ ਬੀਤਿਆ ਹੈ ਉਸ ਨੂੰ ਨਾਵਲ ਦੇ ਪਾਠ ਵਿਚ ਪੇਸ਼ ਨਹੀਂ ਕੀਤਾ ਗਿਆ । ਉਪ-ਪਾਠ ਤੋਂ ਹੀ ਇਹ ਅੰਦਾਜ਼ਾ ਹੋ ਸਕਦਾ ਹੈ ਕਿ ਪਹਿਲੇ ਪੰਜ ਦਹਾਕਿਆਂ ਵਿਚ ਜੋ ਦੁੱਖ ਸੰਤਾਪ ਉਸਨੂੰ ਭੋਗਣੇ ਪਏ, ਉਨ੍ਹਾਂ ਤੋਂ ਬਾਅਦ ਵਿਚ ਆ ਕੇ ਉਸ ਨੂੰ ਰਾਹਤ ਮਿਲੀ । ਜਿਉਂ ਜਿਉਂ ਉਸਦੀ ਉਮਰ ਵਡੇਰੀ ਹੁੰਦੀ ਗਈ, ਘਟਨਾਵਾਂ ਦੀ ਥਾਂ ਯਾਦਾਂ ਉਸਦੇ ਜੀਵਨ ਦਾ ਸਰਮਾਇਆ ਬਣਦੀਆਂ ਚਲੀਆਂ ਗਈਆਂ । ਇਸੇ ਕਾਰਨ, ਉਸਨੂੰ ਇਹਨਾਂ ਸਤਰਾਂ ਦੀ ਅਗੰਮੀ ਗੂੰਜ ਸੁਣਾਈ ਦਿੰਦੀ ਹੈ :

ਰਾਮ ਰਾਜਾ, ਰਾਮ ਪਰਜਾ, ਰਾਮ ਸ਼ਾਹੂਕਾਰ ਹੈ
ਵੱਸੇ ਨਗਰੀ, ਜੀਵੇ ਰਾਜਾ, ਧਰਮ ਕਾ ਜੈਕਾਰ ਹੈ ।

ਇਹਨਾਂ ਸਤਰਾਂ ਦੀ ਅਗੰਮੀ ਗੂੰਜ ਹੀ ਨਹੀਂ ਜੋ ਉਹ ਸੁਣਦਾ ਹੈ । ਪਲ ਭਰ ਲਈ ਮੰਤਰ ਮੁਗਧ ਹੋ ਕੇ ਉਹ ਇਹਨਾਂ ਨੂੰ ਗੁਣਗੁਣਾਉਣ ਵੀ ਲੱਗ ਪੈਂਦਾ ਹੈ । "ਉਹ ਗੁਣਗੁਣਾਉਂਦਾ ਹੈ । ਗੁਣਗੁਣਾਈ ਜਾਂਦਾ ਹੈ !! ਗੁਣਗੁਣਾਈ ਜਾਂਦਾ ਹੈ !!!" ਦੇ ਜ਼ਿਆਦਾ ਤੋਂ ਜ਼ਿਆਦਾ ਵਜਦ ਗ੍ਰਹਿਣ ਕਰਦੇ ਦੁਹਰਾਉ ਨਾਲ ਨਾਵਲ ਦਾ ਅੰਤ ਹੋ ਜਾਂਦਾ ਹੈ । ਪ੍ਰਤੱਖ ਹੀ ਜਿਹੜੇ ਦੁੱਖ ਸੰਤਾਪ ਜਵਾਨੀ ਵਿਚ ਖ਼ਾਸ ਤੌਰ 'ਤੇ ਉਸਦੇ ਪੱਲੇ ਪਏ ਸਨ ਅਤੇ ਜਿਨ੍ਹਾਂ ਕਾਰਨ ਵਰ੍ਹਿਆਂ ਬੱਧੀ ਉਹ ਆਵਾਜ਼ਾਰ ਰਿਹਾ ਸੀ, ਉਹ ਵਡੇਰੀ ਅਤੇ ਖ਼ਾਸ ਕਰਕੇ ਬਿਰਧ ਉਮਰ ਵਿਚ ਉਸਦੇ ਮਗਰੋਂ ਲਹਿ ਗਏ ਸਨ ।

ਕੀ ਨਾਵਲ ਦੀ ਸਭ ਤੋਂ ਸਹਿਜਭਾਵੀ ਔਰਤ, ਚਿੰਤੋ ਨਾਲ ਉਸਦੇ ਪੇਕਿਆਂ, ਸਹੁਰਿਆਂ, ਆਂਢੀਆਂ-ਗੁਆਂਢੀਆਂ ਅਤੇ ਦੇਵਰ ਇੰਦਰ ਸਿੰਘ ਨੇ ਨਿਆਂ ਕੀਤਾ, ਇਹ ਕਹਿਣਾ ਔਖਾ ਪ੍ਰਤੀਤ ਹੁੰਦਾ ਹੈ । ਪੁਆਧ ਵਿਚ ਜੰਮੀ ਪਲੀ, ਸੁਹਣੀ ਸੁਨੱਖੀ, ਆਪਣੇ ਭਰਾ ਦੇ ਲਾਲਚੀ ਸੁਭਾਅ ਕਾਰਨ ਤਾਂ ਉਹ ਪੁੰਨ ਦੇ ਵਿਆਹ ਜੋਗੀ ਵੀ ਨਾ ਕਹਾ ਸਕੀ । ਇਸਦੇ ਬਾਵਜੂਦ ਉਸ ਨੇ ਆਪਣੇ ਖਾਵੰਦ ਜਾਤੀ ਸਿੰਘ ਦੇ ਘਰ ਨੂੰ ਆਪਣਾ ਸਮਝਿਆ। ਉਸਦੀ ਪਲੇਗ ਕਾਰਨ ਹੋਈ ਮੌਤ ਤੋਂ ਮਗਰੋਂ ਤਾਂ ਹੋਰ ਵੀ ਜਦੋਂ ਪੇਕੇ ਕਈ ਸਾਲ ਦੀ ਜਲਾਵਤਨੀ ਭੋਗ ਕੇ ਅਤੇ ਫੇਰ ਸਹੁਰੇ ਘਰ ਵਾਪਸ ਆ ਕੇ ਉਸਨੇ ਕਿਸੇ ਪੱਖੋਂ ਵੀ ਆਪਣੇ ਆਪ 'ਤੇ ਆਂਚ ਨਾ ਆਉਣ ਦਿੱਤੀ। ਇਹ ਨਹੀਂ ਕਿ ਉਸਦੀ ਦੇਹ ਵਿਚ ਤਰੰਗਾਂ ਨਹੀਂ ਉਠਦੀਆਂ ਸਨ। ਰਿਸ਼ਟ-ਪੁਸ਼ਟ, ਸੁਹਣੀ ਸੁਨੱਖੀ ਹੋਣ ਦੇ ਨਾਤੇ ਉਹ ਇਨ੍ਹਾਂ ਤਰੰਗਾਂ ਲਈ ਓਪਰੀ ਨਹੀਂ

ਸੀ। ਬੜੇ ਸਹਿਜ ਭਾਵ ਨਾਲ ਉਸਨੇ ਉਨ੍ਹਾਂ 'ਤੇ ਕਾਬੂ ਪਾ ਕੇ ਰੱਖਿਆ ਜਿਸਦਾ ਲੌਕਿਕ ਜਿਹਾ ਪ੍ਰਮਾਣ ਉਸ ਵਕਤ ਮਿਲ ਜਾਂਦਾ ਹੈ ਜਦੋਂ ਖੇਤਾਂ ਨੂੰ ਆਪਣੇ ਪੁੱਤਾਂ ਦੀ ਰੋਟੀ ਲਿਜਾ ਰਹੀ ਉਹ ਪਿੰਡ ਦੇ ਛੜੇ ਛਟਾਂਗ ਖਜ਼ਾਨੇ ਕੱਛਵਾਲੇ ਨਾਲ ਨਹੋਰੇਬਾਜ਼ੀ ਵਿਚ ਪੈ ਜਾਂਦੀ ਹੈ । ਝੱਟ ਪੱਟ ਹੀ ਉਸ ਨੂੰ ਇਸਦੀ ਗੈਰ-ਸੰਜੀਦਗੀ ਦਾ ਅਹਿਸਾਸ ਹੋ ਜਾਂਦਾ ਹੈ ਅਤੇ ਇਸ ਤੋਂ ਖਹਿੜਾ ਛੁਡਾਉਣ ਵਿਚ ਉਹ ਫੇਰ ਰਤਾ ਵੀ ਢਿੱਲ ਨਹੀਂ ਕਰਦੀ । ਜਦੋਂ ਉਸਦਾ ਦਿਉਰ ਇੰਦਰ ਸਿੰਘ ਅਫ਼ਰੀਕਾ ਤੋਂ ਵਾਪਸ ਆ ਜਾਂਦਾ ਹੈ ਤਾਂ ਜਿਵੇਂ ਉਹ ਉਸ ਨਾਲ ਸਹਿਚਾਰ ਬਣਾਉਂਦੀ ਹੈ ਉਸ ਤੋਂ ਤਿਉਹ ਨਾਲ ਓਤਪੋਤ ਉਸਦਾ ਆਪਾ ਬੜੇ ਹੀ ਨਿਰਮਲ ਰੂਪ ਵਿਚ ਪ੍ਰਗਟ ਹੋ ਜਾਂਦਾ ਹੈ । ਇਹ ਉਸਦਾ ਦੁਖਾਂਤ ਹੀ ਹੈ ਕਿ ਇੰਦਰ ਸਿੰਘ ਵੀ ਉਸ 'ਤੇ ਸ਼ੱਕ ਕਰਦਾ ਹੈ । ਫਲਸਰੂਪ ਜੋ ਕਹਿਰ ਉਸਦੇ ਮਨ 'ਤੇ ਝੁੱਲਦਾ ਹੈ ਉਸਨੂੰ ਨਾਵਲ ਵਿਚ ਬਹੁਤ ਹੀ ਡੂੰਘਾਈ ਵਿਚ ਜਾ ਕੇ ਪਕੜਿਆ ਗਿਆ ਹੈ :

> ਐਸੇ ਵਖ਼ਤ ਨਿਕਲ ਜਾਹ ਏਥੋਂ ਮਰਦੂਦਾ! ਮੈਨੂੰ ਤੇਰੇ ਸੂਮ ਦੇ ਧਨ ਦੀ ਕੋਈ ਲੋੜ ਨਹੀਂ । ਤੂੰ ਇਜ਼ਤ ਦਾ ਸਾਂਝੀ ਨਹੀਂ ਹਰਾਮੀਆ!.....ਮੈਂ ਤੇਰੇ ਭਰਾ ਜਾਤੀ ਸਿਹੁੰ ਦੇ ਮੁੱਕੇ ਤੋਂ ਵੀ ਥੋੜੇ ਘਰ ਦੀ ਇਜ਼ਤ ਸੰਭਾਲੀ ਰੱਖੀ, ਕੁੱਤਿਆ ! ਸਹੁਰਿਆਂ 'ਚ ਵੀ ਕਿਸੇ ਤੋਂ ਅੱਜ ਤਕ ਉਂਗਲੀ ਨਹੀਂ ਕਰਾਈ ? ਤੈਨੂੰ ਮੈਂ ਜਾਤੀ ਸਿਹੁੰ ਕਰਕੇ ਜਾਣਿਆ ਕਮੂਤਾ ! ਅਰ ਤੂੰ ਮੈਨੂੰ ਆਹ ਤਗਮਾ ਦਿੰਨੈਂ ਕਰੀ ਖੇਹਾ! ਮੈਂ ਸੀਰਮੇਂ ਪੀਜੂੰਗੀ ਛੱਜੂ ਛੜੇ ਦੇ, ਅਰ ਕਰਤਾਰੇ ਕੂਕੇ ਦੇ ! ਭਰਮਾਂ ਦਿਆਂ ਪੱਟਿਆ ਹੋਇਆ, ਨਾਮਰਦ ਬੰਦਿਆ ? ਓਏ, ਇਹ ਉਮਰ ਹੈ ਮੇਰੀ ਯਾਰ ਹੰਢਾਉਣ ਦੀ ?

ਜਿਸ ਵਕਤ ਉਹ ਇਹ ਤਾਨ੍ਹੇ ਦੇ ਰਹੀ ਸੀ ਤਾਂ ਆਪਣੇ ਮਿਲਣਸਾਰ ਅਤੇ ਹਮਦਰਦਾਨਾ ਸੁਭਾਅ ਦੇ ਉਲਟ ਪੂਰੀ ਤਰ੍ਹਾਂ ਬਿਫਰੀ ਹੋਈ ਸੀ । ਉਸ ਨੂੰ ਕਦੇ ਕਾਂਬਾ ਛਿੜਦਾ ਸੀ ਅਤੇ ਕਦੇ ਉਹ ਚੰਡੀ ਵਾਂਗ ਤਣ ਜਾਂਦੀ ਸੀ । ਗੱਲ ਕੀ ਉਸ ਦੇ ਹਿਰਦੇ ਵਿਚੋਂ ਹੀ ਨਹੀਂ ਬਲਕਿ ਉਸਦੀ ਨਿਗਾਹ ਵਿਚੋਂ ਵੀ ਲਹੂ ਚੋਂਦਾ ਸੀ । ਇਸਤੋਂ ਮਗਰੋਂ ਆਂਢਣਾਂ ਗੁਆਂਢਣਾਂ ਨਾਲ ਉਸਦਾ ਪਹਿਲਾਂ ਵਾਲਾ ਵਿਹਾਰ ਤਾਂ ਕਾਇਮ ਰਹਿੰਦਾ ਹੈ ਪਰ ਉਸਦਾ ਜੀਅ ਮਧੋਲਿਆ ਜਾਂਦਾ ਹੈ । ਹੈਰਾਨੀ ਦੀ ਗੱਲ ਨਹੀਂ ਬਾਅਦ ਦੇ ਸਫ਼ਿਆਂ ਵਿਚ ਉਹ ਕੂੰਦੀ ਤਕ ਨਜ਼ਰ ਨਹੀਂ ਆਉਂਦੀ । ਕੇਵਲ ਵੰਡ ਵੇਲੇ ਉਹ ਕੁਤਬੇ ਸਾਈਂ ਨੂੰ ਪਿੰਡ ਵਾਪਸੀ 'ਤੇ ਉਸਦੇ ਘਰ ਔਖੇ ਦਿਨ ਕੱਟ ਲੈਣ ਦੀ ਤਾਕੀਦ ਵੀ ਬੜੀ ਹੀ ਦਬਵੀਂ ਸੁਰ ਵਿਚ ਕਰਦੀ ਹੈ ।

ਨਾਵਲ ਦੇ ਬਾਕੀ ਦੇ ਪਾਤਰ, ਜੋ ਜਾਤ, ਧਰਮ, ਉਮਰ, ਵਿਹਾਰ, ਸਦਭਾਵਨਾ, ਮੰਦਭਾਵਨਾ ਆਦਿ ਤੋਂ ਵੰਨ ਸੁਵੰਨੇ ਹਨ, ਇਹਨਾਂ ਮੁੱਖ ਪਾਤਰਾਂ ਦੀਆਂ ਬਾਆਵਾਜ਼ ਬਨਾਮ ਬੇਆਵਾਜ਼ ਪਰਿਸਥਿਤੀਆਂ ਦੇ ਵਿਚ-ਵਿਚਾਲੇ ਵਿਚਰਦੇ ਹਨ । ਮਰਦ ਪਾਤਰ ਮੁਕਾਬਲਤਨ ਬਾਆਵਾਜ਼ ਹਨ ਅਤੇ ਇਸ ਮੰਤਵ ਲਈ ਉਹ ਸ਼ਾਬਦਿਕ ਅਤੇ ਗ਼ੈਰ ਸ਼ਾਬਦਿਕ ਢੰਗ ਵਰਤਦੇ ਹਨ । ਜਿੱਥੋਂ ਤਕ ਕੁਤਬਾ ਸਾਈਂ ਆਦਿ ਫਕੀਰੀ ਸੁਭਾਅ ਵਾਲੇ ਬੰਦਿਆਂ ਦੀ ਗੱਲ ਹੈ ਉਹ ਜਾਂ ਤਾਂ ਵਜਦ ਵਿਚ ਆ ਕੇ ਸੂਫੀ ਰੰਗ ਦੇ ਟੋਟਕੇ ਗਾਉਂਦੇ ਹਨ ਜਾਂ ਨੱਚਦੇ, ਟੱਪਦੇ ਅਤੇ ਖੜਦੁੰਮ ਮਚਾਉਂਦੇ ਹਨ । ਇਨ੍ਹਾਂ ਤੋਂ ਹਟ ਕੇ ਆਮ ਸੰਸਾਰੀ ਪਾਤਰ ਹਨ ਜੋ ਇਕ ਦੂਜੇ ਨਾਲ ਠੱਠਾ ਮਖੌਲ ਕਰਦੇ ਹਨ, ਉਪਰੋਂ ਇੱਜ਼ਤ ਨਾਲ ਪਰ ਵਿਚੋਂ ਵਿਅੰਗ ਨਾਲ ਗੱਲ ਮਟੋਰਦੇ ਹਨ । ਅਖਾਣਾਂ, ਮੁਹਾਵਰਿਆਂ, ਕਹਾਵਤਾਂ ਅਤੇ ਉਕਤੀਆਂ ਆਦਿ ਦੀ ਉਹ ਖੁੱਲ੍ਹਮ ਖੁੱਲ੍ਹਾ ਵਰਤੋਂ ਕਰਦੇ ਹਨ। ਉਹਨਾਂ ਦਾ ਕੁੱਲ ਮੰਤਵ ਇਹ ਦਰਸਾਉਣਾ ਹੈ ਕਿ ਬੰਦੇ ਨੂੰ ਬੰਧੇਜ ਵਿਚ ਰਹਿਣਾ ਠੀਕ ਹੈ, ਆਪ-ਮੁਹਾਰਾ ਜਾਂ ਬੇਮੁਹਾਰਾ ਬਣਨ ਦੀ ਲੋੜ ਨਹੀਂ। ਜਿਹੜੇ ਜ਼ਰ, ਜ਼ੋਰੂ, ਜ਼ਮੀਨ ਦੇ ਲਾਲਚ ਵਿਚ ਅਜਿਹਾ ਕਰਦੇ ਹਨ ਉਹ ਜ਼ਿੰਦਗੀ ਵਿਚ ਦੁੱਖ ਭੋਗਦੇ ਹਨ।

ਇਹ ਵੱਖਰੀ ਗੱਲ ਹੈ ਕਿ ਜਿੰਨਾ ਜ਼ਿਆਦਾ ਕਿਸੇ ਦਾ ਦੁੱਖ ਭੋਗਣ ਦਾ ਜਿਗਰਾ ਹੁੰਦਾ ਉਸਨੂੰ ਚਿਤਾਰਕੇ ਉਹ ਅੱਸ਼-ਅੱਸ਼ ਵੀ ਕਰ ਉਠਦੇ ਹਨ। ਜਿੱਥੇ ਆਮ ਸੰਸਾਰੀ ਪਾਤਰ ਉਨ੍ਹਾਂ ਦੇ ਨਾਵਾਂ ਨਾਲ ਜੁੜੇ ਉਪਨਾਵਾਂ 'ਤੇ ਪੂਰੇ ਉਤਰਦੇ ਹਨ ਉਥੇ ਉਨ੍ਹਾਂ ਤੋਂ ਹਟ ਕੇ ਪੇਸ਼ ਹੋਏ ਉਹ ਮਰਦ ਪਾਤਰ ਵੀ ਹਨ ਜੋ



ਆਪਣੀ ਹੈਂਕੜ, ਵਾਅਦੇ ਤੇ ਪੂਰਾ ਉਤਰਨ ਦੀ ਦਲੇਰੀ, ਦੋਸਤ ਲਈ ਖਿੜੇ ਮੱਥੇ ਦੁੱਖ ਝੱਲਣ ਦੀ ਮਰਜ਼ੀ ਕਾਰਨ ਜ਼ਿਆਦਾ ਪ੍ਰਭਾਵਤ ਹੀ ਨਹੀਂ ਬਲਕਿ ਭਾਵੁਤ ਵੀ ਕਰਦੇ ਹਨ। ਜੇ ਬਿਸ਼ਨੇ ਵਰਗਾ ਜੱਟ ਸਿੱਖ ਇਸ ਵਰਗ ਵਿਚ ਆ ਸ਼ਾਮਲ ਹੁੰਦਾ ਹੈ ਤਾਂ ਵੀਰੋ ਦਾ ਆਸ਼ਕ ਸ਼ੇਰ ਮੁਹੰਮਦ ਵੀ ਇਸ ਤੋਂ ਬਾਹਰ ਨਹੀਂ ਰਹਿੰਦਾ। ਉਹ ਸ਼ਰ੍ਹੇਆਮ ਆਪਣੀ ਮਾਸ਼ੂਕ ਦੇ ਘਰ ਜਾਂਦਾ ਹੈ, ਉਸਦੇ ਜੇਠ ਅਤੇ ਖਾਵੰਦ ਦੀ ਪੂਰੀ ਝਾੜ ਝੰਬ ਕਰਦਾ ਹੈ ਅਤੇ ਬਦਲੇ ਵਿਚ ਰੂੰ ਵਾਂਗ ਝੰਬਿਆ ਜਾਂਦਾ ਹੈ। ਇਸਦੇ ਬਾਵਜੂਦ ਉਹ ਸੀ ਨਹੀਂ ਕਰਦਾ ਅਤੇ ਆਪਣੇ ਹਠ 'ਤੇ ਕਾਇਮ ਰਹਿੰਦਾ ਹੈ। ਅਸਚਰਜ ਨਹੀਂ ਕਿ ਕੋਈ ਹਿੰਦੂ, ਮੰਦਰ ਦਾ ਪੁਜਾਰੀ, ਹਟਵਾਣੀਆ, ਦੁਕਾਨਦਾਰ ਜਾਂ ਪਿੰਡ ਵਿਚ ਇਹੋ ਜਿਹਾ ਕੋਈ ਧੰਦਾ ਕਰਨ ਵਾਲਾ ਇਸ ਵਰਗ ਦਾ ਭਾਈਵਾਲ ਨਹੀਂ । ਕੀ ਇਸ ਅੰਤਰ ਦਾ ਆਧਾਰ ਧਰਮ ਹੈ ਜਾਂ ਪੇਸ਼ਾ ਜਾਂ ਦੋਨੋਂ ਹੀ, ਇਸ ਦਾ ਸੰਕੇਤ ਐਨਾ ਨਾਵਲ ਦੇ ਪਾਠ ਤੋਂ ਨਹੀਂ ਜਿੰਨਾ ਇਸਦੇ ਉਪ ਪਾਠ ਤੋਂ ਮਿਲਦਾ ਹੈ ।

ਮਰਦਾਂ ਦੇ ਮੁਕਾਬਲੇ ਵਿਚ ਔਰਤਾਂ ਹਨ ਜੋ ਸ਼ਾਬਦਿਕ ਪੱਖੋਂ ਐਨੀਆਂ ਬਾਆਵਾਜ਼ ਨਹੀਂ । ਇਸਦੇ ਬਾਵਜੂਦ ਉਹ ਬੇਆਵਾਜ਼ ਵੀ ਨਹੀਂ ਕਿਉਂਕਿ ਕਈ ਤਰ੍ਹਾਂ ਦੇ ਹੋਰ ਢੰਗ ਹਨ ਜਿਹੜੇ ਪ੍ਰਗਟਾ ਲਈ ਉਨ੍ਹਾਂ ਨੂੰ ਮੁਹੱਈਆ ਹਨ। ਆਮ ਸੰਸਾਰੀ ਔਰਤਾਂ ਵਿਚ ਉਹ ਵਡੇਰੀ ਉਮਰ ਦੀਆਂ ਸੁਆਣੀਆਂ, ਸੱਸਾਂ ਅਤੇ ਜਿਠਾਣੀਆਂ ਆਦਿ ਆ ਜਾਂਦੀਆਂ ਹਨ ਜਿਨ੍ਹਾਂ ਦੇ ਆਸਰੇ ਘਰ ਬਾਰ ਚੱਲਦੇ ਹਨ । ਇਨ੍ਹਾਂ ਵਿਚ ਵਿਰਲੀ ਹੀ ਹੈ ਜਿਸਦਾ ਪੁੰਨ ਦਾ ਵਿਆਹ ਹੋਇਆ ਹੈ । ਬਹੁਤੀਆਂ ਕਰੇਵੇ ਵਿਚ ਆਈਆਂ ਹਨ ਜਿਨ੍ਹਾਂ ਨੂੰ ਵਿਆਹੁਣ ਬਦਲੇ ਉਨ੍ਹਾਂ ਦੇ ਪਿਉਆਂ ਜਾਂ ਭਰਾਵਾਂ ਨੇ ਮਾਇਆ ਵਸੂਲ ਕੀਤੀ ਹੋਈ ਹੈ । ਵਿਚ-ਵਿਚਾਲੇ ਅਜਿਹੀਆਂ ਵੀ ਹਨ ਜੋ ਕਿਸੇ ਦੂਰ ਦੇ ਪ੍ਰਾਂਤ ਤੋਂ ਲਿਆਂਦੀਆਂ ਗਈਆਂ ਹਨ । ਉਨ੍ਹਾਂ ਦੀ ਉਹ ਪੁੱਛ ਪ੍ਰਤੀਤ ਤਾਂ ਨਹੀਂ ਜੋ ਉਦਾਲੇ ਦੇ ਪਿੰਡਾਂ ਤੋਂ ਵਿਆਹ ਕੇ ਲਿਆਂਦੀਆਂ ਦੀ ਹੈ ਪਰ ਕਿਸੇ ਨੇ ਉਨ੍ਹਾਂ ਨੂੰ ਵਰਤਾਰੇ ਵਿਚੋਂ ਛੇਕਿਆ ਵੀ ਨਹੀਂ ਹੋਇਆ । ਮੁਸਲਮਾਨ ਪਰਿਵਾਰਾਂ ਨਾਲ ਵੀ ਬਰਾਬਰ ਦਾ ਮੇਲ-ਜੋਲ ਹੈ ਭਾਵੇਂ ਇਹ ਗੱਲ ਕਿਸੇ ਤੋਂ ਲੁਕੀ ਛਿਪੀ ਨਹੀਂ ਕਿ ਰਣਜੀਤ ਸਿੰਘ ਦੇ ਰਾਜ ਤੋਂ ਪਹਿਲਾਂ ਦੋਨਾਂ ਫਿਰਕਿਆਂ ਵਿਚ ਬੜਾ ਟਕਰਾਉ ਪਾਇਆ ਜਾਂਦਾ ਸੀ।

ਘੱਟੋ ਘੱਟ ਚਾਰ ਪੰਜ ਔਰਤਾਂ, ਹਰਨਾਮੀ, ਚਿੰਤੋ, ਵੀਰੋ, ਦਇਆ ਕੌਰ, ਭਾਗੋ ਅਤੇ ਜੈ ਕੌਰ ਅਜਿਹੀਆਂ ਹਨ ਜਿਨ੍ਹਾਂ ਦੀ ਵਿਲੱਖਣ ਨੁਹਾਰ ਹੈ । ਜੈ ਕੌਰ ਚਿੰਤੋ ਦੇ ਭਰਾ ਬਸਤਾ ਸਿੰਘ ਡਾਂਗ ਬਹਾਦਰ ਦੀ ਵਹੁਟੀ ਹੈ ਜਿਸਦਾ ਆਪਣੇ ਖਾਵੰਦ ਦੇ ਲਾਲਚੀ ਸੁਭਾਅ ਨਾਲ ਕੋਈ ਮੇਲ ਨਹੀਂ ਬਣਦਾ। ਉਸ ਨੂੰ ਜ਼ਬਤ ਦੇ ਵਿਚ ਰੱਖਣ ਖ਼ਾਤਰ, ਉਹ ਲੋੜ ਮੁਤਾਬਕ ਮੂੰਹ-ਫੱਟ ਵੀ ਹੋ ਜਾਂਦੀ ਹੈ, ਮੋਮੋਠਗਣੀ ਵੀ ਬਣ ਜਾਂਦੀ ਹੈ ਅਤੇ ਕਿਸੇ ਰਕਾਨ ਸੁਆਣੀ ਵਾਂਗ ਉਸਨੂੰ ਕਦਰਾਂ-ਕੀਮਤਾਂ ਦਾ ਅਹਿਸਾਸ ਵੀ ਕਰਵਾ ਦਿੰਦੀ ਹੈ । ਇਹੋ ਕਾਰਨ ਹੈ ਕਿ ਡਾਂਗ ਬਹਾਦਰ ਭਾਵੇਂ ਵਿਧਵਾ ਹੋਈ ਭੈਣ ਚਿੰਤੋ ਨੂੰ ਵੇਚਣ 'ਤੇ ਤੁਲਿਆ ਹੋਇਆ ਹੈ ਪਰ ਜੈ ਕੌਰ ਦੇ ਤਰਕ ਅੱਗੇ ਉਸਦੀ ਕੋਈ ਪੇਸ਼ ਨਹੀਂ ਜਾਂਦੀ। ਜੇ ਉਹ ਆਪਣੇ ਖਾਵੰਦ ਨੂੰ ਹੋਰ ਔਰਤਾਂ ਦੀ ਸੌਦੇਬਾਜ਼ੀ ਤੋਂ ਮਨ੍ਹਾਂ ਨਹੀਂ ਕਰ ਸਕਦੀ ਤਾਂ ਐਨਾ ਕਸੂਰ ਉਸਦਾ ਨਹੀਂ ਜਿੰਨਾ ਵਰਤਾਰੇ ਦਾ ਹੈ । ਵਰਤਾਰੇ ਨੇ ਇਹ ਪ੍ਰਵਾਨ ਹੀ ਕਰ ਲਿਆ ਹੈ ਕਿ ਇਸਦੇ ਪੁੱਗਣ ਵਿਚ ਇਸ ਸੌਦੇਬਾਜ਼ੀ ਦਾ ਵੀ ਕਰਤੱਵ ਹੈ ਜਿਸਨੂੰ ਜਿੰਨਾ ਮਰਜ਼ੀ ਛੁਟਿਆ ਤਾਂ ਲਵੋ, ਪਰ ਖ਼ਤਮ ਨਹੀਂ ਕੀਤਾ ਜਾ ਸਕਦਾ । ਇਹੋ ਕਾਰਨ ਹੈ ਕਿ ਇਸ ਤਰ੍ਹਾਂ ਕਰੇਵੇ ਰਾਹੀਂ ਜਾਂ ਸੌਦੇਬਾਜ਼ੀ ਦਾ ਸ਼ਿਕਾਰ ਹੋ ਕੇ ਵਸੀਆਂ ਔਰਤਾਂ ਸਮਾਂ ਪਾ ਕੇ ਵਰਤਾਰੇ ਦਾ ਭਾਗ ਹੀ ਬਣਦੀਆਂ ਦਿਖਾਈ ਦਿੰਦੀਆਂ ਹਨ ।

ਜਿੱਥੇ ਚਿੰਤੋ ਦੇ ਵਿਧਵਾ ਹੋ ਜਾਣ ਮਗਰੋਂ ਵਿਕਣ ਦੀ ਨੌਬਤ ਟਲ ਜਾਂਦੀ ਹੈ ਉਥੇ ਭਾਗੋ ਨੂੰ ਇਸਦੇ ਤਲਖ ਤਜਰਬੇ ਵਿਚੋਂ ਲੰਘਣਾ ਪੈਂਦਾ ਹੈ । ਉਹ ਪ੍ਰੇਮ ਸਿੰਘ ਨਾਮੀ ਰੱਜੇ ਪੁੱਜੇ ਮਝੈਲ ਜ਼ਿਮੀਂਦਾਰ ਦੀ ਦਹਾਜੂ ਹੈ ਅਤੇ ਉਮਰ ਵਿਚ ਉਸ ਨਾਲੋਂ ਕਾਫ਼ੀ ਛੋਟੀ ਹੈ । ਕੁਦਰਤੀ ਹੈ ਕਿ ਕਾਮ-ਕ੍ਰੀੜਾ ਦਾ ਉਹ ਆਨੰਦ ਜੋ ਹਾਣ ਪ੍ਰਵਾਨ ਨੂੰ ਨਸੀਬ ਹੁੰਦਾ ਹੈ, ਉਹ ਉਸ ਤੋਂ ਵੰਚਿਤ ਹੈ । ਇਸਦੇ ਬਾਵਜੂਦ ਉਹ ਵਿਭਚਾਰਣ ਨਹੀਂ ਭਾਵੇਂ ਡਾਂਗ ਬਹਾਦਰ ਅਤੇ ਉਸਦਾ ਸਾਥੀ ਕਰਤਾਰਾ ਕੂਕਾ ਜਲਦੀ ਹੀ ਉਸਨੂੰ ਫੁਸਲਾਉਣ ਵਿਚ ਕਾਮਯਾਬ ਹੋ ਜਾਂਦੇ ਹਨ । ਉਨ੍ਹਾਂ ਦੇ ਝਾਂਸੇ ਵਿਚ ਆਈ ਉਹ ਆਪਣਾ ਵਿਆਹੁਤਾ

ਘਰ ਛੱਡ ਜਾਂਦੀ ਹੈ ਅਤੇ ਜਗਤੇ ਦੀ ਬੀਵੀ ਬਣ ਜਾਂਦੀ ਹੈ ਜਿਸਨੂੰ ਹੁਣ ਯਕੀਨ ਹੋ ਚੁੱਕਿਆ ਹੈ ਕਿ ਉਸਦੇ ਪਰਿਵਾਰ ਦੀ ਗੁਰਬਤ ਕਾਰਨ ਕਿਸੇ ਨੇ ਆਪਣੀ ਧੀ ਦਾ ਉਸ ਨਾਲ ਪੁੰਨ ਦਾ ਵਿਆਹ ਨਹੀਂ ਕਰਨਾ। ਇਕ ਪੜਾਅ 'ਤੇ ਉਹ ਕੁਰਾਹੇ ਵੀ ਪੈ ਜਾਂਦੀ ਹੈ ਜਿਸ ਵਿਚ ਐਨਾ ਕਸੂਰ ਉਸਦਾ ਨਹੀਂ ਜਿੰਨਾ ਸ਼ਾਦੀ ਤੇ ਸੁੱਚੇ ਦਾ ਹੈ ਜੋ ਉਸਨੂੰ ਜਗਤੇ ਦੀ ਵਫਾ ਦੇ ਬਾਵਜੂਦ ਫੁਸਲਾਉਣ ਵਿਚ ਕਾਮਯਾਬ ਹੋ ਜਾਂਦੇ ਹਨ। ਜਿਸ ਅਗਨੀ ਪਰੀਖਿਆ ਵਿਚੋਂ ਉਹ ਉਸ ਵਕਤ ਲੰਘਦੀ ਹੈ ਜਦੋਂ ਉਸਦਾ ਮੜ੍ਹੈਲ ਖਾਵੰਦ ਪ੍ਰੇਮ ਸਿੰਘ ਆਪਣੇ ਸਾਥੀਆਂ ਨਾਲ ਉਸਨੂੰ ਜ਼ਬਰਦਸਤੀ ਲਿਜਾਣ ਲਈ ਆਉਂਦਾ ਹੈ, ਤਾਂ ਉਹ ਇਕ ਦਮ ਹੀ ਉਸ ਨੂੰ ਸੁਚਿਆਰੀ ਸੁਆਣੀ ਵਿਚ ਬਦਲ ਦਿੰਦੀ ਹੈ। ਜਗਤੇ ਦੀ ਬਾਂਹ ਪਕੜ ਕੇ ਉਹ ਇਸ ਖਤਰਨਾਕ ਮੋੜ 'ਤੇ ਉਸੇ ਤੋਂ ਹੀ ਸਹਾਰਾ ਨਹੀਂ ਮੰਗਦੀ ਸਗੋਂ ਉਸਨੂੰ ਸਹਾਰਾ ਦੇਣ ਦਾ ਵੀ ਹੀਆ ਕਰਦੀ ਹੈ। ਇਸ 'ਤੇ ਫੇਰ ਉਹ ਸਾਰੀ ਉਮਰ ਕਾਇਮ ਰਹਿੰਦੀ ਹੈ।

ਭਾਵੇਂ ਖੁਆਰੀ ਤਾਂ ਵਧੇਰੇ ਭਾਗੋ ਨੂੰ ਭੋਗਣੀ ਪੈਂਦੀ ਹੈ ਪਰ ਜੋ ਮਾੜੇ ਭਾਗ ਦਇਆ ਕੌਰ ਦੇ ਹਿੱਸੇ ਆਉਂਦੇ ਹਨ ਉਨ੍ਹਾਂ ਨੂੰ ਚਿਤਰਾਨਾ ਬੜਾ ਕਠਨ ਹੈ। ਆਪਣੇ ਗੁਰਬਤ ਮਾਰੇ ਮਾਪਿਆਂ ਦੀ ਢੋਈ ਬਣਨ ਲਈ ਉਹ ਜਵਾਨੀ ਵਿਚ ਡਾਂਗ ਬਹਾਦਰ ਦੀਆਂ ਗੱਲਾਂ ਵਿਚ ਆ ਕੇ, ਉਧੇੜ ਉਮਰ ਦੇ ਰਾਮ ਰੱਖੇ ਕੋਲ ਵਿਕਣਾ ਮੰਨ ਜਾਂਦੀ ਹੈ। ਬਸ ਫੇਰ ਕੀ ਸੀ, ਉਹ ਸ਼ਾਬਦਿਕ ਤੌਰ 'ਤੇ ਗੰਮ ਸੁੰਮ ਰਹਿਣ ਲੱਗ ਪਈ ਪਰ ਆਪਣੇ ਦੁੱਖ ਸੰਤਾਪ ਨੂੰ ਆਵਾਜ਼ ਦੇਣ ਲਈ ਛਾਇਆ ਦੀ ਬਿਮਾਰ ਹੋਣ ਦਾ ਭਰਮ ਪਾਲਣ ਲੱਗ ਪੈਂਦੀ ਹੈ। ਜਦੋਂ ਉਸ ਵਿਚ ਛਾਇਆ ਆਉਂਦੀ ਹੈ ਤਾਂ ਜ਼ੋਰ ਜ਼ੋਰ ਨਾਲ ਸਿਰ ਘੁਮਾਉਣ, ਰਾਮ ਰੱਖੇ ਨੂੰ ਤਰਲੇ ਮਿੰਨਤਾਂ ਕਰਨ ਅਤੇ ਆਪਣੀ ਸੱਸ ਦੀਆਂ ਮੁਸ਼ਕਾਂ ਬੰਨ੍ਹਣ 'ਤੇ ਜ਼ਿੱਦ ਕਰਦੀ ਹੈ। ਉਨ੍ਹਾਂ ਨੂੰ ਉਸਦੀਆਂ ਸਾਰੀਆਂ ਸ਼ਰਤਾਂ ਮੰਨਣੀਆਂ ਪੈਂਦੀਆਂ ਹਨ ਜਿਨ੍ਹਾਂ ਦੀ ਚਰਚਾ ਪਿੰਡ ਵਿਚ ਦੰਦਕਥਾ ਬਣ ਜਾਂਦੀ ਹੈ। ਇਸਦਾ ਮੁੱਖ ਕਾਰਨ ਉਸਦੀ ਕਾਮ-ਕ੍ਰੀੜਾ ਦਾ ਅਤ੍ਰਿਪਤ ਰਹਿ ਜਾਣਾ ਹੈ ਜਿਸਦੇ ਪ੍ਰਗਟਾਅ ਦਾ ਮਾਧਿਅਮ ਉਹ ਆਤੰਕ ਹੀ ਹੈ ਜੋ ਉਹ ਆਪਣੇ ਖਾਵੰਦ ਅਤੇ ਸੱਸ 'ਤੇ ਢਾਹੁੰਦੀ ਹੈ। ਸਾਧਾਂ ਸੰਤਾਂ ਦੇ ਡੇਰਿਆਂ 'ਤੇ ਜਾਣ ਨਾਲ ਵੀ ਉਸ ਨੂੰ ਕੁਝ ਤ੍ਰਿਪਤੀ ਮਿਲਦੀ ਹੈ। ਕੀ ਇਸਦੀ ਅਸਲ ਤ੍ਰਿਪਤੀ ਲਈ ਉਹ ਕਿਸੇ ਵਿਭਚਾਰ ਵਿਚ ਪੈਣਾ ਲੋੜਦੀ ਸੀ ਇਸ ਦਾ ਸੰਕੇਤ ਨਾਵਲ ਦੇ ਪਾਠ ਤੋਂ ਪ੍ਰਾਪਤ ਨਹੀਂ। ਇਸਦਾ ਉਪ-ਪਾਠ ਵੈਸੇ ਵਿਭਚਾਰ ਨੂੰ ਤ੍ਰਿਪਤੀ ਦਾ ਸਾਧਨ ਦਰਸਾਉਂਦਾ ਹੈ ਜਿਸ ਵੱਲੋਂ ਨਾਵਲਕਾਰ ਕੁਝ ਵਧੇਰੇ ਹੀ ਬੇਨਿਆਜ਼ੀ ਅਖ਼ਤਿਆਰ ਕਰਦਾ ਹੈ।

ਵੈਸੇ ਇਹ ਉਸਦੀ ਪੱਕੀ ਧਾਰਨਾ ਹੈ ਕਿ ਜਦੋਂ ਵੀ ਕਿਸੇ ਵਿਆਹੁਤਾ ਔਰਤ ਜਾਂ ਕੰਵਾਰੀ ਕੁੜੀ ਨੂੰ ਪਰਛਾਵੇਂ ਦੀ ਕਸਰ ਹੁੰਦੀ ਹੈ ਤਾਂ ਕਾਰਨ ਇਸਦਾ ਕਾਮ-ਕ੍ਰੀੜਾ ਵਿਚ ਪਿਆ ਕੋਈ ਵਿਘਨ ਹੀ ਹੈ। ਜਾਂ ਤਾਂ ਖਾਵੰਦ ਤੋਂ ਇਸਦੀ ਤ੍ਰਿਪਤੀ ਨਹੀਂ ਹੋ ਰਹੀ ਹੁੰਦੀ ਅਤੇ ਜਾਂ ਵਿਆਹ ਦਾ ਕੋਈ ਢਾਂਸ ਨਹੀਂ ਬਣ ਰਿਹਾ ਹੁੰਦਾ। ਜਿੱਥੇ ਪਹਿਲੀ ਗੱਲ ਦਾ ਸਬੂਤ ਦਇਆ ਕੌਰ ਤੋਂ ਮਿਲ ਜਾਂਦਾ ਹੈ ਉਥੇ ਦੂਜੀ ਦਾ ਪ੍ਰਮਾਣ ਬਿਸ਼ਨੇ ਦੀ ਜੁਆਨ-ਜਹਾਨ ਧੀ ਦੀਪੋ ਤੋਂ ਪ੍ਰਤੱਖ ਹੋ ਜਾਂਦਾ ਹੈ। ਬਿਸ਼ਨੇ ਦੇ ਘਰ ਦੀ ਤਾਣੀ ਬੁਰੀ ਤਰ੍ਹਾਂ ਉਲਝੀ ਹੋਣ ਕਾਰਨ, ਉਸਦੀ ਧੀ ਦੇ ਵਿਆਹ ਦੀ ਕੋਈ ਆਸ ਨਜ਼ਰ ਨਹੀਂ ਆਉਂਦੀ। ਉਸਦੀ ਨਿਰਾਸ਼ਾ ਇਸੇ ਕਸਰ ਰਾਹੀਂ ਪ੍ਰਗਟ ਹੋਣ ਲੱਗ ਪੈਂਦੀ ਹੈ। ਜਦੋਂ ਇਹ ਉਸ 'ਤੇ ਵਾਰਿਦ ਹੁੰਦੀ ਹੈ ਤਾਂ ਉਸਦੀਆਂ ਅੱਖਾਂ ਲਾਲ ਸੁਰਖ ਹੋ ਜਾਂਦੀਆਂ ਹਨ ਅਤੇ ਹੰਝੂ ਧਰਾਲੀਂ ਵਗਣ ਲੱਗ ਪੈਂਦੇ ਹਨ। ਕੋਈ ਉਪਾਅ, ਧੂਫ ਧਾਫ ਕਾਰਗਰ ਸਿੱਧ ਨਹੀਂ ਹੁੰਦੇ ਅਤੇ ਖੁਸ਼ੀਏ ਚਮਾਰ ਦੀ ਇਸ ਸਲਾਹ 'ਤੇ ਅਮਲ ਜ਼ਰੂਰੀ ਹੋ ਜਾਂਦਾ ਹੈ ਕਿ ਬਹੁਤੇ ਵਹਿਮਾਂ ਵਿਚ ਪੈਣ ਦੀ ਲੋੜ ਨਹੀਂ, ਬਸ ਕੁੜੀ ਦੀ ਸ਼ਾਦੀ ਕਰ ਦੇਣੀ ਚਾਹੀਦੀ ਹੈ। ਨੀਵੀਂ ਜਾਤ ਦੇ ਬੰਦੇ ਵੱਲੋਂ ਇਹ ਸਲਾਹ ਆਵੇ, ਇਸ ਨੂੰ ਚਿਤਾਰ ਕੇ ਇਕ ਵਾਰ ਤਾਂ ਬਿਸ਼ਨਾ ਤੈਸ਼ ਵਿਚ ਆ ਜਾਂਦਾ ਹੈ। ਜਦੋਂ ਉਸ ਨੂੰ ਯਕੀਨ ਹੋ ਜਾਂਦਾ ਹੈ ਕਿ ਇਹ ਸਲਾਹ ਬੜੀ ਨੇਕ ਨੀਅਤ ਨਾਲ ਦਿੱਤੀ ਗਈ ਹੈ ਤਾਂ ਉਹ ਉਸ 'ਤੇ ਅਮਲ ਕਰਨ ਦੀ ਠਾਣ ਲੈਂਦਾ ਹੈ। ਅਮਲ ਕਰਨ ਦੀ ਦੇਰ ਨਹੀਂ ਕਿ ਕੁੜੀ ਨੌਂ ਬਰ ਨੌਂ ਹੋ ਜਾਂਦੀ ਹੈ।

ਏਥੇ ਦੇਖਣ ਵਾਲੀ ਗੱਲ ਇਹ ਹੈ ਕਿ ਕੇਵਲ ਜੱਟ ਸਿੱਖ ਅਤੇ ਹਿੰਦੂ ਪਰਿਵਾਰਾਂ ਦੀਆਂ



ਔਰਤਾਂ ਨੂੰ ਹੀ ਛਾਇਆ ਦੀ ਬਿਮਾਰੀ ਹੁੰਦੀ ਹੈ। ਮੁਸਲਮਾਨ ਔਰਤਾਂ ਇਸ ਤੋਂ ਮੁਕਤ ਦਿਖਾਈਆਂ ਗਈਆਂ ਹਨ ਭਾਵੇਂ ਇਸਦੇ ਇਲਾਜ ਲਈ ਉਨ੍ਹਾਂ ਕੋਲ ਦੱਸਣ ਨੂੰ ਕਾਫ਼ੀ ਕੁਝ ਹੁੰਦਾ ਹੈ। ਇਸਦੀ ਸਭ ਤੋਂ ਵਧੇਰੇ ਰੌਂਗਟੇ ਖੜ੍ਹੇ ਕਰ ਦੇਣ ਵਾਲੀ ਮਿਸਾਲ ਵੀਰੋ ਤੋਂ ਮਿਲ ਜਾਂਦੀ ਹੈ ਜਿਸਦਾ ਸ਼ੇਰ ਮੁਹੰਮਦ ਨਾਲ ਅੰਤਾਂ ਦਾ ਇਸ਼ਕ ਹੈ। ਉਹ ਦਰਸ਼ਨੀ ਜਵਾਨ ਹੈ ਅਤੇ ਨਿਧੜਕ ਹੋ ਕੇ ਆਪਣੀ ਮਾਸ਼ੂਕ ਦੇ ਘਰ ਜਾ ਵੜਦਾ ਹੈ। ਵੀਰੋ ਦੇ ਜੇਠ ਅਤੇ ਖਾਵੰਦ ਦੀ ਉਸਨੂੰ ਰਤਾ ਭਰ ਕੋਈ ਪ੍ਰਵਾਹ ਨਹੀਂ। ਜਦੋਂ ਉਹ ਉਸ 'ਤੇ ਹੱਥ ਚੁੱਕਦੇ ਹਨ ਤਾਂ ਸ਼ੇਰ ਮੁਹੰਮਦ ਉਨ੍ਹਾਂ ਨੂੰ ਅੱਖਾਂ ਦਿਖਾਉਣ ਤੋਂ ਸੰਕੋਚ ਨਹੀਂ ਕਰਦਾ। "ਮੈਂ ਸਿਰ ਭੜਾ-ਭੜਾ ਕੇ ਮਾਰ ਦੂੰ ਥੋਨੂੰ ਦੋਹਾਂ ਨੂੰ ਜੇ ਮੁੜ ਕੇ ਵੀਰੋ 'ਤੇ ਹੱਥ ਚੁੱਕਿਆ।" ਅਜਿਹਾ ਇਕੋ ਡਰਾਵਾ ਉਨ੍ਹਾਂ ਨੂੰ ਚੁੱਪ ਕਰਾਉਣ ਲਈ ਕਾਫ਼ੀ ਹੈ।

ਉਹ ਵੀ ਸ਼ੇਰ ਦੀ ਬੱਚੀ ਰਤਾ ਪ੍ਰਵਾਹ ਨਹੀਂ ਕਰਦੀ। ਜਦੋਂ ਉਹ ਕੈਦ ਵਿਚ ਹੈ ਤਾਂ ਉਹ ਖੁੱਲ੍ਹਮ ਖੁੱਲ੍ਹਾ ਉਸ ਨਾਲ ਮੁਲਾਕਾਤ ਕਰਨ ਜਾਂਦੀ ਹੈ। ਜਦੋਂ ਉਹ ਬਰੀ ਹੋ ਕੇ ਪਿੰਡ ਪਹੁੰਚਦਾ ਹੈ ਤਾਂ ਉਹ ਜਿਵੇਂ ਆਪਣੇ ਆਪ ਵਿਚ ਸਮਾ ਹੀ ਨਹੀਂ ਸਕਦੀ। ਉਹ ਵਿਆਹੁਲੀ ਵਾਂਗ ਸਜ ਧਜ ਕੇ ਰਹਿਣ ਲੱਗ ਜਾਂਦੀ ਹੈ। ਆਪਣੇ ਜੇਠ ਅਤੇ ਖਾਵੰਦ ਦਾ ਇਹ ਤਾਹਨਾ ਕਿ ਉਹ ਯਾਰ ਹੰਢਾਉਣ ਲੱਗੀ ਨਿਆਣਿਆਂ ਦੀ ਹੀ ਸ਼ਰਮ ਕਰ ਲਿਆ ਕਰੇ, ਦਾ ਜਵਾਬ ਉਹ ਇਹ ਦਿੰਦੀ ਹੈ ਕਿ ਸ਼ਰਮ ਵਾਲੀ ਕੋਈ ਗੱਲ ਨਹੀਂ ਕਿਉਂ ਜੋ ਨਿਆਣੇ ਉਸ ਦੇ ਆਸ਼ਕ ਦੀ ਹੀ ਉਲਾਦ ਹਨ। ਇਹ ਉਸਦੇ ਮੂੰਹ-ਫੱਟ ਹੋਣ ਦੀ ਚਰਮ ਸੀਮਾ ਹੈ ਜਿਸਨੂੰ ਅਨੁਭਵ ਵਿਚ ਢਾਲ ਕੇ ਉਹ ਕਿਸੇ ਛਾਇਆ ਨੂੰ ਭੋਗਣ, ਭਰਮ ਨੂੰ ਪਾਲਣ ਦੀ ਲੋੜ ਮਹਿਸੂਸ ਨਹੀਂ ਕਰਦੀ।

ਵੱਖੋ ਵੱਖਰੇ ਧਰਮਾਂ, ਵਰਗਾਂ, ਪਿਛੋਕੜਾਂ ਅਤੇ ਨੀਅਤਾਂ ਨੂੰ ਪ੍ਰਸਤੁਤ ਕਰਦੇ ਇਹ ਔਰਤ ਮਰਦ ਢਾਹੇ ਵਿਚ ਵਸੇ ਇਕੋ ਪਿੰਡ ਦੇ ਵਾਸੀ ਹਨ। ਇਸਦੇ ਬਾਵਜੂਦ ਉਨ੍ਹਾਂ ਦਾ ਵਸੇਵਾ ਸਿਰਫ਼ ਇਸ ਪਿੰਡ ਤਕ ਸੀਮਤ ਨਹੀਂ। ਕਈ ਤਰ੍ਹਾਂ ਨਾਲ ਉਨ੍ਹਾਂ ਦੀਆਂ ਤੰਦਾਂ ਉਦਾਲੇ ਦੇ ਪਿੰਡਾਂ ਅਤੇ ਇਲਾਕਿਆਂ ਤਕ ਫੈਲੀਆਂ ਹੋਈਆਂ ਹਨ। ਮਿਸਾਲ ਦੇ ਤੌਰ 'ਤੇ ਨਾਲ ਦੇ ਪਿੰਡਾਂ ਵਿਚ ਉਨ੍ਹਾਂ ਦੇ ਜਾਣੂ ਹਨ ਜਿਨ੍ਹਾਂ ਨੂੰ ਉਹ ਵੇਲੇ ਕੁਵੇਲੇ ਮਿਲਦੇ ਹਨ। ਵਾਸਤਵ ਵਿਚ ਇਹ ਗੱਲ ਜ਼ਿਆਦਾ ਮਰਦਾਂ 'ਤੇ ਢੁਕਦੀ ਹੈ ਜੋ ਗੌਣਾਂ ਜਲਸਿਆਂ ਆਦਿ 'ਤੇ ਜਾਂਦੇ ਹਨ। ਇਹੋ ਜਿਹੇ ਗੌਣ ਤੋਂ ਵਾਪਸ ਆਉਣ ਵੇਲੇ ਚਿੰਤੋ ਦੇ ਫੌਜੀ ਪੁੱਤ ਭਾਗੇ ਦਾ ਕਤਲ ਹੁੰਦਾ ਹੈ। ਉਸਦਾ ਬਦਲਾ ਲੈਣ ਲਈ ਚਿੰਤੋ ਦਾ ਦੂਜਾ ਪੁੱਤ ਸਾਧੂ ਸਿੰਘ, ਬਿਸ਼ਨਾ ਅਤੇ ਉਸਦੀ ਢਾਣੀ ਦੇ ਹੋਰ ਬੰਦੇ ਰਲਕੇ ਪਿੰਡ ਦੇ ਦੋ ਚੋਬਰਾਂ ਰੁਲਦੇ ਅਤੇ ਜੀਂਦੂ ਨੂੰ ਮਾਰ ਮੁਕਾਉਂਦੇ ਹਨ। ਇਸ ਨਾਲ ਉਨ੍ਹਾਂ ਦੇ ਵਰਤਾਰੇ ਵਿਚ ਕੁੜੱਤਣ ਫੈਲ ਜਾਂਦੀ ਹੈ ਜਿਸ ਨਾਲ ਪਹਿਲਾਂ ਤੋਂ ਚਲੀ ਆ ਰਹੀ ਜ਼ਿੰਦਗੀ ਵਿਚ ਹਰ ਤਰ੍ਹਾਂ ਦੀਆਂ ਔਕੜਾਂ ਖੜ੍ਹੀਆਂ ਹੋ ਜਾਂਦੀਆਂ ਹਨ।

ਪਹਿਲਾਂ ਤੋਂ ਆ ਰਹੀ ਜ਼ਿੰਦਗੀ ਵਿਚ ਔੜ, ਕਿੱਲਤ, ਗੁਰਬਤ ਅਤੇ ਅਣਪੜ੍ਹਤਾ ਪੂਰੀ ਤਰ੍ਹਾਂ ਸਮਾਈ ਹੋਈ ਹੈ ਪਰ ਫੇਰ ਵੀ ਪਿੰਡ ਵਾਸੀਆਂ ਨੂੰ ਇਉਂ ਮਹਿਸੂਸ ਨਹੀਂ ਹੁੰਦਾ ਜਿਵੇਂ ਉਹ ਮੂਲੋਂ ਹੀ ਉਖੜੇ ਹੋਣ ਅਤੇ ਜਿਊਣ ਦਾ ਕੋਈ ਅਰਥ ਨਾ ਰਹਿ ਗਿਆ ਹੋਵੇ। ਉਹ ਜਿਉਂ ਰਹੇ ਹਨ ਭਾਵੇਂ ਕਦੇ ਪਲੇਗ ਫੈਲ ਜਾਂਦੀ ਹੈ ਅਤੇ ਕਦੀ ਕੋਈ ਵਿਪਤਾ ਆ ਖੜ੍ਹੀ ਹੁੰਦੀ ਹੈ। ਮੌਸਮਾਂ ਅਨੁਸਾਰ ਚੜ੍ਹਦੀ ਲਹਿੰਦੀ, ਫਸਲਾਂ ਅਨੁਸਾਰ ਬਦਲਦੀ ਉਨ੍ਹਾਂ ਦੀ ਜ਼ਿੰਦਗੀ ਵਿਚ ਇਕਸਾਰਤਾ ਹੈ ਜਿਸਨੂੰ ਨਾਵਲ ਦੇ ਪਹਿਲੇ ਭਾਗ 'ਮੂਰਤਾਂ ਰੰਗ ਬਰੰਗੀਆਂ' ਵਿਚ ਉਭਾਰਨ ਦਾ ਭਰਪੂਰ ਯਤਨ ਹੋਇਆ ਹੈ। ਇਸ ਭਾਗ ਵਿਚ ਪੇਸ਼ ਸਾਰੇ ਔਰਤਾਂ ਮਰਦ ਮੂਰਤਾਂ ਵਾਂਗ ਹਨ। ਕੁਝ ਦੇ ਰੰਗ ਗੂੜ੍ਹੇ ਹਨ ਜਿਨ੍ਹਾਂ ਵਿਚ ਬਿਸ਼ਨਾ, ਡਾਂਗ ਬਹਾਦਰ, ਅਮਲੀ ਰਾਮ ਬਖ਼ਸ਼, ਨਾਹਰ ਸਿੰਘ ਨਿਧੜਕ ਅਤੇ ਸ਼ੇਰ ਮੁਹੰਮਦ ਆਦਿ ਗਿਣੇ ਜਾ ਸਕਦੇ ਹਨ। ਇਹੋ ਜਹੇ ਗੂੜ੍ਹੇ ਰੰਗ ਵਿਚ ਚਿਤਰੀਆਂ ਔਰਤਾਂ ਵੀ ਹਨ ਜਿਨ੍ਹਾਂ ਵਿਚ ਚਿੰਤੋ ਅਤੇ ਉਸ ਦੀ ਸਹੇਲੀ ਹਰਨਾਮੀ ਆ ਸ਼ੁਮਾਰ ਹੁੰਦੀਆਂ ਹਨ। ਦੂਜਿਆਂ ਵਿਚ ਬਹੁਤੇ ਔਰਤਾਂ ਮਰਦ ਘਸਮੈਲੇ ਰੰਗ ਦੇ ਹਨ, ਜਿਸ ਕਰਕੇ ਉਨ੍ਹਾਂ ਦਾ ਕਰਤੱਵ ਐਨਾ ਆਪਣੇ ਆਪ ਨੂੰ ਉਜਾਗਰ ਕਰਨਾ ਨਹੀਂ ਜਿੰਨਾ ਇਹਨਾਂ ਗੂੜ੍ਹੇ ਰੰਗ ਵਿਚ ਚਿਤਰੇ ਔਰਤਾਂ ਮਰਦਾਂ ਦੇ ਦੁੱਖਾਂ ਸੁੱਖਾਂ ਨੂੰ ਅਲਪ-ਧੁਨੀਆਂ ਪ੍ਰਦਾਨ ਕਰਨਾ

ਹੈ। ਨਤੀਜਾ ਇਹ ਹੁੰਦਾ ਹੈ ਕਿ ਪਿੰਡ ਹੀ ਇਸ ਭਾਗ ਦਾ ਮਹਾਂ ਕਿਰਦਾਰ ਹੋ ਨਿਬੜਦਾ ਹੈ । ਇਹ ਵੀਹਵੀਂ ਸਦੀ ਦੇ ਪਹਿਲੇ ਦੋ ਦਹਾਕਿਆਂ ਦੀ ਤਸਵੀਹ ਹੈ, ਜੋ ਇਸ ਪਿੰਡ ਦੀ ਅਤੇ ਇਸ ਰਾਹੀਂ ਢਾਹੇ ਦੇ ਪੇਂਡੂ ਜੀਵਨ ਦੀ ਖ਼ਾਸ ਕਰਕੇ ਅਤੇ ਪੰਜਾਬ ਦੇ ਪੇਂਡੂ ਜੀਵਨ ਦੀ ਆਮ ਕਰਕੇ ਇਸ ਭਾਗ ਤੋਂ ਨੁਮਾਇਆਂ ਹੋ ਜਾਂਦੀ ਹੈ ।

ਦੂਜਾ ਭਾਗ 'ਟੇਢੇ ਰਾਹਾਂ ਦੀ ਦਾਸਤਾਨ' ਅਗਲੇ ਡੇਢ ਕੁ ਦਹਾਕੇ ਦੇ ਇਸ ਪਿੰਡ ਦੇ ਜੀਵਨ ਨੂੰ ਚਿੱਤਰਦਾ ਹੈ । ਜਿਵੇਂ ਕਿ ਸਿਰਲੇਖ ਤੋਂ ਹੀ ਸਪਸ਼ਟ ਹੋ ਜਾਂਦਾ ਹੈ, ਹੁਣ ਇਸ ਜੀਵਨ ਵਿਚ ਇਕਸਾਰਤਾ ਭੰਗ ਹੋ ਗਈ ਹੈ । ਕਿੰਨੀਆਂ ਤ੍ਰੇੜਾਂ, ਵਿਰਲਾਂ ਅਤੇ ਟੇਢੀਆਂ ਮੇਢੀਆਂ ਝਰੀਆਂ ਹਨ, ਜੋ ਇਸਦੀ ਤਸਵੀਰ ਵਿਚ ਘਰ ਕਰ ਗਈਆਂ ਹਨ । ਕਿੰਨੀਆਂ ਖਹਿਬਾਜ਼ੀਆਂ ਹਨ ਜੋ ਵੱਖੋ ਵੱਖਰੇ ਫ਼ਿਰਕਿਆਂ ਦੇ ਸਮਰਥਕਾਂ ਵਿਚਕਾਰ ਪੈਦਾ ਹੋ ਗਈਆਂ ਹਨ । ਪੰਚਮ ਦਾਸ ਦਾ ਡੇਰਾ ਹੀ ਝਮੇਲਾ ਬਣ ਜਾਂਦਾ ਹੈ ਜਿਸਦਾ ਮਹੰਤ ਰਾਮ ਜੀ ਦਾਸ ਨੂੰ ਕੁਰਲਾ ਕੁਰਲਾ ਕੇ ਵਾਸਤਾ ਪਾਉਣਾ ਪੈਂਦਾ ਹੈ । ਅਕਾਲੀ ਸਿੰਘ ਜੋ ਗੁਰਦਵਾਰਿਆਂ ਦੇ ਸੁਧਾਰ ਲਈ ਜੂਝ ਰਹੇ ਸਨ ਅਤੇ ਪਿੰਡੋ ਪਿੰਡ ਜਾਕੇ ਜੱਥੇ ਤਿਆਰ ਕਰ ਰਹੇ ਸਨ, ਪਿੰਡ ਵਿਚ ਦਿਵਾਨ ਲਗਾਉਣ ਲੱਗ ਪੈਂਦੇ ਹਨ । ਇਨ੍ਹਾਂ ਵਿਚ ਮਹੰਤ ਰਾਮ ਜੀ ਦਾਸ ਵਰਗਿਆਂ ਦੀ ਜੋ ਰਵਾਇਤੀ ਮਾਨਤਾ ਬਣੀ ਹੋਈ ਸੀ, ਉਸਦੀ ਭਰਪੂਰ ਨਿਖੇਧੀ ਹੁੰਦੀ ਹੈ। ਕੁਰਬਾਨੀ ਦੇ ਜਜ਼ਬੇ ਦੀ ਵਕਾਲਤ ਦੇ ਬਾਵਜੂਦ ਇਸ ਨਾਲ ਪਿੰਡ ਵਾਸੀ ਸਾਂਝ ਤੋਂ ਹਟ ਕੇ ਵਖਰੇਵੇਂ ਪ੍ਰਤੀ ਹੁੰਗਾਰਾ ਭਰਨ ਲੱਗ ਪੈਂਦੇ ਹਨ । ਪਿੰਡ ਵਿਚ ਡਾਕੇ ਦੀ ਵਾਰਦਾਤ ਵੀ ਵਾਪਰ ਜਾਂਦੀ ਹੈ ਜੋ ਇਕ ਵਾਰੀ ਤਾਂ ਦਹਿਲਾ ਦੇਣ ਵਾਲੀ ਹੈ । ਇਹ ਵਾਰਦਾਤ ਪਿੰਡ ਦੇ ਹਟਵਾਣੀਏ ਲਾਲਾ ਦੁਰਗਾ ਦਾਸ ਦੇ ਘਰ ਅਤੇ ਦੁਕਾਨ ਨੂੰ ਲੁੱਟਣ ਦੀ ਹੈ ਜਿਸਨੂੰ ਟਾਲਣ ਲਈ ਉਸਦੇ ਮਿੰਨਤਾਂ ਤਰਲੇ ਕੁਝ ਨਹੀਂ ਸਾਰ ਕਰਦੇ । ਵਖਰੇਵੇਂ ਦੇ ਜਜ਼ਬੇ ਵਸ ਜਾਂ ਬੁਜ਼ਦਿਲੀ ਕਾਰਨ ਕੋਈ ਵੀ ਉਸਦੀ ਮਦਦ ਨੂੰ ਕੁੱਦ ਕੇ ਨਹੀਂ ਪਹੁੰਚਦਾ। ਜੋ ਪਹੁੰਚਦੇ ਹਨ, ਰਫਲ ਦੇ ਇਕੋ ਫਾਇਰ ਨਾਲ ਕੰਧਾਂ ਕਾਉਲਿਆਂ ਉਹਲੇ ਛਹਿ ਜਾਂਦੇ ਹਨ । ਤਫਤੀਸ਼ ਤੋਂ ਮਗਰੋਂ ਡਕੈਤਾਂ ਦਾ ਖੁਰਾ ਖੋਜ ਤਾਂ ਮਿਲ ਜਾਂਦਾ ਹੈ ਪਰ ਇਸ ਨਾਲ ਪਿੰਡ ਦੇ ਵਰਤਾਰੇ ਵਿਚ ਜੋ ਦਹਿਲ ਆ ਸਮਾਉਂਦਾ ਹੈ ਉਹ ਲੋਪ ਨਹੀਂ ਹੁੰਦਾ ।

ਵਰਤਾਰੇ ਦੇ ਅੰਤਰਗਤ ਜੋ ਟੇਢ ਮੇਢ ਅਤੇ ਵਿਗਾੜ ਵਾਪਰਦੇ ਹਨ ਉਨ੍ਹਾਂ ਦਾ ਬੇਚੈਨ ਕਰ ਦੇਣ ਵਾਲਾ ਅਹਿਸਾਸ ਦਇਆ ਕੌਰ ਦੇ ਉਧਾਲੇ ਤੋਂ ਮਿਲ ਜਾਂਦਾ ਹੈ । ਉਸਦੇ ਉਧਾਲੇ ਵਿਚ ਵੀ ਡਾਂਗ ਬਹਾਦਰ ਦਾ ਪੂਰਾ ਦਖ਼ਲ ਹੈ ਜਿਸ ਤੋਂ ਭਲੀਭਾਂਤ ਹੀ ਇਹ ਸਿੱਧ ਹੋ ਜਾਂਦਾ ਹੈ ਕਿ ਉਸਨੂੰ ਡੈਣ ਵਾਂਗ ਸੱਤ ਘਰ ਛੱਡਣ ਦੀ ਕੋਈ ਮਜਬੂਰੀ ਨਹੀਂ । ਜਿਹੜੇ ਪਿੰਡ ਦੀ ਉਸਦੀ ਸਕੀ ਭੈਣ ਚਿੰਤੋ ਨੂੰਹ ਹੈ ਉਸ ਵਿਚੋਂ ਔਰਤ ਨੂੰ ਉਧਾਲਣ ਵਿਚ ਉਸਨੂੰ ਰਤਾ ਭਰ ਵੀ ਕੋਈ ਸੰਕੋਚ ਨਹੀਂ । ਆਂਢੀਆਂ ਗੁਆਂਢੀਆਂ ਦੀਆਂ ਬਹੂ-ਬੇਟੀਆਂ ਨਾਲ ਛੇੜਖਾਨੀ ਵੀ ਹੁਣ ਕਿਤੇ ਜ਼ਿਆਦਾ ਹੋ ਜਾਂਦੀ ਹੈ । ਘਰਾਂ ਅੱਗਿਓਂ ਲੰਘਦਿਆਂ ਲਲਕਾਰੇ ਵੱਜਦੇ ਹਨ, ਦਰਾਂ 'ਤੇ ਕੋਈ ਨਿਸ਼ਾਨੀ ਸੁੱਟ ਦਿੱਤੀ ਜਾਂਦੀ ਹੈ ਅਤੇ ਭਾਂਡੇ ਭੰਨ ਦਿੱਤੇ ਜਾਂਦੇ ਹਨ । ਭਰਾ ਵੀ ਇਕ ਦੂਜੇ ਨਾਲ ਸ਼ੱਕ ਦੀ ਨਜ਼ਰ ਨਾਲ ਵੇਖਦੇ ਹਨ । ਮਿਸਾਲ ਵਜੋਂ ਬਿਸ਼ਨੇ ਦਾ ਭਰਾ ਤੇਜਾ ਉਸਨੂੰ ਤਾੜਨਾ ਕਰਦਾ ਹੈ ਕਿ ਉਹ ਉਸਦੀ ਗੁਆਂਢਣ ਨੰਦ ਕੌਰ ਵੱਲ ਲਲਚਾਈਆਂ ਨਜ਼ਰਾਂ ਨਾਲ ਨਾ ਦੇਖੇ । ਉਹਲੇ ਚੋਰੀ ਉਸ ਦੀ ਸੰਗਤ ਕਰਨੀ ਛੱਡ ਦੇਵੇ। ਇਸਦਾ ਅੰਤ ਕਤਲਾਂ ਵਿਚ ਹੁੰਦਾ ਹੈ, ਜਿਸਦਾ ਪਹਿਲਾਂ ਚਿੰਤੋ ਦਾ ਫੌਜੀ ਪੁੱਤ ਭਾਗ ਸਿੰਘ ਸ਼ਿਕਾਰ ਹੁੰਦਾ ਹੈ ਅਤੇ ਫੇਰ ਇਸਦੇ ਬਦਲੇ ਵਜੋਂ ਦੋ ਚੋਬਰ ਵੀ ਮਾਰੇ ਜਾਂਦੇ ਹਨ ।

ਇਨ੍ਹਾਂ ਟੇਢਿਆਂ ਰਾਹਾਂ ਵਿਚ ਭਟਕਣ ਨਾਲ ਨਵੀਂ ਚੇਤਨਾ ਦੇ ਬੀਜ ਵੀ ਬੋਏ ਜਾਂਦੇ ਹਨ। ਜਗਤਾ ਲਾਹੌਰ ਵਿਚ ਆਪਣੇ ਸਾਥੀਆਂ ਦੇ ਮੁਕੱਦਮੇ ਦੀ ਪੈਰਵੀ ਦੌਰਾਨ, ਕਿਸਾਨੀ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਜਾਗਰੂਕ ਹੋ ਜਾਂਦਾ ਹੈ । ਸਰ ਛੋਟੂ ਰਾਮ ਦੇ ਅਖ਼ਬਾਰ ਨੂੰ ਉਹ ਨਿੱਤਨੇਮ ਨਾਲ ਪੜ੍ਹਨਾ ਸ਼ੁਰੂ ਕਰ ਦਿੰਦਾ ਹੈ । ਉਸਨੂੰ ਪਤਾ ਚੱਲਦਾ ਹੈ ਕਿ ਉਹ ਗੁਰਬਤ ਜਿਸ ਥੱਲੇ ਪੇਂਡੂ ਵਰਤਾਰਾ ਤਰਾਹ ਤਰਾਹ ਕਰਦਾ ਆਇਆ ਹੈ, ਕਿਸੇ ਗੈਬੀ ਸ਼ਕਤੀ ਦੀ ਅਲਾਮਤ ਨਹੀਂ । ਇਸਦਾ ਕਾਰਨ ਤਾਂ



ਇਸ ਵਰਤਾਰੇ ਵਿਚ ਹੀ ਨਿਹਿਤ ਹੈ ਅਤੇ ਇਸਨੂੰ ਖ਼ਤਮ ਕਰਨ ਲਈ ਕਿਸੇ ਕਾਰਗਰ ਨੀਤੀ ਦਾ ਸੰਕਲਪ ਲਿਆ ਜਾ ਸਕਦਾ ਹੈ । ਪਿੰਡ ਵਾਪਸ ਆ ਕੇ ਉਹ ਆਪਣੀ ਚੇਤਨਾ ਪਿੰਡਵਾਸੀਆਂ ਨਾਲ ਸਾਂਝੀ ਕਰਨ ਦੀ ਕੋਸ਼ਿਸ਼ ਵੀ ਕਰਦਾ ਹੈ । ਇਹ ਵੱਖਰੀ ਗੱਲ ਹੈ ਕਿ ਉਸਦੇ ਘਰ ਦਾ ਪਰਿਵਾਰਕ ਢਾਂਚਾ, ਪਿਉ ਨਾਲ ਬਰਾਬਰ ਬਣਿਆ ਤਣਾਉ ਅਤੇ ਖਿਝੇ ਰਹਿਣ ਦੀ ਮਜਬੂਰੀ ਉਸਨੂੰ ਵਿਸ਼ੇਸ਼ ਪ੍ਰਾਪਤੀ ਦੇ ਯੋਗ ਨਹੀਂ ਬਣਨ ਦਿੰਦੀ ।

ਸਭ ਕੁਝ ਦੇ ਫਲਸਰੂਪ ਪੇਂਡੂ ਵਰਤਾਰੇ ਵਿਚ ਤਬਦੀਲੀ ਦੀ ਸੰਭਾਵਨਾ ਪ੍ਰਬਲ ਅਤੇ ਪ੍ਰੌਢ ਹੋ ਜਾਂਦੀ ਹੈ । ਇਸੇ ਨੂੰ ਚਿਤਰਣ ਦੀ ਖਾਤਰ ਨਾਵਲ ਦੇ ਤੀਜੇ ਭਾਗ ਦਾ ਨਾਂ 'ਨਵੇਂ ਰਾਹ ਨਵੇਂ ਖੇਤ' ਰੱਖਿਆ ਗਿਆ ਹੈ । ਇਸਦੇ ਕਈ ਤਰ੍ਹਾਂ ਦੇ ਸੰਕੇਤ ਹਨ, ਕਈ ਪ੍ਰਤੀਧੁਨਿਆਂ ਹਨ ਜਿਨ੍ਹਾਂ ਦੀ ਬਦੌਲਤ ਇਹ ਤਬਦੀਲੀ ਸੰਕਲਪਾਤਮਕ ਨਹੀਂ ਬਲਕਿ ਵਾਸਤਵਿਕ ਹੈ । ਮਿਸਾਲ ਦੇ ਤੌਰ 'ਤੇ ਬਿਸ਼ਨੇ ਦੀ ਧੀ ਦੀਪੋ ਜੋ ਛਾਇਆ ਤੋਂ ਪੀੜਤ ਹੈ, ਵਿਆਹ ਤੋਂ ਉਪਰੰਤ ਨੌ ਬਰ ਨੌ ਹੋ ਜਾਂਦੀ ਹੈ । ਜਗਤਾ ਘਰੇਲੂ ਤਣਾਉ ਅਤੇ ਮਾਨਸਿਕ ਖਿਝ ਤੋਂ ਰਾਹਤ ਪਾ ਲੈਂਦਾ ਹੈ ਅਤੇ ਫੌਜ ਵਿਚ ਭਰਤੀ ਹੋ ਕੇ ਆਪਣੀ ਜ਼ਿੰਦਗੀ ਨੂੰ ਨਵੇਂ ਰਾਹ 'ਤੇ ਪਾਉਣ ਦੀ ਆਸ ਕਰਦਾ ਹੈ । ਇਹ ਵੱਖਰੀ ਗੱਲ ਹੈ ਕਿ ਇਸ ਆਸ ਦੇ ਪ੍ਰਫੁੱਲਤ ਹੋਣ ਤੋਂ ਪਹਿਲਾਂ ਉਸਨੂੰ ਬੜੇ ਜੋਖਮ ਵਿਚੋਂ ਲੰਘਣਾ ਪੈਂਦਾ ਹੈ । ਪਹਿਲਾਂ ਤਾਂ ਭਾਗੋ ਨੂੰ ਲੈ ਕੇ ਉਹ ਦਰ ਦਰ ਭਟਕਦਾ ਹੈ, ਅਣਜਾਣ ਲੋਕਾਂ ਦੀ ਸ਼ਰਨ ਢੂੰਡਦਾ ਹੈ ਅਤੇ ਕੁਝ ਆਪਣੀ ਅਣਗਹਿਲੀ ਅਤੇ ਕੁਝ ਉਸਦੀ ਕਚਿਆਈ ਕਾਰਨ ਭਾਗੋ ਨੂੰ ਗੁਆ ਬੈਠਦਾ ਹੈ । ਉਧਾਲੇ ਦਾ ਉਹ ਅਮਲ ਜੋ ਦੂਜੇ ਭਾਗ ਵਿਚ ਸਿਰ ਚੜ੍ਹ ਬੋਲਦਾ ਹੈ, ਏਥੇ ਵੀ ਆ ਪ੍ਰਗਟ ਹੁੰਦਾ ਹੈ । ਸੰਤੋਖ ਵਾਲੀ ਗੱਲ ਇਹ ਹੈ ਕਿ ਉਨ੍ਹਾਂ ਦਾ ਆਖ਼ਰ ਮੇਲ ਹੋ ਜਾਂਦਾ ਹੈ, ਘਰੇਲੂ ਜੀਵਨ ਪੱਕੇ ਪੈਰੀਂ ਚੱਲਣ ਲੱਗ ਪੈਂਦਾ ਹੈ, ਜੀਵਨ ਪੈਂਡਾ ਸੁਖਦਾਇਕ ਹੋ ਜਾਂਦਾ ਹੈ, ਜੋ ਸਦੀ ਦੇ ਅੰਤ ਤਕ ਕਾਇਮ ਹੈ ।

ਨਾਲ ਹੀ ਪਰ ਦੇਸ਼ ਦੀ ਵੰਡ ਹੋ ਜਾਂਦੀ ਹੈ । ਪਿੰਡ ਦੇ ਤੇਲੀ, ਭਰਾਈਂ, ਗੁੱਜਰ ਆਦਿ ਮੁਸਲਮਾਨੀ ਪਰਿਵਾਰ ਪਾਕਿਸਤਾਨ ਨੂੰ ਚਾਲੇ ਪਾ ਦਿੰਦੇ ਹਨ । ਜਿਵੇਂ ਹੁਣ ਤਕ ਅਮਨ ਅਮਾਨ ਨਾਲ ਸਭ ਪੇਂਡੂ ਵਾਸੀ ਰਹਿੰਦੇ ਆਏ ਸਨ, ਉਸ ਤੌਰ-ਏ-ਜ਼ਿੰਦਗੀ ਵਿਚ ਵਿਘਨ ਪੈ ਜਾਂਦਾ ਹੈ । ਵਿਘਨ ਹੀ ਨਹੀਂ ਦੁਫਾੜ ਪੈ ਜਾਂਦੀ ਹੈ ਜਿਸ ਨੂੰ ਚਿਤਾਰਦਾ ਪਿੰਡ ਦਾ ਲਟਬੌਰਾ ਸਾਈਂ ਫਕੀਰ ਇਉਂ ਵਿਆਕੁਲ ਅਤੇ ਕੁੰਠਿਤ ਮਹਿਸੂਸ ਕਰਦਾ ਹੈ :

> ਇਹਨਾਂ ਗੰਡਾਸਿਆਂ, ਭਾਲਿਆਂ ਅਤੇ ਗਹਿਰੀਆਂ ਅੱਖਾਂ ਦਾ ਕੀ ਇਲਾਜ ਬਣਾਵੇ? ਉਸਨੂ ਘੂਰਕ ਰਹੇ ਬੰਦਿਆਂ ਨੂੰ ਕਿਵੇਂ ਸਮਝਾਵੇ ? ਬਰਛੇ-ਗੰਡਾਸੇ ਨਾਲੋਂ ਫਾਲ਼ਾ ਸਦਾ ਹੀ ਭਾਰੀ ਹੁੰਦੈ। ਪਰ ਮਾੜੇ ਮਿਸਤਰੀ ਨੂੰ ਇਹ ਕਿਵੇਂ ਦੱਸੇ? ਅੱਜ ਤੱਪੜ ਪੁੱਟਣ ਦਾ ਮੌਸਮ ਹੈ । ਅਕਾਸ਼ੋਂ ਬਰਸਦੇ ਅੰਮ੍ਰਿਤ ਨੂੰ ਸੰਭਾਲਣ ਦੀ ਰੁੱਤ ਹੈ ਏਹ ।

ਖੈਰ ਇਹ ਪਰਲੋ ਵੀ ਲੰਘ ਜਾਂਦੀ ਹੈ। ਨਵੇਂ ਰਾਹਾਂ ਦੇ ਨੁਮਾਇਆਂ ਹੋ ਜਾਣ ਨਾਲ ਖੇਤਾਂ ਦਾ ਰੂਪ ਵੀ ਨਿੱਖਰ ਆਉਂਦਾ ਹੈ । ਬੱਚਿਆਂ ਲਈ ਪੜ੍ਹਾਈ ਦਾ ਪ੍ਰਬੰਧ ਹੋ ਜਾਂਦਾ ਹੈ । ਨਵੀਂ ਪੁਸ਼ਤ ਪੇਂਡੂ ਵਰਤਾਰੇ ਤੋਂ ਅਗਾਂਹ ਸ਼ਹਿਰ ਅਤੇ ਬਿਦੇਸ਼ ਬਾਰੇ ਸੋਚਣ ਲੱਗ ਪੈਂਦੀ ਹੈ । ਇਉਂ 'ਖੇੜੇ ਸੁੱਖ ਵਿਹੜੇ ਸੁੱਖ' ਨਾਵਲ ਦੇ ਨਾਲ ਦਸਤਾਵੇਜ਼ ਬਣਨ ਦਾ ਵੀ ਪ੍ਰਮਾਣ ਦੇਣ ਲੱਗ ਪੈਂਦਾ ਹੈ। ○○

[ਸੰਪਾਦਕ, ਦੇਸ਼ ਸੇਵਕ, ਚੰਡੀਗੜ੍ਹ]

# ਫ਼ਲਸਤੀਨੀ ਸਫ਼ਰਨਾਮਾ-ਬੁੱਲਡੋਜ਼ਰ ਦੀ ਜੰਗ

## ਕਰਿਸਤਿਆਨ ਸਾਲਮਨ

(ਮਾਰਚ ਮਹੀਨੇ ਦਰਿਆ ਜਾਰਡਨ (ਉਰਦਨ) ਦੇ ਪੱਛਮੀ ਕੰਢੇ (ਫ਼ਲਸਤੀਨੀ ਇਲਾਕੇ) ਵਿਚ ਜ਼ਬਰਦਸਤ ਲੜਾਈ ਹੋ ਰਹੀ ਸੀ । ਲਿਖਾਰੀਆਂ ਦੀ ਅੰਤਰ-ਰਾਸ਼ਟਰੀ ਸੰਸਥਾ ਦਾ ਵਫ਼ਦ ਇਜ਼ਰਾਈਲ ਅਤੇ ਫ਼ਲਸਤੀਨ ਗਿਆ । ਫਰਾਂਸੀਸੀ ਕਰਤਾ ਡੈਲੀਗੇਸ਼ਨ ਵਿਚ ਸ਼ਾਮਲ ਸੀ ਜਿਹੜਾ ਉਥੋਂ ਦੀ ਸਥਿਤੀ ਦਾ ਵਰਨਣ ਕਰ ਰਿਹਾ ਹੈ )

ਭੂਤਪੂਰਬ ਯੋਗੋਸਲਾਵੀਆ ਦੀਆਂ ਜੰਗਾਂ ਵਿਚ ਬਲਕਾਨ ਦੇ ਸ਼ਹਿਰਾਂ ਦੀ ਤਬਾਹੀ ਨੂੰ ਦੱਸਣ ਲਈ ਮਿਮਾਰ ਬੋਗਡਨ ਬੋਗਤਾਨੋਵਿਚ ਨੇ ਸ਼ਬਦ-ਕਾਢ ਕੀਤੀ - 'ਨਗਰ-ਵਿਨਾਸ਼'। ਫ਼ਲਸਤੀਨ ਵਿਚ ਹਿੰਸਾ ਦਾ ਨਿਸ਼ਾਨਾ ਸਾਰੇ ਦਾ ਸਾਰਾ ਭੂਦ੍ਰਿਸ਼ ਹੈ । ਜਿੱਥੋਂ ਤਕ ਨਜ਼ਰ ਜਾਂਦੀ ਹੈ ਤਬਾਹੀ ਦੀ ਛਾਪ ਦਿਸਦੀ ਜਾਂਦੀ ਹੈ : ਢਹੀਆਂ ਇਮਾਰਤਾਂ ਦੇ ਢੇਰ, ਪੱਧਰੀਆਂ ਕੀਤੀਆਂ ਪਹਾੜੀਆਂ ਅਤੇ ਵੱਢੇ ਜੰਗਲ । ਤਕੜੇ ਨੁਕਸਾਨ ਦਾ ਝੱਖੜ ਪਰੰਪਰਾ ਦੇ ਬੰਬਾਂ, ਟੈਂਕਾਂ ਦੇ ਨਾਲ ਨਾਲ, ਹਿੰਸਕ ਕਰਵਾਲ ਨੇ ਕੀਤਾ ਹੈ ਜਿਸ ਨੇ ਭਵਨਾਂ ਨੂੰ ਮਲੀਆ ਮੇਟ ਕਰਨ ਲਈ ਸਿਰੜ ਅਤੇ ਮਿਹਨਤ ਤੋਂ ਕੰਮ ਲਿਆ ਹੈ।

ਹੁਣ ਲੋਹੇ ਸੀਮਿੰਟ ਦੀ ਟੁੱਟ ਭੱਜ ਦਾ ਕੁਹਜ ਦੁਨੀਆ ਦੇ ਸੁੰਦਰਤਮ ਦ੍ਰਿਸ਼ਾਂ ਨੂੰ ਭੈੜਾ ਬਣਾ ਰਿਹਾ ਹੈ । ਇਜ਼ਰੇਲੀ ਨੌਆਬਾਦੀਆਂ ਤਕ ਪਹੁੰਚਣ ਲਈ ਪਹਾੜੀਆਂ ਨੂੰ ਕੱਟ ਕੱਟਕੇ ਬਾਈ ਪਾਸ ਬਣਾਏ ਗਏ ਹਨ। ਸੜਕਾਂ ਦੇ ਦੋਵੇਂ ਪਾਸੇ ਫ਼ਲੀਸਤੀਨੀ ਘਰ ਢਾ ਦਿੱਤੇ ਗਏ ਹਨ , ਜ਼ੈਤੂਨ ਦੇ ਦਰਖਤ ਪੱਟੇ ਗਏ ਹਨ ਅਤੇ ਸੰਗਤਰਿਆਂ ਦੇ ਬਾਗ ਉਜਾੜੇ ਗਏ ਹਨ ਤਾਂ ਜੋ ਦ੍ਰਿਸ਼ਟੀ-ਖੇਤਰ ਵਧ ਜਾਵੇ। ਬਸ ਨਿਰ-ਮਾਨਸ - ਭੋਇ ਦੇ ਸਿਰ 'ਤੇ ਰਾਖੀ ਦੇ ਮੀਨਾਰ ਖੜ੍ਹੇ ਹਨ । ਲੜਾਈ ਭੜਾਈ ਵਿਚ ਸਰਬ-ਵਿਆਪੀ ਬੁੱਲਡੋਜ਼ਰਾਂ ਦੀ ਰਣ-ਨੀਤਕ ਟੈਂਕਾਂ ਜਿੰਨੀ ਮਹੱਤਤਾ ਹੈ । ਇਸ ਤੋਂ ਪਹਿਲਾਂ ਐਵੇਂ ਸਾਧਾਰਨ ਜਿਹੀ ਮਸ਼ੀਨ ਨੇ ਕਦੇ ਹਿੰਸਾ-ਜ਼ੁਲਮ ਦਾ ਕਾਰਜ ਨਹੀਂ ਆਰੰਭਿਆ ਸੀ ।

ਸਵਾਲ ਯੋਜਨਾ-ਹੀਣ ਵਿਕਾਸ ਦਾ ਨਹੀਂ; ਨਾ ਹੀ ਭੂ-ਮਧ ਸਾਗਰ ਕੰਢੇ ਇਜ਼ਰੇਲੀ ਕੰਕਰੀਟ ਦੇ ਜੰਗਲ ਦਾ ਹੈ; ਨਾ ਹੀ ਸਰਮਾਏਦਾਰੀ ਦੀਆਂ ਬੇਰਹਿਮ ਸ਼ਕਤੀਆਂ ਦਾ। ਨਹੀਂ; ਮੈਨੂੰ ਭੂਤਪੂਰਬ ਸੋਵੀਅਤ ਸੰਘ ਦੇ ਗੌਸ-ਪਲਾਨ (ਸਰਕਾਰੀ ਯੋਜਨਾ ਕਮਿਸ਼ਨ) ਦਾ ਖ਼ਿਆਲ ਆਉਂਦਾ ਹੈ ਜਿਵੇਂ ਕਿਤੇ ਬਰਬਾਦੀ ਸਰਕਾਰੀ ਯੋਜਨਾ ਸੰਮਿਤੀ ਨੇ ਕੀਤੀ ਹੈ ਅਤੇ ਇਜ਼ਰਾਇਲ ਜਾਣ ਬੁੱਝ ਕੇ ਭੂਤਕਾਲ ਨੂੰ ਮਿਟਾਉਣ ਲੱਗਿਆ ਹੋਇਆ ਹੈ । ਇਥੇ ਉਸਾਰੀ ਅਤੇ ਢਹਾਈ ਦੀ ਜੌੜੀ ਮਾਨਸਿਕਤਾ ਦੇਰ ਤੋਂ ਚਲਦੀ ਆਈ ਹੈ । ਇੱਥੇ 1950-ਆਂ ਵਿਚ, ਜ਼ੈਤੂਨ ਨਹੀਂ, ਸੰਗਤਰੇ ਨਹੀਂ, ਹਜ਼ਾਰਾਂ ਬਰੋਜ਼ੇ ਦੇ ਦਰਖਤ ਲਾਏ ਗਏ ਤਾਂ ਜੋ ਤਬਾਹ ਕੀਤੇ ਫ਼ਲਸਤੀਨੀ ਪਿੰਡਾਂ ਦੇ ਨਿਸ਼ਾਨ ਮੁੱਕ ਜਾਣ; ਉੱਦ੍ਹੋਂ ਕ੍ਰਿਸ਼ੀ ਦੇ ਵਿਕਾਸ ਨੂੰ ਸਭਯਤਾ ਦਾ ਚੂੜ ਸਮਝਿਆ ਜਾਂਦਾ ਸੀ । ਪਰ ਅੱਜ, ਤਬਾਹੀ ਦੀਆਂ ਸ਼ਕਤੀਆਂ ਦਾ ਕੈਦੀ ਬਾਗ਼ਬਾਨ, ਭੋਂ-ਸ਼ੱਤਰੂ ਹੋ ਗਿਆ ਹੈ ਜਿਹੜਾ ਜ਼ਮੀਨ ਨੂੰ ਪਾੜੀ, ਚੀਰੀ, ਉਜਾੜੀ, ਲੁੱਟੀ-ਪੱਟੀ ਅਤੇ ਵਸੋਂ ਹੀਣ ਕਰੀ ਜਾ ਰਿਹਾ ਹੈ । ਹਰ ਭੂਗੋਲਕ ਚੌਖਟੇ ਵਿਚ ਚੇਤਨਾ ਦੇ ਭੂਚਿੰਨ੍ਹ ਹੁੰਦੇ ਹਨ ਜਿਹੜੇ ਮਾਨਵੀ ਇਤਿਹਾਸ ਦੇ ਕਥਾਨਕ ਦੀ ਗਵਾਹੀ ਹੁੰਦੇ ਹਨ; ਪਰ ਫ਼ਲਸਤੀਨ 'ਚ ਦਾਖਲ ਹੁੰਦਿਆਂ ਹੀ ਦੁਖਿਤ ਅਹਿਸਾਸ ਹੁੰਦਾ ਹੈ ਕਿ ਕਿਵੇਂ ਮਕਾਮੀ ਨਕਸ਼ਿਆਂ ਦੀ ਉਥਲ ਪੁੱਥਲ ਕਰ ਦਿੱਤੀ ਹੈ : ਭੂ-ਚਿਨ੍ਹਾਂ ਦੇ ਖ਼ਾਤਮੇ ਨਾਲ ਦਿਸ਼ਾ-ਭ੍ਰਾਂਤੀ ਦੀ ਸਥਿਤੀ ਪੈਦਾ ਹੋ ਗਈ ਹੈ ।

ਫ਼ਲਸਤੀਨੀ ਰਿਆਸਤ ਦੀ ਸਿਰਜਣਾ ਦੀ ਕੋਈ ਕੋਸ਼ਿਸ਼ ਨਹੀਂ ਹੋ ਰਹੀ, ਕੀ ਦਵੈ-ਰਾਸ਼ਟਰੀ ਸੰਸਥਾ, ਕੀ ਵੱਖਰੇ ਵੱਖਰੇ ਇਜ਼ਰੇਲੀ ਫ਼ਲਸਤੀਨੀ ਰਾਸ਼ਟਰ। ਸਗੋਂ ਚਾਲਕ ਸ਼ਕਤੀਆਂ ਦੀ ਲਗਨ



ਭੂਗੋਲਿਕ ਵਿਖੰਡਨ, ਵਿ-ਲੈਯ-ਤਾ ਅਤੇ ਧਰਤੀ ਨੂੰ ਮਨਸੂਖ ਕਰਨ ਦੀ ਹੈ । ਇਹ ਕੋਈ ਪਹਿਲੀ ਵਾਰ ਨਹੀਂ ਹੋਇਆ ਕਿ ਥਾਵਾਂ ਗਲੀਆਂ ਦਾ ਪੁਨਰ-ਨਾਮਨ ਹੋਇਆ ਜਾਂ ਬਸਤੀਆਂ ਦੀ ਭੰਨ-ਤੋੜ ਕਰਕੇ ਉਹਨਾਂ ਨੂੰ ਮੁੜ ਸਿਰਜਿਆ ਹੈ । ਬੋਸਨੀਆ ਵਿਚ ਅਜਿਹੀ ਕਾਰ-ਗੁਜ਼ਾਰੀ ਨੂੰ ਸਿਮ੍ਰਤੀ-ਵਿਨਾਸ਼ ਕਹਿੰਦੇ ਸੀ, ਮਤਲਬ ਬੀਤੇ ਦਾ ਕਤਲ । ਇੱਥੇ ਨਾਉਂ-ਬਦਲੀ ਕਾਫ਼ੀ ਨਹੀਂ; ਸਗੋਂ ਜੰਗਲ, ਪਰਬਤ, ਸੜਕਾਂ ਦੀ ਵਿਰਚਨਾ ਕਰਨੀ ਪੈਂਦੀ ਹੈ । ਇਲਾਕੇ ਦੀ ਕੱਟ-ਵੱਢ ਹੋਈ ਹੈ । ਅਸੀਂ ਜਾਣਦੇ ਹਾਂ ਕਿ ਭੂਗੋਲ ਦਾ ਮੁੱਖ ਮੰਤਵ ਜੰਗੀ ਲੋੜਾਂ ਨੂੰ ਪੂਰਾ ਕਰਨਾ ਹੈ । ਪਰ ਫ਼ਲਸਤੀਨ ਵਿਚ ਬਹੁਤਾ ਕਰਕੇ ਜੰਗ ਦਾ ਮੰਤਵ ਭੂਗੋਲ 'ਤੇ ਜਿੱਤ ਪ੍ਰਾਪਤ ਕਰਨਾ ਹੈ।

ਸਰਕਾਰੀ ਭਾਸ਼ਨ ਅਤੇ ਸੰਯੁਕਤ ਰਾਸ਼ਟਰ ਦੇ ਮਤੇ ਅਕਸਰ ਜ਼ਰੂਰੀ ਗੱਲ ਛੱਡ ਜਾਂਦੇ ਹਨ : ਮਿੱਟੀ ਵਿਚ ਮਨੁੱਖੀ ਇਤਿਹਾਸ ਦੇ ਹਜ਼ਾਰਾਂ ਸਾਲਾਂ ਦੇ ਤੰਦ ਹੁੰਦੇ ਹਨ। ਕਿੰਨੀਆਂ ਸਭਯਤਾਵਾਂ ਸੰਸਕ੍ਰਿਤੀਆਂ ਦੇ ਸਥਲ। ਗ੍ਰਾਮੀਨ-ਦ੍ਰਿਸ਼, ਸੜਕਾਂ, ਖੇਤ, ਜ਼ੈਤੂਨ ਦੇ ਬਾਗ ਸਾਰੇ ਹੀ ਮਾਨਵਤਾ ਦੀ ਬਿਨਸਨਹਾਰ ਵਿਰਾਸਤ ਹਨ । ਯੂਨੇਸਕੋ ਨੂੰ ਠੀਕ ਬਹੁਤ ਪਰੇਸ਼ਾਨੀ ਹੋਈ ਸੀ ਜਦੋਂ ਬਾਮੀਆਂ ਦੀ ਵਾਦੀ ਵਿਚ ਤਾਲਿਬਾਨ ਨੇ ਬੁੱਧ ਦੇ ਬੁੱਤ ਤਬਾਹ ਕਰ ਦਿੱਤੇ ਸਨ । ਕੀ ਦੁਨੀਆਂ ਬੇਹਿਸ ਵੇਖਦੀ ਰਹੇਗੀ ਜਦੋਂ ਫ਼ਲਸਤੀਨ ਨੂੰ ਵਿਨਾਸ਼-ਖੇਤਰ ਬਣਾਇਆ ਜਾ ਰਿਹਾ ਹੈ ਅਤੇ ਯਰੋਸ਼ਲਮ ਨਵਾਂ ਬੈਰੂਤ ਹੋ ਕੇ ਰਹੇਗਾ? ਫ਼ਲਸਤੀਨ ਦੇ ਕੁਦਰਤੀ ਅਤੇ ਪੁਰਾਤੱਤਵ ਸਥਾਨਾਂ ਦੀ ਬਰਬਾਦੀ ਦੇ ਖਿਲਾਫ ਕੌਣ ਆਵਾਜ਼ ਉਠਾਏਗਾ ?

ਰਾਮਾਲਾਹ, ਗਾਜ਼ਾ, ਰਫ਼ਾ ਵਿਚ ਇਕ ਹਫ਼ਤਾ ਠਹਿਰਨ ਸਮੇਂ ਸਾਨੂੰ ਬਰਬਾਦੀ ਹੀ ਨਜ਼ਰ ਆਈ: ਪਿੰਡ, ਸੜਕਾਂ, ਘਰ ਸਭ ਢਾਹ ਦਿੱਤੇ । ਖੇਤਾਂ ਨੂੰ ਅੱਗ ਲੱਗੀ ਹੋਈ ਸੀ, ਜਨ-ਸੇਵਾ ਸਾਧਨਾਂ 'ਤੇ ਬੰਬਾਰੀ ਹੋਈ ਸੀ । ਤੋਪਦਾਰ ਹੈਲੀਕਾਪਟਰਾਂ ਤੋਂ ਜਾਂ ਐਫ -16 ਤੋਂ ਅਸਤਰਾਂ ਨੇ ਸਰਚਨਾ-ਆਧਾਰ ਢਾਹ ਦਿੱਤੇ ਸਨ । ਯੋਰਪੀ ਕਮਿਸ਼ਨ ਨੇ ਨੁਕਸਾਨ-ਜ਼ਦਾ ਪ੍ਰਾਜੈਕਟਾਂ ਦੀ ਗ਼ੈਰ-ਮਾਮੂਲੀ ਲਿਸਟ ਬਣਾਈ ਹੈ ਜਿਹੜੇ ਯੋਰਪੀ ਸੰਘ ਦੀ ਮਦਦ ਨਾਲ ਉਸਾਰੇ ਗਏ ਸੀ । ਇਹਨਾਂ ਵਿਚ ਗਾਜ਼ਾ ਦਾ ਅੰਤਰਰਾਸ਼ਟਰੀ ਹਵਾਈ-ਅੱਡਾ, ਗਾਜ਼ਾ ਦੀ ਬੰਦਰਗਾਹ, ਰਾਮਾਲਾਹ ਦਾ ਸਦਾ-ਇ-ਫ਼ਲਸਤੀਨ ਰੇਡੀਓ ਸਟੇਸ਼ਨ, ਬੈਥਲੇਹਮ ਦਾ ਇੰਟਰਨੈਸ਼ਨਲ ਹੋਟਲ ਅਤੇ ਨਵ-ਨਿਮਿਤ ਪ੍ਰਯੋਗਸ਼ਾਲਾ । ਪਾਲਕਾ ਦੇ ਸਰਚਨਾ-ਆਧਾਰ, ਅਰਥਾਤ ਸਕੂਲ, ਜਨ-ਗ੍ਰਿਹ ਨਿਰਮਾਣ, ਸੜਕਾਂ, ਸੀਵਰੇਜ, ਪੁਨਰ-ਪ੍ਰਯੋਗ ਕੇਂਦਰ ਬਰਬਾਦ ਹੋਏ, ਨਾਲੇ ਜਨੀਨ ਵਿਚ ਸ਼ਾਂਤੀ ਲਈ ਪ੍ਰਾਜੈਕਟ ਦਾ ਇੰਤਜ਼ਾਮੀਆ ਦਫ਼ਤਰ, ਬੈਤਲਾਹੀਆ ਵਿਚ ਪੁਨਰ-ਜੰਗਲਾਉਣ ਦਾ ਪ੍ਰਾਜੈਕਟ, ਰਾਮਾਲਾਹ ਵਿਚ ਕੇਂਦਰੀ ਅੰਕੜਾ ਕਾਰਯਾਲਾ ਅਤੇ ਜੈਰੀਕੋ ਦਾ ਸਿੰਚਾਈ ਪ੍ਰਬੰਧ । ਕੁਲ 17 ਪ੍ਰਾਜੈਕਟ, ਜਿਨ੍ਹਾਂ ਦੀ ਕੀਮਤ 156 ਲੱਖ ਡਾਲਰ ਦੱਸੀਦੀ ਹੈ । ਹੈ ਕਿਸੇ ਨੂੰ ਖ਼ਿਆਲ ਕਿ ਇਹ ਸਥਾਨ ਦਹਿਸ਼ਤ ਪੰਸਦਾਂ ਦੇ ਅੱਡੇ ਸਨ ?

ਮਿਸਰ ਦੀ ਸਰਹੱਦ ਨਾਲ ਅਸੀਂ ਰਫ਼ਾ ਨੇੜੇ ਢੱਠੇ ਇਕ ਪਿੰਡ ਵਿਚ ਗਏ ਅਤੇ ਬੁਲਡੋਜ਼ਰਾਂ ਨਾਲ ਢਾਹੇ ਘਰਾਂ ਦੇ ਮਲਬੇ ਵਿਚ ਦੀ ਲੰਘੇ । ਸਕੂਲ ਦੀਆਂ ਕਾਪੀਆਂ, ਰਸੋਈ ਦੇ ਭਾਂਡੇ, ਟੂਥ-ਬਰਸ਼ ਆਦਿ ਖਿੰਡੇ ਹੋਏ ਸਨ, ਜੀਵਨ ਦੇ ਨਿਸ਼ਾਨ ਜਿਹੜੇ ਚੂਰ ਹੋ ਗਏ ਸਨ । ਇਕ ਔਰਤ ਨੇ ਦੱਸਿਆ ਕਿ ਵਸਨੀਕਾਂ ਨੂੰ ਅੱਧੀ ਰਾਤ ਆਪਣੇ ਘਰਾਂ 'ਚੋਂ ਨਿਕਲਣ ਲਈ ਪੰਜ ਮਿੰਟ ਦੀ ਮੁਹਲਤ ਦਿੱਤੀ ਗਈ । 'ਕੰਮ ਮੁਕਾਉਣ ਲਈ' ਬੁਲਡੋਜ਼ਰ ਕਈ ਵਾਰ ਆਏ; ਹੋ ਸਕਦਾ ਹੈ ਕਿ ਇਹੀ ਤਿੰਨ ਸ਼ਬਦ ਇਜ਼ਰੇਲੀ ਫੌਜ ਦਾ ਉਦੇਸ਼ ਬਣ ਜਾਣ। ਉਜਾੜ ਵਿਚ ਮੀਨਾਰਾਂ 'ਤੇ ਬੜੀਆਂ ਨਿਮਨ-ਰਕਤ (infra-red) ਮਸ਼ੀਨ-ਗੰਨਾਂ ਹਨ ਜਿਹੜੀਆਂ ਕਿਸੇ ਪਾਸੇ ਚਾਨਣ ਹੋਣ 'ਤੇ ਆਪੇ ਚੱਲਣ ਲੱਗ ਜਾਂਦੀਆਂ ਹਨ । ਸਿਪਾਹੀ ਨਹੀਂ ਹਨ। ਪਹਿਲੀ ਪਾਲ ਦੇ ਘਰਾਂ ਦੀਆਂ ਕੰਧਾਂ ਗੋਲੀਆਂ ਦੇ ਨਿਸ਼ਾਨਾਂ ਨਾਲ ਭਰੀਆਂ ਪਈਆਂ ਸਨ ; ਇੱਥੋਂ ਦੇ ਵਾਸੀਆਂ ਨੂੰ ਸਵੈ-ਕਾਰ ਹਥਿਆਰਾਂ ਦੀਆਂ ਗੋਲੀਆਂ ਨਾਲ ਪੱਕਾ ਖਤਰਾ

ਬਣਿਆ ਰਹਿੰਦਾ ਹੈ ।ਤੇ ਫਿਰ ਇਉਂ ਹੀ ਬਫ਼ਰ (buffer) ਇਲਾਕੇ ਬਣਾਏ ਜਾਂਦੇ ਹਨ ।

ਹਾਨੀ ਪਚਾਉਣ 'ਤੇ ਤੁਲੇ ਡੰਸਕ ਕੀਟ-ਪਤੰਗੇ ਵਾਂਗੂੰ ਜੰਗੀ ਮਸ਼ੀਨ ਸਦੀਵੀ ਗਤੀ 'ਚ ਰਹਿੰਦੀ ਹੈ, ਸਬਰ ਨਾਲ ਬੇਧੀਆਨੀ ਵਿਚ, ਜਿੱਥੇ ਜਾਵੇ ਉਥੇ ਸੀਮਾ ਬਣ ਜਾਂਦੀ ਹੈ । ਇੱਥੇ ਸੀਮਾ ਸਰਬ-ਵਿਆਪਕ ਸ਼ਕਤੀ ਹੈ ਜਿਹੜੀ ਟਿੱਲੇ, ਪਿੰਡ, ਮਹੱਲੇ, ਘਰਾਂ ਨੂੰ ਕੱਟ ਦਿੰਦੀ ਹੈ ।ਫ਼ੌਜੀ ਕਿਲੇ-ਬੰਦੀਆਂ ਨੇ ਜ਼ੈਤੂਨ ਦੇ ਬਾਗਾਂ ਦੀ ਥਾਉਂ ਲੈ ਲਈ ਹੈ ।(ਇਜ਼ਰੇਲੀ) ਸ਼ਹਿਰਾਂ ਦੀਆਂ ਕੰਧਾਂ ਲੋਹ-ਸੀਮਿੰਟ ਪੱਕੀਆਂ ਹਨ, ਹਰੇਕ ਦੀ ਦੁਸ਼ਮਣ ਹਾਜ਼ਰੀ ਹੈ। ਕਿਸੇ ਵੀ ਪਰ-ਨਿਜ ਘਰ ਵਿਚ ਲੁਕਿਆ ਗੋਲੀ ਮਾਰ ਹੋ ਸਕਦਾ ਹੈ । ਹਰ ਮੋੜ 'ਤੇ ਚੈਕ-ਪੁਆਇੰਟ (checkpoint) ਹੈ, ਕਈ ਥਾਵਾਂ 'ਤੇ ਸੌ ਸੌ ਮੀਟਰ 'ਤੇ; ਪੱਛਮੀ ਕੰਢੇ ਵਿਚ ਹੀ 700 ਹਨ । ਕਈ ਸੜਕਾਂ ਦੀ ਮਨਾਹੀ ਕਾਰਨ ਬੀਰ ਜ਼ੈਤ ਯੂਨੀਵਰਸਿਟੀ ਨੂੰ ਜਾਣ ਲਈ ਬੱਸ ਲੈਣੀ ਪੈਂਦੀ ਹੈ, ਫੇਰ ਟੈਕਸੀ, ਨਾਲੇ ਥੋੜ੍ਹਾ ਤੁਰ ਕੇ ਜਾਣਾ ਪੈਂਦਾ ਹੈ । (ਫ਼ਲਸਤੀਨੀ) ਮਕਬੂਜ਼ਾ ਇਲਾਕੇ ਅਲੰਘ ਸੈੱਲਾਂ (cells) ਦੇ ਚਾਰਖਾਨੇ ਜਿਹੇ ਹਨ, ਅਤੇ ਇਹਨਾਂ ਦੀ ਅੰਦਰ ਬਾਹਰ ਆਵਾਜਾਈ 'ਤੇ ਇਜ਼ਰੇਲੀ ਫ਼ੌਜ ਦਾ ਇਖ਼ਤਿਆਰ ਹੈ । ਅਜਿਹੇ ਕੋਈ 200 ਚੂਹੇ-ਪਿੰਜਰੇ ਹਨ ਜਿਹਨਾਂ ਨੂੰ ਗੈਟੋਹ (ਭੂਤਪੂਰਬ ਯਹੂਦੀ-ਵਾਸਾ) ਜਾਂ ਰੈਜ਼ਰਵੇਸ਼ਨ (ਅੱਜੋਕਾ ਅਮਰੀਕੀ ਆਦਿ-ਵਾਸੀ ਠਿਕਾਣਾ) ਕਹਿਣਾ ਬਿਹਤਰ ਹੋਵੇਗਾ - ਜਿਹਨਾਂ ਨੂੰ ਬਰਾਬਰ ਤੋਂ ਮਰਕਾਵਾ ਟੈਂਕਾਂ ਨੇ ਅਤੇ ਉਤੋਂ (ਅਮਰੀਕੀ ਫ਼ੌਜ ਦੇ ਦਿੱਤੇ) ਅਪਾਚੀ ਹੈਲੀਕੋਪਟਰਾਂ ਨੇ ਘੇਰਿਆ ਹੋਇਆ ਹੈ ।

ਇਹ ਨਵੀਂ ਕਿਸਮ ਦੀ ਸਰਹੱਦ ਹੈ, ਚਲਦੀ ਫਿਰਦੀ, ਮੋਰੀਆਂ ਵਾਲੀ, ਅਤੇ ਝਾਉਲੀ, ਗਤੀਸ਼ੀਲ ਸੀਮਾ । ਇਕ ਸ਼ਾਮ ਅਸੀਂ ਸ਼ਾਇਰ ਅਹਿਮਦ ਦਰਵੇਸ਼ ਨਾਲ ਰਾਮਲਾਹ ਦੇ ਛੋਟੇ ਜਿਹੇ ਟਿੱਲੇ 'ਤੇ ਜਾ ਚੜ੍ਹੇ ਜਿੱਥੋਂ ਕੁਝ ਕਿਲੋਮੀਟਰ ਦੂਰ ਯਰੋਸ਼ਲਮ ਦੀਆਂ ਟਿਮਟਮਾਉਂਦੀਆਂ ਬੱਤੀਆਂ ਨਜ਼ਰ ਆਉਂਦੀਆ ਸਨ । ਅਗਰ-ਭੂਮੀ ਵਿਚ ਹਨ੍ਹੇਰਾ ਸੀ ਜਿਸ ਵਿਚ ਕੁਝ ਕੁ ਫ਼ਲਸਤੀਨੀ ਘਰਾਂ ਦਾ ਖਿੰਡਵਾਂ ਚਾਨਣ ਸੀ । ਸੱਜੇ ਪਾਸੇ ਰਤਾ ਕੁ ਦੂਰ ਤੇਜ਼ ਚਾਨਣ ਦਾ ਖਿੱਤਾ, ਬੇ-ਰੌਣਕ ਪ੍ਰਦੀਪਿਤ ਸੜਕ ਸੀ ਜਿਹੜੀ ਕਿਸੇ ਇਜ਼ਰੇਲੀ ਨੌਆਬਾਦੀ ਨੂੰ ਜਾਂਦੀ ਸੀ ।ਏਸ ਝਿਲਮਿਲਾਉਂਦੇ ਰਜਨੀ-ਦ੍ਰਿਸ਼ ਵਿਚ ਮੈਨੂੰ ਸੀਮਾ ਦਾ ਝਾਉਲਾ ਨਜ਼ਰ ਆਉਂਦਾ ਸੀ ।

ਇਜ਼ਰੇਲੀ ਕਬਜ਼ਾ ਇਸ ਗੱਲ 'ਤੇ ਮੁਕਦਾ ਹੈ-ਇਹ ਕੀਹਨੂੰ ਹੱਕ ਹੈ ਜੋ ਫੈਸਲਾ ਕਰੇ ਕਿ ਕਿਹੜੀ ਚੀਜ਼ ਰੌਸ਼ਨ ਰਹੇ ਅਤੇ ਕਿਹੜੀ ਹਨੇਰੇ 'ਚ ਰਹੇ, ਕਿਹੜੀ ਦ੍ਰਿਸ਼ਟ ਹੈ ਕਿਹੜੀ ਅਦ੍ਰਿਸ਼ਟ ਰਹੇ, ਕਿਹੜੀ ਦੀ ਰਸਾਈ ਹੈ ਕਿਹੜੀ ਨਾ-ਰਸਾ ਹੈ ।ਸੀਮਾ ਦਾ ਜੀਵਨ ਦੇ ਹਰ ਪਹਿਲੂ 'ਤੇ ਅਸਰ ਹੈ, ਰੋਸ਼ਨੀ ਅਤੇ ਹਨੇਰੇ ਦੀ ਵੰਡ ਤਕ, ਜਿਵੇਂ ਇਹ ਕੋਈ ਅਲੌਕਿਕ ਛਾਯਾ ਹੋਵੇ ।

ਪੋਲੈਂਡ ਦੇ ਲਿਖਾਰੀ ਤਾਦੂਜ਼ ਕੌਨਵਿਚਕੀ ਨੇ ਆਪਣੀ ਮਾਤਭੂਮੀ ਬਾਰੇ ਕਿਹਾ ਸੀ - "ਮੇਰੇ ਮੁਲਕ ਨੂੰ ਪਹੀਏ ਲੱਗੇ ਹਨ, ਇਹਦੀਆਂ ਸਰਹੱਦਾਂ ਨਵੀਂ ਤੋਂ ਨਵੀਂ ਸੰਧੀ ਅਨੁਸਾਰ ਬਦਲ ਜਾਂਦੀਆਂ ਹਨ।" ਫ਼ਲਸਤੀਨ ਵਿਚ ਹਾਲਾਤ ਇਸ ਤੋਂ ਬਦਤਰ ਹੈ : ਸਰਹੱਦ ਹਰ ਆਤਮਘਾਤੀ ਹੱਲੇ ਮਗਰੋਂ ਆਹਣ ਦੇ ਝੁੰਡ ਵਾਂਗੂ ਹਲਚਲ ਕਰਦੀ ਹੈ, ਜਿਵੇਂ ਫੌਰੀ ਝੱਖੜ ਆਉਣ ਦਾ ਹੁੰਦਾ ਹੈ ।ਇਹ ਕਿਸੇ ਦੇ ਘਰ ਰਾਤ ਨੂੰ ਪਾਰਸਲ ਵਾਂਗੂੰ ਅਪੜ ਸਕਦੀ ਹੈ ਜਿੰਨੀ ਤੇਜ਼ੀ ਨਾਲ ਟੈਂਕ ਰਿੜ੍ਹਦੇ ਹਨ; ਜਾਂ ਹੌਲੀ ਹੌਲੀ ਪ੍ਰਛਾਵੇਂ ਵਾਂਗੂੰ ਵਧ ਸਕਦੀ ਹੈ। ਚੋਰਪੈਰ ਫਿਰਦੀ ਸਰਹੱਦ ਪਿੰਡਾਂ ਅਤੇ ਜਲ-ਸਥਾਨਾਂ ਨੂੰ ਘੇਰ ਲੈਂਦੀ ਹੈ। ਇਹ ਸਚਲ ਦ੍ਰਿਸ਼ਟਮਾਨ ਹੈ ਜਿਵੇਂ ਅਸੀਂ ਰਫਾ' ਵਿਚ ਵਿਸ਼ੇਸ਼ ਕੰਧਾਂ ਵੇਖੀਆਂ, ਜਿਵੇਂ ਬਣਦੇ ਵਸੋਂ ਸਥਾਨਾਂ ਦੀਆਂ ਜੜ੍ਹ ਸਰਹੱਦੀ ਦੀਵਾਰਾਂ ਜਿਹੜੀਆਂ ਇਹਨਾਂ ਦਾ ਵਾਧਾ ਹੁੰਦੇ ਸਾਰਾ ਬੜੀ ਆਸਾਨੀ ਨਾਲ ਆਸੇ ਪਾਸੇ ਕੀਤੀਆਂ ਜਾ ਸਕਦੀਆਂ ਹਨ ।

ਸੀਮਾ ਗੁਪਤਚਰ ਵੀ ਹੈ, ਜਿਵੇਂ ਰਾਕਟ-ਲਾਂਚਰ (rocket-launcher) ਡਿੱਗਕੇ ਸਥਾਨ



ਨੂੰ ਖੇਰੂੰ ਖੇਰੂੰ ਕਰ ਇਹਨੂੰ ਲਘੂ-ਖੰਡਾਂ ਵਿਚ ਵੰਡਕੇ ਨਵੀਆਂ ਸੀਮਾਵਾਂ ਬਣਾ ਦਿੰਦਾ ਹੈ । ਸੀਮਾ ਆਵਾਜਾਈ ਦੇ ਜਵਾਰ-ਭਾਟੇ ਨੂੰ ਨਿਯਮਿਤ ਕਰਨ ਦੀ ਥਾਉਂ ਉਹਨੂੰ ਅਧਰੰਗਤ ਕਰਦੀ ਹੈ । ਇਹ ਸੁਰਕਸ਼ਾ ਪ੍ਰਦਾਨ ਨਹੀਂ ਕਰਦੀ ਸਗੋਂ ਹਰੇਕ ਬਿੰਦੂ ਨੂੰ ਖਤਰੇ ਦਾ ਖ਼ਿੱਤਾ ਬਣਾ ਦਿੰਦੀ ਹੈ । ਸਭ ਬੰਦੇ ਜੀਵੰਤ ਨਿਸ਼ਾਨੇ ਹੋ ਜਾਂਦੇ ਹਨ, ਜਾਂ ਆਤਮ-ਘਾਤੀ ਬੰਬਾਰ । ਇਹ ਕੋਈ ਅਮਨ ਦੀ ਸਰਹੱਦ ਨਹੀਂ ਜਿਹੜੀ ਦੋ ਸਵੈ ਨਿਯਮੀ ਮੁਲਕਾਂ ਨੂੰ ਵੰਡਦੀ ਹੈ, ਜਿਹਨਾਂ ਦੀ ਆਪਣੀ ਆਪਣੀ ਠੀਕ ਜਗਾਹ ਹੈ, ਜਿਹੜੀ ਕਿਸੇ ਸਪੇਸ ਨੂੰ ਵਿਸ਼ੇਸ਼ ਆਕਾਰ ਬਣਾਉਂਦੀ ਹੋਵੇ। ਇੱਥੇ ਸਰਹੱਦ ਦਾ ਮਤਲਬ ਦਮਨ, ਵਿਸਥਾਪਨ ਅਤੇ ਵਿਗਠਨ ਹੈ । ਇਜ਼ਰਾਇਲ ਅਤੇ ਫ਼ਲਸਤੀਨ ਵਿਚ ਸਥਾਨ ਦਾ ਸੰਕਲਪ ਵੈਰ-ਭਾਵੀ, ਵਾਸਤਵ-ਹੀਨ ਅਤੇ ਰੇਖਾ-ਰਹਿਤ ਹੋ ਗਿਆ ਹੈ । ਫਰਾਂਸੀਸੀ ਕਵੀ ਰੈਨੇਸ਼ਾਰ ਦੇ ਸ਼ਬਦਾਂ ਵਿਚ "ਫ਼ਾਸਲੇ ਨੂੰ ਸੁੰਗੇੜਨਾ ਤਾਂ ਹੱਤਿਆ ਹੈ ।"

ਖਿੜਕੀਆਂ ਵਿਚ ਤੰਗ ਮੋਰੀਆਂ ਹਨ ਜਿਹਨਾਂ ਵਿਚ ਬੰਦੂਕਾਂ ਆ ਸਕਣ ।ਉੱਚੇ ਮੱਥਿਆਂ (facades) ਵਾਲੀਆਂ ਕੰਧਾਂ; ਇਮਾਰਤਾਂ ਦੀਆਂ ਕਤਾਰਾਂ ਦੀਆਂ ਕਤਾਰਾਂ ਅਜਿਹੀਆਂ ਹਨ : ਇਹ ਬਾਰਕਾਂ ਵਜੋਂ ਸ਼ਹਿਰ ਹੈ । ਇਜ਼ਰੇਲੀ ਨੌਬਾਦੀਆਂ ਦਾ ਬੰਦ ਮਿਅਮਾਰੀ ਰੂਪ ਏ ਜਿਹੜਾ ਖ਼ੁਦ-ਕੈਦ ਦਾ ਪ੍ਰਭਾਵ ਦਿੰਦਾ ਹੈ ।ਬੇਸ਼ੱਕ ਸੁਰੱਖਿਆ ਦੀਆਂ ਮਜਬੂਰੀਆਂ ਹਨ ਪਰ ਇਹਦੇ ਵਿਚ ਸਪੇਸ ਪ੍ਰਤੀ ਖ਼ਬਤ ਨਜ਼ਰ ਆਉਂਦਾ ਹੈ। ਸਪੇਸ ਦਾ ਅਜਿਹਾ ਸੰਕਲਪ ਜਿਸਦਾ ਆਧਾਰ ਡਰ ਅਤੇ ਦਮਨ ਹੈ ।19ਵੀਂ ਸਦੀ ਦੇ ਆਸਟਰੀਆ ਦੇ ਲਿਖਾਰੀ ਹਰਮਨ ਬਰਾਖ਼ ਅਨੁਸਾਰ "ਕਿਸੇ ਕਾਲ ਦੇ ਸਤਿ ਦਾ ਪਤਾ ਉਹਦੇ ਭਵਨ-ਨਿਰਮਾਣ ਦੇ ਮੱਥਿਆਂ ਤੋਂ ਮਿਲ ਜਾਂਦਾ ਹੈ ।" ਜੇ ਬਰਾਖ ਦਾ ਅਨੁਮਾਨ ਠੀਕ ਹੈ ਤਾਂ ਇਜ਼ਰੇਲੀ ਨੌਆਬਾਦੀਆਂ ਦੇ ਮੱਥੇ ਅਜਿਹੇ ਨਾਅਰੇ ਹਨ ਜਿਹਨਾਂ ਵਿਚ ਪ੍ਰੀਆਵਰਨ ਦਾ ਭੈ, ਬਾਹਰੀ ਦੁਨੀਆਂ ਦਾ ਡਰ ਨਜ਼ਰ ਆਉਂਦਾ ਹੈ ਜਿਹੜਾ ਸਪੇਸ ਦੀ ਮਹਿਮਾਨ-ਨਿਵਾਜ਼ੀ ਦਾ ਪ੍ਰਤਿਪੱਖ ਹੈ ।

ਇਹ ਬਾਹੀਆ-ਤ੍ਰਾਸ, ਅਰਥਾਤ ਬਾਹਰਲੀ ਦੁਨੀਆ ਦਾ ਡਰ ਕਾਬਜ਼ ਹੋਣ ਦੇ ਅਮਲ ਦਾ ਦੂਸਰਾ ਪਹਿਲੂ ਹੈ: ਤੁਸੀਂ ਜਿੰਨਾ ਜ਼ਿਆਦਾ ਦੁਸ਼ਮਣ ਦੇ ਮੁਲਕ ਵਿਚ ਵਧਦੇ ਹੋ ਉਨਾ ਹੀ ਆਪਣੇ ਆਪੇ 'ਚ ਸ਼ਰਨ ਲੈਣ ਲਗਦੇ ਹੋ । ਇਹੀ ਹਾਲ ਆਮ ਕਰਕੇ ਇਜ਼ਰੇਲੀ ਸਮਾਜ ਦਾ ਹੈ । ਫਰਾਂਸੀਸੀ ਮਿਅਮਾਰ ਪਾਲ ਵਰੀਲੋ ਦੀ ਤਕਨੀਕੀ ਸ਼ਬਦਾਵਲੀ 'ਬਾਹੀਆ-ਬਸਤੀਵਾਦ ਹੈ ਜਿਸ ਨਾਲ ਉਹ ਲਾਤੀਨੀ ਅਮਰੀਕਾ ਦੀ ਬਾਹਰਮੁਖੀ ਮਿਅਮਾਰੀ ਸ਼ੈਲੀ ਦੀ ਵਿਆਖਿਆ ਕਰਦਾ ਹੈ । ਇੱਥੇ ਅੰਤਰੀ-ਬਸਤੀਵਾਦ ਹੈ, ਅੰਤਰਮੁਖੀ ਭਾਂਤ ਦਾ, ਜਿਹੜਾ ਦੁਸ਼ਮਣ ਇਲਾਕੇ 'ਤੇ ਕਬਜ਼ੇ ਦੀ ਵਧਦੀ ਲੋਚਾ ਕਰਦਾ ਹੈ : ਇਹ ਬੇਦਖ਼ਲੀ ਅਤੇ ਸਵੈ-'ਚ-ਸ਼ਰਨ ਦਾ ਨਿਰਮਾਤਾ ਹੈ । ਇਹਦਾ ਪ੍ਰਤੀਕ ਫ਼ੌਜੀ ਬੰਕਰ ਹੈ ।

ਸਿਆਸੀ ਬਹਿਸ ਅਤੇ ਮੀਡੀਆ ਦੀ ਕਾਰਗੁਜ਼ਾਰੀ ਜ਼ਰੂਰੀ ਸਵਾਲ ਨਾਲ ਦਰਪੇਸ਼ ਨਹੀਂ ਹੋਈ। ਇਜ਼ਰਾਇਲ ਦੀ ਮਕਬੂਜ਼ਾ ਇਲਾਕੇ ਵਿਚ ਆਬਾਦਕਾਰੀ ਕੇਵਲ ਅਣਾਚਾਰਕ ਅਤੇ ਗੈਰ-ਕਾਨੂੰਨੀ ਹੀ ਨਹੀਂ, ਇਹ ਤਾਂ ਕਾਬਲ-ਇ-ਕਾਰ ਵੀ ਨਹੀਂ ।ਦਰਅਸਲ, ਇਹਦਾ ਆਧਾਰ ਅਸਹਿ ਜੀਵਨ ਦੀ ਭਾਵਨਾ ਹੈ ਜਿਹੜੀ ਮੁਲਕ ਬਦਰ ਬੰਦੇ ਦੀ ਰੁਗਨ ਮਾਨਸਿਕਤਾ ਹੁੰਦੀ ਹੈ, ਨਾਲੇ ਉਨ੍ਹਾਂ ਦੀ ਜਿਹੜੇ ਸ਼ਰਨਾਰਥੀ ਕੈਂਪਾਂ ਵਿਚ ਰਹਿੰਦੇ ਹਨ । ਸਹੀ ਗੱਲ ਤਾਂ ਹੈ ਕਿ ਇਜ਼ਰੇਲੀ ਨੌਆਬਾਦੀਆਂ ਵਸਣਯੋਗ ਥਾਵਾਂ ਨਹੀਂ, ਜਿਹੜੀਆਂ ਕੇਵਲ ਬੇ ਆਰਾਮ, ਖ਼ਤਰਨਾਕ ਜਾਂ ਲੰਮੇ ਸਮੇਂ ਲਈ ਗੈਰ ਅਮਲੀ ਹੀ ਨਹੀਂ। ਨੌਆਬਾਦੀਆਂ ਤਾਂ ਵਸੇਬੇ ਦੇ ਅਸੰਭਵ ਪੱਖ ਨੂੰ ਦਰਸਾਉਂਦੀਆਂ ਹਨ ਜਿਹੜਾ ਮੋੜੇ ਦੇ ਸਵਾਲ ਦੇ ਨਾਲ ਨਾਲ ਚਲਦਾ ਹੈ । ਇਹ ਨਗਰਕਾਰੀ ਦੀ ਵਿਰੋਧੀ ਪ੍ਰਕ੍ਰਿਆ ਹੈ , ਜਿਵੇਂ ਅਸੀਂ ਯੁੱਧ-ਆਧਾਰਿਤ ਆਰਥਿਕਤਾ ਦੀ ਗੱਲ ਕਰਦੇ ਹਾਂ, ਇਹ ਅਜਿਹੀ ਸਿਵਲ (civil) ਸਥਿਤੀ ਹੈ ਜਿਸਦੀ ਬੁਨਿਆਦ ਬੇ-ਸਿਵਲ ਹੈ ।

ਇਸ ਕਰਕੇ ਵਿਰੋਧਾਰਥ ਪੈਦਾ ਹੋਏ ਹਨ। ਨੌਆਬਾਦੀਆਂ ਬੇ-ਜਾ ਹਨ ।ਗਾਜ਼ਾ ਪੱਟੀ ਵਿਚ 5 ਹਜ਼ਾਰ ਆਬਾਦਕਾਰ ਅਤੇ 15 ਲੱਖ ਫ਼ਲਸਤੀਨੀ ਹਨ ਜਿਹਨਾਂ ਦੀ ਸੁਰੱਖਿਆ ਲਈ ਪੱਕੀ ਚੌਕਸੀ ਅਤੇ ਇਹਨਾਂ ਥਾਵਾਂ ਦੀ ਆਵਾਜਾਈ 'ਤੇ ਪੂਰੇ ਕੰਟਰੋਲ ਦੀ ਲੋੜ ਹੈ । ਇਜ਼ਰੇਲੀ ਵਾਹਨ-ਚਾਲਕ ਨਾਲ ਦੀਆਂ ਸੜਕਾਂ 'ਤੇ ਜਾਮ ਲਵਾ ਦਿੰਦਾ ਹੈ ਕਿਉਂਕਿ ਉਹ ਚੈੱਕ-ਪੁਆਇੰਟਾਂ 'ਤੇ ਬੰਧ ਲਗਵਾ ਦਿੰਦਾ ਹੈ । ਇਹ ਅਪਾਰਥਾਇਡ (ਦੱਖਣੀ ਅਫਰੀਕੀ ਨਸਲੀ ਇਲਹਿਦਗੀ) ਦਾ ਸੜਕ- ਵੰਨਾ ਸੰਸਕਰਨ ਹੈ ਜਿਹੜਾ ਫ਼ਲਸਤੀਨੀ ਵਸੋਂ ਨੂੰ ਨਵੀਂ ਤੋਂ ਨਵੀਂ ਹੌਸਲਾਮੰਦੀ ਦੀਆਂ ਕਾਢਾਂ ਲਈ ਮਜਬੂਰ ਕਰਦਾ ਹੈ ।

ਅਸੀਂ ਗਾਜ਼ਾ ਵਿਚ ਸੜਕ ਦੇ ਦੋਵੇਂ ਪਾਸੇ ਉੱਚੀਆਂ ਕੰਧਾਂ ਦੀ ਉਸਾਰੀ ਵੇਖੀ, ਅਤੇ ਕੰਮ ਚੱਲ ਰਿਹਾ ਸੀ ਜਿਹੜਾ ਸਾਰੇ ਮਕਬੂਜ਼ਾ ਇਲਾਕੇ ਵਿਚ ਹੋਣਾ ਹੈ । ਕਿਸੇ ਦਾ ਮਸ਼ਵਰਾ ਸੀ ਕਿ ਸੜਕਾਂ ਦੇ ਨਾਲ ਨਹਿਰਾਂ ਵਿਚ ਮਗਰਮੱਛ ਛੱਡੇ ਜਾਣ। ਭਾਵੇਂ ਦੂਰ ਦਰਾਡਾ ਖਿਆਲ ਹੈ ਪਰ ਇਸ ਤੋਂ ਅੱਜੋਕੇ ਮੂਡ (mood) ਦਾ ਪਤਾ ਲਗਦਾ ਹੈ । ਇਜ਼ਰੇਲੀ ਯਾਤਾਯਾਤ ਮੰਤਰੀ ਨੇ ਗਾਜ਼ਾ ਨੂੰ ਪੱਛਮੀ ਕੰਢੇ ਨਾਲ ਜੋੜਨ ਲਈ ਨਿਮਨ-ਭੂ ਨਹਿਰ ਦੀ ਬਣਵਾਈ ਦੀ ਲਾਗਤ ਦਾ ਤਖ਼ਮੀਨਾ ਲਗਵਾਇਆ, ਇਹ ਉਧਮ ਤਾਂ ਫਰਊਨਾਂ ਦੇ ਲਾਇਕ ਹੈ । ਕੀ ਸੱਚ, ਕੀ ਝੂਠ, ਇਨ੍ਹਾਂ ਯੋਜਨਾਵਾਂ ਤੋਂ ਭੈ ਦੇ ਵਾਤਾਵਰਨ ਦਾ ਪਤਾ ਲਗਦਾ । "ਦੂਜੇ" ਨੂੰ ਕੱਢ ਦੇਣਾ ਚਾਹੀਦਾ ਹੈ, ਜਾਂ ਇਹਨੂੰ ਦੂਰ ਹੀ ਰੱਖਣਾ ਚਾਹੀਦਾ ਹੈ । ਚੋਣ ਜਾਂ ਦਮਨ ਜਾਂ ਬੇ-ਹਰਕਤੀ 'ਤੇ ਆ ਖਲੋਂਦੀ ਹੈ । ਇੰਨੇ ਲੋਕ ਇੰਨੇ ਥੋੜ੍ਹੇ ਥਾਉਂ ਵਿਚ ਕਦੇ ਵੀ ਧੱਕ ਕੇ ਵਾੜੇ ਨਹੀਂ ਗਏ । ਫ਼ਲਸਤੀਨ ਅਤੇ ਇਜ਼ਰਾਇਲ ਵਿਚਕਾਰ ਟਰੈਫਿਕ ਬਿਲਕੁਲ ਬੰਧ-ਗ੍ਰਸਤ ਹੈ । ਅਤੇ ਬਹੁਤ ਸਾਰੇ ਫ਼ਲਸਤੀਨੀ ਘਰ-ਵਿਚ ਕੈਦ ਦੀ ਸ਼ਿਕਾਇਤ ਕਰਦੇ ਹਨ । ਟਰੈਫਿਕ ਦੀਆਂ ਪਾਬੰਦੀਆਂ ਕਾਰਨ ਦੂਸਰਿਆਂ ਨੂੰ ਮਿਲਣਾ ਅਸੰਭਵ ਹੈ, ਰਾਮਾਲਾਹ ਅਤੇ ਗਾਜ਼ਾ ਵਿਚਕਾਰ ਇਹੀ ਹਾਲ ਹੈ ।ਗਾਜ਼ਾ ਪੱਟੀ ਵਿਚ ਫੇਰੀ ਲਈ ਵਕਤ ਜ਼ਿਆਦਾ ਲਗਦਾ ਹੈ, ਟੈਲਵੀਵ ਨਿਊਯਾਰਕ ਉਡਾਣ ਲਈ ਘੱਟ । ਮਕਬੂਜ਼ਾ ਇਲਾਕੇ ਵਿਚ ਇਜ਼ਰਾਈਲ ਦੇਸ਼ਕਾਲ 'ਤੇ ਕਾਬਜ਼ ਹੈ ਜਿੱਥੇ ਲੋਕਾਂ ਨੂੰ ਘਰੀਂ ਮੁੜਦਿਆਂ ਚੈੱਕ ਪੁਆਇੰਟਾਂ 'ਤੇ ਬਹੁਤ ਵਕਤ ਲੱਗ ਜਾਂਦਾ ਹੈ ।

ਕਈ ਦਹਾਕਿਆਂ ਮਗਰੋਂ ਇਜ਼ਰੇਲੀਆਂ ਨੇ ਕਿਬੁਟਜ਼ (ਕ੍ਰਿਸ਼ੀ ਕਮਊਨ) ਦਾ ਖਿਆਲ ਛੱਡ ਦਿੱਤਾ ਹੈ ਅਤੇ ਨੌਆਬਾਦੀਆਂ ਦੇ ਨਿਰ-ਲੋਕ ਦੇ ਕਲਪ ਲੋਕ ਨੂੰ ਅਪਣਾ ਲਿਆ ਹੈ । ਲੋਕ 60-ਆਂ ਵਿਚ ਕਹਿੰਦੇ ਸਨ ਕਿ ਉਹਨਾਂ ਨੂੰ ਰੇਗਸਤਾਨ ਵਿਚ ਫੁੱਲ ਖਿੜਾਉਣ ਦਾ ਸ਼ੌਕ ਹੈ ਅਤੇ ਕਿਬੁਟਜ਼ ਦੀ ਤਕੜੀ ਕਸ਼ਿਸ਼ ਸੀ । ਉਹਦੇ ਮਗਰੋਂ ਬਾਇਬਲ ਦਾ ਬਾਗ ਤਾਂ ਰੇਗਸਤਾਨ, ਵੀਰਾਨਾ ਅਤੇ ਜੰਗ ਦਾ ਮੈਦਾਨ ਬਣ ਗਿਆ ਹੈ ।

ਸੜਕਾਂ 'ਤੇ ਖੜ੍ਹੇ ਬੁੱਲਡੋਜ਼ਰ ਏਸ ਗੱਲ ਦੀ ਦੁਖਦਾਈ ਸਵੀਕ੍ਰਿਤੀ ਹੈ ਕਿ ਏਥੇ ਕਾਫਕਾ ਵਾਲਾ ਮੁੱਖ ਸਵਾਲ - "ਸਾਨੂੰ ਜੀਣ ਲਈ ਕੀ ਕਰਨਾ ਚਾਹੀਦਾ ਹੈ ?" ਨਹੀਂ ; ਕਿਉਂਕਿ ਲਕਸ਼ ਜੀਣ ਦਾ ਨਹੀਂ ਸਗੋਂ ਉਜਾੜੇ ਅਤੇ ਬਰਬਾਦੀ ਦਾ ਹੈ । ਇਹ ਪਹਿਲੀ ਲੜਾਈ ਹੈ ਜਿਹੜੀ ਬੁਲਡੋਜ਼ਰਾਂ ਨਾਲ ਲੜੀ ਗਈ । ਇਹ ਬੇ-ਇਲਾਕਾਕਾਰੀ ਦਾ ਪਹਿਲਾ ਤਰੱਦਦ ਹੈ ਜਿਸਦੀ ਕੋਈ ਇਤਿਹਾਸਕ ਮਿਸਾਲ ਨਹੀਂ ਮਿਲਦੀ । ਇਹ ਪੂਰਨ ਯੁੱਧ ਹੈ ਜਿਸਦਾ ਨਿਸ਼ਾਨਾ ਸਿਵਲ ਆਬਾਦੀ ਅਤੇ ਧਰਤੀ ਹੈ ।ਇਹ ਖਾਲੀ ਸਪੇਸ ਦੇ ਤ੍ਰਾਸ (agoraphobia) ਦੇ ਕਾਲ ਦੀ ਜੰਗ ਹੈ ਜਿਹੜੀ ਇਲਾਕੇ ਦੀ ਵੰਡ ਨਹੀਂ ਸਗੋਂ ਇਹਦਾ ਖਾਤਮਾ ਚਾਹੁੰਦੀ ਹੈ ।OO

[ਮਈ 2002 ਦੇ Le Monde Diplomatique ਦੇ ਅੰਗਰੇਜ਼ੀ ਸੰਸਕਰਨ ਦੇ ਧੰਨਵਾਦ ਸਹਿਤ-

**ਅਨੁਵਾਦ : ਸੁਰਜੀਤ ਹਾਂਸ]**



# ਕਥਾ ਕਨੇਡਾ : ਵਸਤੂਗਤ ਪਰਿਚਯ

ਲਾਲ ਸਿੰਘ

ਪਰਵਾਸੀ ਸਾਹਿਤ ਦੇ ਸਮੀਖਿਆਕਾਰਾਂ ਨੇ ਪਰਵਾਸੀ ਕਹਾਣੀ ਦਾ ਵਿਸ਼ੈਗਤ ਅਧਿਐਨ ਕਰਦਿਆਂ, ਇਸ ਦੇ ਹੁਣ ਤਕ ਦੇ ਤੈਅ ਕੀਤੇ ਤਿੰਨ ਪੜਾਵਾਂ ਦਾ ਜ਼ਿਕਰ ਕੀਤਾ ਹੈ । ਪਹਿਲੇ ਪੜਾਅ ਨੂੰ ਉਹਨਾਂ ਉਦਰੇਵੇਂ ਦੀ ਭਾਵਨਾ ਦਾ ਪੜਾਅ ਹੋਣ ਦੀ ਸੰਗਿਆ ਦਿੱਤੀ ਹੈ । ਇਸ ਪੜਾਅ ਦੀ ਕਹਾਣੀ ਵਿਚ ਨਸਲੀ ਵਿਤਕਰੇ ਦੀ ਚੋਭ ਵੀ ਸ਼ਾਮਲ ਹੈ, ਜਿਸ ਦਾ ਮਹੱਤਵਪੂਰਨ ਤੱਤ ਉਹਨਾਂ ਸਮੀਖਿਅਕਾਰਾਂ ਇਹ ਅੰਗਿਆ ਹੈ ਕਿ ਅੰਗਰੇਜ਼ ਬਸਤੀਵਾਦ ਨੂੰ ਭਾਰਤ ਵਿਚੋਂ ਖਤਮ ਕਰਨ ਲਈ ਪਰਵਾਸੀਆਂ ਦੇ ਪੁਰਖਿਆਂ ਨੇ ਹੀ ਕੁਰਬਾਨੀਆਂ ਦਿੱਤੀਆਂ ਸਨ । ਪਰ, ਉਹਨਾਂ ਦੇ ਵਾਰਿਸਾਂ ਨੇ ਫਿਰ ਅੰਗਰੇਜ਼ ਹਕੂਮਤ ਦੀ ਗੁਲਾਮੀ ਸਵੈ - ਇੱਛਾ ਨਾਲ , ਕੇਵਲ ਪਦਾਰਥਕ ਖੁਸ਼ਹਾਲੀ ਲਈ ਸਹੇੜੀ । ਇਸ ਗੁਲਾਮੀ ਦੇ ਅਹਿਸਾਸ ਨੇ ਹੀ ਕਹਾਣੀਆਂ ਦੇ ਮੁੱਖ-ਪਾਤਰਾਂ ਵਿਚ ਗੁਨਾਹ-ਭਾਵਨਾ ਭਰੀ । ਬਰਤਾਨੀਆ ਦੇ ਪ੍ਰਸੰਗ ਵਿਚ ਗੁਨਾਹ-ਭਾਵਨਾ ਬੜੀ ਤੀਬਰ ਰਹੀ ਹੈ । ਪਰ, ਅਮਰੀਕਾ, ਕਨੇਡਾ ਅਤੇ ਅਫ਼ਰੀਕੀ ਦੇਸ਼ਾਂ ਦੇ ਪ੍ਰਸੰਗ ਵਿਚ ਲਿਖੀ ਗਈ ਪਰਵਾਸੀ ਕਹਾਣੀ ਵਿਚ ਇਹ ਭਾਵਨਾ ਨਾਂਹ ਦੇ ਬਰਾਬਰ ਹੈ । ਇਹਨਾਂ ਦੇਸ਼ਾਂ ਦੀ ਮੁੱਢਲੀ ਕਹਾਣੀ ਵਿਚ ਕੇਵਲ ਉਦਰੇਵੇਂ ਦੀ ਹੂਕ ਹੈ ।

ਪਰਵਾਸ ਚੂੰਕਿ ਮਨੁੱਖ ਦੀਆਂ ਮੁੱਢਲੀਆਂ ਰੁਚੀਆਂ ਵਿਚ ਸ਼ਾਮਲ ਰਿਹਾ ਹੈ । ਅਤੇ ਨਾਲ ਹੀ ਨਾਲ ਬਦਲਵੇਂ ਸਭਿਆਚਾਰ ਵਿਚ ਵਿਚਰਦਿਆਂ ਆਪਣੀ ਜਨਮਭੂਮੀ ਵਾਲੇ ਸਭਿਆਚਾਰਕ ਸਰੋਕਾਰਾਂ ਨੂੰ ਬਚਾਈ ਰੱਖਣ ਦੀ ਇਕ ਤਰ੍ਹਾਂ ਦੀ ਸੰਘਰਸ਼ਮਈ ਜੀਵਨ ਸਥਿਤੀ, ਇਸ ਥਾਂ-ਬਦਲੀ ਦਾ ਮੂਲ ਦਵੰਦ ਬਣਦੀ ਰਹੀ । ਪੰਜਾਬੀਆਂ ਅੰਦਰ ਇਹ ਦਵੰਦ ਗੋਰੇ ਲੋਕਾਂ ਦੇ ਦੇਸ਼ ਦੇਖਣ ਦੀ ਰੁਚੀ ਨਾਲੋਂ ਕਿਧਰੇ ਵੱਧ ਆਪਣੀ ਅਰਧ - ਜਾਗੀਰੂ ਅਰਥ ਵਿਵਸਥਾ ਦੀਆਂ ਲੋੜਾਂ-ਥੁੜਾਂ, ਤੰਗੀਆਂ-ਤੁਰਸ਼ੀਆਂ ਦੂਰ ਕਰਨ ਦੀ ਚਾਹਤ ਨਾਲ ਵਧੇਰੇ ਜੁੜਦਾ ਰਿਹਾ। ਮੁੱਢਲੇ ਦੌਰ ਦੇ ਪਰਵਾਸਧਾਰੀ ਕਾਮਿਆਂ ਨੇ ਅਣਪੜ੍ਹਤਾ ਕਾਰਨ ਜਾਂ ਜੀਵਨ ਦੇ ਹੋਰਨਾਂ ਖੇਤਰਾਂ ਵਿਚ ਨਾ-ਮਾਤਰ ਦੀ ਸੋਝੀ ਰੱਖਦੇ ਹੋਣ ਦੀ ਸੀਮਾ ਕਾਰਨ ਪੱਛਮੀ ਦੇਸ਼ਾਂ ਵਿਚ ਕੀਤਾ ਪਰਵਾਸ, ਗੂੰਗੇ-ਬੋਲ੍ਹੇ, ਗੁਲਾਮ ਜੀਵ-ਜੰਤੂਆਂ ਵਾਂਗ ਆਪਣੇ ਹੱਡਾਂ 'ਤੇ ਹੰਢਾਇਆ ।

ਪਰ 1947 ਵਿਚ ਅੰਗਰੇਜ਼ਾਂ ਦੇ ਆਪਣੇ ਦੇਸ਼ ਪਰਤ ਜਾਣ ਪਿੱਛੋਂ ਬਰਤਾਨੀਆਂ ਦੇ ਪਰਵਾਸੀਆਂ ਅੰਦਰਲੀ ਚੁੱਪ ਨੇ ਥੋੜ੍ਹੀ ਕੁ ਕਰਵਟ ਬਦਲੀ । ਇਸ ਦਾ ਕਾਰਨ ਉਹਨਾਂ ਉਪਰ ਸਦੀ ਭਰ ਚੱਲੇ ਆਏ ਗੋਰੇ ਰਾਜ ਵੇਲੇ ਹੰਢਾਈ ਨਮੋਸ਼ੀ ਦਾ ਖ਼ਤਮ ਹੋ ਜਾਣਾ ਵੀ ਹੋ ਸਕਦਾ ਹੈ ਅਤੇ '47 ਤੋਂ ਪਿੱਛੋਂ ਪਰਵਾਸ ਕਰਕੇ ਗਏ ਪੜ੍ਹੇ ਲਿਖੇ ਵਰਗ ਅੰਦਰ ਵਿਕਸਤ ਹੋਈ ਮਨੁੱਖ ਦੇ ਬਰਾਬਰ ਹੋਣ ਦੀ ਸੂਝ ਵੀ ਹੋ ਸਕਦਾ ਹੈ । ਇਸ ਦੌਰ ਦੇ ਪੜ੍ਹੇ ਲਿਖੇ ਵਰਗ ਦੇ ਇਕ ਸੰਵੇਦਨਸ਼ੀਲ ਹਿੱਸੇ (ਕਹਾਣੀਕਾਰ) ਨੇ ਬਰਤਾਨੀਆਂ ਵਿਚ ਨਸਲੀ ਵਿਕਤਰੇ ਦੀਆਂ ਤਲਖੀਆਂ ਹੰਢਾਉਂਦੇ ਭਾਰਤੀਆਂ-ਏਸ਼ੀਆਈਆਂ ਦੀ ਪੀੜਾ ਨੂੰ ਮਹਿਸੂਸਦਿਆਂ ਬਦਲਵੇਂ ਢੰਗ ਦੇ ਵਸਤੂਗਤ ਅਤੇ ਦ੍ਰਿਸ਼ਟੀਗਤ ਪਾਸਾਰ ਰੂਪਮਾਨ ਕਰਨ ਦੇ ਉਪਰਾਲੇ ਆਰੰਭ ਦਿੱਤੇ (ਸ਼ਿਵਚਰਨ ਗਿੱਲ ਦੀ ਕਹਾਣੀ 'ਕਮਾਈ', ਸਵਰਨ ਚੰਦਨ ਦੀ ਕਹਾਣੀ 'ਦਾਲ ਰੋਟੀ ਖਾਣ ਵਾਲੇ') ।

ਅਜਿਹੀਆਂ ਲਿਖਤਾਂ ਦੇ ਸਮਾਨੰਤਰ, ਬਰਤਾਨੀਆਂ ਤੋਂ ਇਲਾਵਾ ਅਮਰੀਕਾ ਕਨੇਡਾ ਆਦਿ

ਦੇਸ਼ਾਂ ਵਿਚ ਪੁੱਜੀ ਪੰਜਾਬੀ ਪਰਵਾਸੀਆਂ ਦੀ ਪੀੜਾ ਨੂੰ ਚਿੱਤਰਦੀ ਪੰਜਾਬੀ ਕਹਾਣੀ ਵੀ ਸੀ। ਇਹਨਾਂ ਦੇਸ਼ਾਂ ਵਿਚ ਪੁੱਜੇਲੋਕ ਜਗੀਰੂ ਪਿਛੋਕੜ ਵਿਚੋਂ ਇਕ ਦਮ ਵਿਕਸਤ ਪੂੰਜੀਵਾਦੀ ਸਭਿਆਚਾਰ ਵਿਚ ਪ੍ਰਵੇਸ਼ ਕਰਨ ਅਤੇ ਪਦਾਰਥਕ ਸੁੱਖ ਸੁਵਿਧਾ ਵਾਲੇ ਨਵੇਂ ਚੌਗਿਰਦੇ ਵਿਚ ਵਿਚਰਨ ਕਾਰਨ ਬਰਤਾਨਵੀ ਪਰਵਾਸੀਆਂ ਵਾਂਗ ਭੂ-ਹੇਰਵੇ ਦਾ ਸ਼ਿਕਾਰ ਤਾਂ ਹੋਏ, ਪਰ ਨਸਲੀ ਵਿਕਤਰਾ ਤੀਖਣ ਰੂਪ ਵਿਚ ਉਨ੍ਹਾਂ ਸਾਹਮਣੇ ਨਹੀਂ ਆਇਆ । ਪਰਵਾਸੀ ਕਹਾਣੀ ਦੇ ਸਮੀਖਿਆਕਾਰ ਇਸ ਦੌਰ ਦੀਆਂ ਲਿਖਤਾਂ, ਜਿਹਨਾਂ ਵਿਚ ਪੱਛਮੀ ਸਭਿਆਚਾਰ ਦੇ ਤੀਖਣ ਪ੍ਰਭਾਵਾਂ ਨੂੰ ਝੱਲਦਿਆਂ ਹੋਇਆਂ ਵੀ ਪਰਵਾਸੀ ਆਪਣੀ ਆਰਥਿਕ ਦਸ਼ਾ ਸੁਧਾਰਨ ਵੱਲ ਰੁਚਿਤ ਰਹਿੰਦੇ ਹਨ, ਨੂੰ ਦੂਜੇ ਪੜਾਅ ਦੀਆਂ ਲਿਖਤਾਂ ਵਿਚ ਅੰਕਤ ਕਰਦੇ ਹਨ। ਇਸ ਪੜਾਅ ਨੂੰ ਸਮੀਖਿਆਕਾਰ ਅੱਠਵੇਂ ਦਹਾਕੇ ਦੇ ਨੇੜੇ-ਤੇੜੇ ਸ਼ੁਰੂ ਹੋਇਆ ਦੱਸਦੇ ਹਨ । ਇਸ ਦੂਜੇ ਪੜਾਅ ਦੀ ਕਹਾਣੀ ਜਿੱਥੇ ਉਦਰੇਵੇਂ ਦੀ ਭ੍ਰਾਂਤੀ ਤੋਂ ਮੁਕਤ ਹੋਣ ਦੀ ਮਾਨਸਿਕ ਪ੍ਰਕਿਰਿਆ ਵੱਲ ਰੁਚਿਤ ਹੈ, ਉਥੇ ਮਰਦ-ਔਰਤ ਦੇ ਸੰਬੰਧਾਂ ਦੇ ਪ੍ਰਸੰਗ ਵਿਚ ਪਰਵਾਸੀਆਂ ਦੀ ਟੈਬੂ-ਚੇਤਨਾ ਅਤੇ ਵਿਕਸਤ ਦੇਸ਼ਾਂ ਦੀ ਲਿੰਗ-ਖੁਲ੍ਹ ਨੂੰ ਵਿੰਅਗ ਦੀ ਦ੍ਰਿਸ਼ਟੀ ਨਾਲ ਰੂਪਮਾਨ ਕਰਦੀ ਹੋਈ ਨਵੇਂ ਪ੍ਰਤੀਮਾਨ ਤਲਾਸ਼ਣ ਲਈ ਯਤਨਸ਼ੀਲ ਹੋਈ ਹੈ । ਇਹ ਨਵੇਂ ਪ੍ਰਤੀਮਾਨ ਹੰਢਣਸਾਰ ਭਾਵੇਂ ਨਾ ਵੀ ਹੋਣ ਤਾਂ ਵੀ ਇਹ ਕਹਾਣੀ ਦੇ ਅਗਲੇ ਭਾਵ ਤੀਜੇ ਵਿਕਾਸ ਪੜਾਅ ਦੀ ਆਧਾਰਸ਼ਿਲਾ ਜ਼ਰੂਰ ਬਣਦੇ ਹਨ । ਇਹ ਤੀਜਾ ਪੜਾਅ ਪਰਵਾਸੀ ਪੰਜਾਬੀ ਕਹਾਣੀ ਵਿਚ ਨੌਂਵੇਂ ਦਹਾਕੇ ਦੇ ਨੇੜੇ ਤੇੜੇ ਸ਼ੁਰੂ ਹੋਇਆ ਅੰਗਿਆ ਜਾਂਦਾ ਹੈ । ਇਸ ਪੜਾਅ ਦੀ ਕਹਾਣੀ ਕਨੇਡੀਅਨ ਸਭਿਆਚਾਰ ਦੇ ਤੀਖਣ ਪ੍ਰਭਾਵਾਂ ਅਤੇ ਪਰਵਾਸੀ ਪੰਜਾਬੀਆਂ ਦੇ ਮੂਲ ਸਭਿਆਚਾਰ ਦੇ ਮੁੱਲਾਂ-ਅਵਮੁੱਲਾਂ ਵਿਚਕਾਰਲੀ ਟੱਕਰ ਨੂੰ, ਪੱਛਮੀ ਵਰਤਾਰੇ ਵਿਚ ਪਰਵਾਸੀ ਪੰਜਾਬੀ ਇਸਤਰੀ ਦੇ ਆਪਣੇ ਪੈਰਾਂ ਉਤੇ ਖੜ੍ਹੇ ਹੋਣ ਦੀ ਪ੍ਰਕਿਰਿਆ ਨੂੰ, ਅਤੇ ਲਿੰਗ - ਖੁਲ੍ਹ ਵਾਲੀ ਸੰਸਕ੍ਰਤੀ ਕਾਰਨ ਦੰਪਤੀ ਜੀਵਨ ਵਿਚ ਪੈਦਾ ਹੋਏ ਤਣਾਅ ਨੂੰ ਆਪਣੀ ਕਾਰ-ਵਲਗਣ ਅੰਦਰ ਸਮੋਂਦੀ, ਇਕ ਤਰ੍ਹਾਂ ਨਾਲ ਪੱਛਮੀ ਸੰਸਕ੍ਰਿਤੀ ਨਾਲ ਸੰਵਾਦ ਰਚਾਉਣ ਦੀ ਪ੍ਰਕਿਰਿਆ ਵੱਲ ਰੁਚਿਤ ਰਹੀ ਹੈ ।

ਡਾ. ਅਤਰ ਸਿੰਘ ਨੇ ਉਪਰੋਕਤ ਤਿੰਨਾਂ ਪੜਾਵਾਂ ਨੂੰ ਸੂਤਰਬੱਧ ਕਰਦਿਆਂ ਲਿਖਿਆ ਹੈ - ਪਹਿਲਾ ਪੜਾਅ ਪਿੱਛੇ ਰਹਿ ਗਏ ਦੇਸ਼ ਦੀ ਰੁਮਾਂਟਿਕ ਯਾਦ ਦਾ ਸੀ, ਦੂਜਾ ਪੜਾਅ ਪਰਾਈ ਧਰਤੀ 'ਚ ਆਰਥਿਕ ਸਫ਼ਲਤਾ ਲਈ ਕਠੋਰ ਸੰਘਰਸ਼ ਦਾ ਅਤੇ ਤੀਜਾ ਪੜਾਅ ਪੀੜ੍ਹੀਆਂ ਤੇ ਸਭਿਆਚਾਰ ਦੀ ਟੱਕਰ ਦਾ ਸੀ ।

ਕਨੇਡਾ ਦੇ ਪਰਵਾਸੀ ਪੰਜਾਬੀ ਕਹਾਣੀਕਾਰਾਂ ਬਾਰੇ ਜਦੋਂ ਇਹ ਪੜਾਅ ਧਾਰਨਾ ਅੰਕਤ ਕੀਤੀ ਜਾ ਰਹੀ ਹੈ ਤਾਂ ਇਸਦਾ ਅਰਥ ਇਹ ਬਿਲਕੁਲ ਨਹੀਂ ਕਿ ਕਨੇਡਾ ਰਹਿੰਦੇ ਸਾਰੇ ਦੇ ਸਾਰੇ ਪੰਜਾਬੀ ਕਹਾਣੀਕਾਰ ਉਸ ਪੱਧਰ ਦੀ ਰਚਨਾ ਕਰਨ ਦੇ ਸਮਰੱਥ ਹਨ, ਜਿਹੜੀ ਦੇਸ਼ੀ-ਬਦੇਸ਼ੀ ਸਭਿਆਚਾਰਾਂ ਅਤੇ ਪੀੜ੍ਹੀਆਂ ਦੀ ਟੱਕਰ ਅਤੇ ਸੁਮੇਲ ਚੋਂ ਕੋਈ ਨਿਵੇਕਲੇ ਜੀਵਨ ਮੁੱਲਾਂ ਦੀ ਨਿਸ਼ਾਨਦੇਹੀ ਕਰ ਸਕਦੀ ਹੋਵੇ । ਪਰ ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ ਦੁਆਰਾ ਸੰਪਾਦਤ ਕਹਾਣੀ-ਸੰਗ੍ਰਹਿ 'ਕਥਾ - ਕਨੇਡਾ' ਦੀਆਂ ਵਧੇਰੇ ਕਹਾਣੀਆਂ ਅਜਿਹਾ ਕਾਰਜ ਨਿਭਾਉਣ ਦੀ ਯੋਗਤਾ ਜ਼ਰੂਰ ਰੱਖਦੀਆਂ ਹਨ ।

ਇਸ ਪੁਸਤਕ ਦੀ ਪ੍ਰਵੇਸ਼ਕਾ ਵਿਚ ਡਾ. ਰਘਬੀਰ ਸਿੰਘ ਨੇ ਇਹਨਾਂ ਗਿਆਰਾਂ ਕਹਾਣੀਆਂ ਵਿਚੋਂ ਦੋ ਨੂੰ ਛੱਡ ਕੇ ਬਾਕੀ ਸਭ ਕਹਾਣੀਆਂ ਦੇ ਮੂਲ ਵਸਤੂਗਤ ਸਰੋਕਾਰ ਨੂੰ ਨਵੇਂ ਸਮਾਜਕ-ਸਭਿਆਚਾਰਕ ਪਰਿਵੇਸ਼ ਵਿਚ ਪੰਜਾਬੀ ਪਰਵਾਸੀਆਂ ਦੇ ਇਕ ਸੁਰ ਹੋਣ ਦੀ ਸਮੱਸਿਆ ਨਾਲ ਓਤਪੋਤ



ਹੁੰਦੀਆਂ ਦਰਸਾਇਆ ਹੈ । ਉਹ ਲਿਖਦੇ ਹਨ ਕਿ 'ਪੰਜਾਬੀ ਪਰਵਾਸੀ ਵਿਕਸਿਤ ਪੂੰਜੀਵਾਦੀ ਅਰਥ-ਵਿਵਸਥਾ ਅਤੇ ਆਪਣੇ ਮੂਲ ਦੇਸ਼ ਦੇ ਟਾਕਰੇ ਬਿਹਤਰ ਰਾਜ-ਵਿਵਸਥਾ ਵਿਚ ਆ ਕੇ ਚੰਗੇ ਪਾਸੇ ਵੱਲ ਤਬਦੀਲੀ ਦਾ ਅਹਿਸਾਸ ਤਾਂ ਕਰਦੇ ਹਨ ਪਰ ਇਸ ਨਾਲ ਹੀ ਪਿੰਡ ਦੀ ਅਰਧ-ਜਗੀਰੂ ਸੰਸਕ੍ਰਿਤੀ ਵਾਲੀ ਸੁਸਤ ਚਾਲ ਜ਼ਿੰਦਗੀ ਦੇ ਟਾਕਰੇ ਕਨੇਡਾ ਦੀ ਤੇਜ਼ ਰਫਤਾਰ ਪੂੰਜੀਵਾਦੀ ਸੰਸਕ੍ਰਿਤੀ ਉਹਨਾਂ ਨੂੰ ਪ੍ਰੇਸ਼ਾਨ ਵੀ ਕਰਦੀ ਹੈ । ਇਸ ਸੰਬੰਧ ਵਿਚ ਔਰਤਾਂ ਦੀ ਮੁਕਾਬਲਤਨ ਆਜ਼ਾਦੀ ਅਤੇ ਪੀੜ੍ਹੀਆਂ ਦਾ ਪਾੜਾ ਚਿੰਤਾ ਉਪਜਾਉਂਦੇ ਹਨ ।' ਜਰਨੈਲ ਸਿੰਘ ਦੀ ਕਹਾਣੀ 'ਦੋ-ਟਾਪੂ', ਸੁਰਜੀਤ ਕਲਸੀ ਦੀ ਰਚਨਾ 'ਮੇਲੋ ਦੀ ਕਹਾਣੀ', ਅਮਨਪਾਲ ਸਾਰਾ ਦੀ ਕਹਾਣੀ 'ਜੂਠੀ ਪਲੇਟ' ਅਤੇ ਸਾਧੂ ਬਿਨਿੰਗ ਦੀ ਕਹਾਣੀ 'ਬਰਫ਼ ਦਾ ਗੀਤ' ਨੂੰ ਇਸ ਵੰਨਗੀ ਵਿਚ ਰੱਖ ਕੇ, ਡਾ. ਰਘਬੀਰ ਸਿੰਘ ਔਰਤ-ਮਰਦ ਦੇ ਰਿਸ਼ਤੇ ਤੇ ਪਰਿਵਾਰ ਦੇ ਬਦਲਦੇ ਸੰਕਲਪਾਂ ਦੀ ਨਿਸ਼ਾਨਦੇਹੀ ਕਰਦੇ ਲਿਖਦੇ ਹਨ ਕਿ 'ਪੂੰਜੀਵਾਦੀ ਵਿਵਸਥਾ ਵਿਚ ਪੰਜਾਬੀ ਮਨੁੱਖ ਦੇ ਸੁਆਰਥੀ ਹੋ ਜਾਣ, ਪੁਰਾਣੀਆਂ 'ਚੰਗੀਆਂ' ਕਦਰਾਂ-ਕੀਮਤਾਂ ਦਾ ਤਿਆਗ ਕਰਨ ਕਾਰਨ, ਇਕ ਤ੍ਰਾਸਦੀ-ਭਰਿਆ ਮਾਹੌਲ ਸਿਰਜਿਆ ਜਾਂਦਾ ਹੈ ।' ਇਹ ਕਹਾਣੀਆਂ ਕੋਈ ਫ਼ਤਵਾ ਦੇਣ ਦੀ ਥਾਂ ਪੂੰਜੀਵਾਦ ਅਤੇ ਭੂਪਵਾਦੀ ਅਰਥ-ਵਿਵਸਥਾ ਦੀਆਂ ਕਦਰਾਂ-ਕੀਮਤਾਂ ਵਿਚ ਸੱਚ-ਝੂਠ ਦਾ ਨਿਤਾਰਾ ਕਰਨ ਲਈ ਪਾਠਕੀ ਮਾਨਸਿਕਤਾ ਲਈ ਸੰਵਾਦ ਭਰਪੂਰ ਬਿੰਦੂ ਉਭਾਰਦੀਆਂ ਹਨ ।

ਇਸ ਪੁਸਤਕ ਦੀ ਪਹਿਲੀ ਕਹਾਣੀ 'ਦੋ ਟਾਪੂ' ਵਿਚ ਜਰਨੈਲ ਸਿੰਘ ਨੇ ਪਰਵਾਸੀ ਪੰਜਾਬੀਆਂ ਦੇ ਦੰਪਤੀ ਜੀਵਨ ਦੀਆਂ ਯਥਾਰਥਕ ਸਮੱਸਿਆਵਾਂ ਨੂੰ ਬੜੇ ਯਥਾਰਥਕ ਰੂਪ ਵਿਚ ਚਿਤਰਿਆ ਹੈ । ਇਸ ਕਹਾਣੀ ਵਿਚ, ਕਨੇਡਾ ਰਹਿ ਰਹੇ ਦਸ ਜਮਾਤਾਂ ਪੜ੍ਹੇ ਬਲਰਾਜ ਦਾ ਵਿਆਹ ਐਮ.ਐਸ.ਸੀ. ਪਾਸ ਪੰਜਾਬੀ ਕੁੜੀ ਪਾਸ਼ੀ ਨਾਲ ਹੋ ਜਾਂਦਾ ਹੈ । ਦੋਹਾਂ ਦਾ ਦੰਪਤੀ ਜੀਵਨ ਕੁਝ ਆਮ ਮੁਸ਼ਕਲਾਂ ਦੇ ਬਾਵਜੂਦ ਸੰਤੁਲਨਮਈ ਢੰਗ ਨਾਲ ਚਲ ਰਿਹਾ ਹੁੰਦਾ ਹੈ ਕਿ ਪਾਸ਼ੀ ਦੇ ਮਾਪਿਆਂ ਨੂੰ ਕਨੇਡਾ ਬੁਲਾਉਣ ਤੋਂ ਪਿੱਛੋਂ ਸਥਿਤੀ ਵਿਚ ਤਣਾਅ ਉਭਰਨਾ ਸ਼ੁਰੂ ਹੋ ਜਾਂਦਾ ਹੈ । ਪੱਛਮੀ ਵਿਅਕਤੀਵਾਦੀ ਅਤੇ ਨਾਰੀਵਾਦੀ ਚੇਤਨਾ ਤੋਂ ਪ੍ਰੇਰਿਤ ਪਾਸ਼ੀ ਅਪਣੇ ਬਰਾਬਰ ਦੇ ਹੱਕ ਜਤਲਾਉਣ ਨੂੰ ਜਾਇਜ਼ ਸਮਝਦੀ ਹੈ ਜਦ ਕਿ ਬਲਰਾਜ ਦਾ ਭਾਰਤੀ ਜਵਾਈਪੁਣੇ ਵਾਲਾ ਅਵਚੇਤਨ ਇਹ ਸਹਿਣ ਨਹੀਂ ਕਰ ਸਕਦਾ । ਸਿੱਟਾ ਦੰਪਤੀ ਜੀਵਨ ਦੇ ਟੁੱਟਣ ਵਿਚ ਨਿਕਲਦਾ ਹੈ । ਭਾਵੇਂ ਬੱਚੇ ਦੋ ਟਾਪੂਆਂ ਵਿਚਕਾਰ ਪੁਲ ਬਣੇ ਰਹਿੰਦੇ ਹਨ, ਪਰ ਵਸਤੂ ਯਥਾਰਥ ਇਹ ਹੈ ਕਿ ਤਣਾਅ ਤੋਂ ਮੁਕਤੀ ਹੁਣ ਨਾ ਉਹਨਾਂ ਦੇ ਇਕੱਠੇ ਰਹਿਣ ਵਿਚ ਹੈ, ਨਾ ਅਲੱਗ ਰਹਿਣ ਵਿਚ ।

ਇਸ ਵੰਨਗੀ ਦੀ ਦੂਜੀ ਕਹਾਣੀ ਸੁਰਜੀਤ ਕਲਸੀ ਦੀ 'ਮੇਲੋ ਦੀ ਕਹਾਣੀ' ਦਾ ਗੁਲਵੰਤ ਸ਼ਰਾਬ ਤੇ ਜੂਏ ਦੀ ਗੁਲਾਮੀ ਵਰਗੀ ਹਾਲਤ ਹੰਢਾਉਣ ਦੀ ਅਵਸਥਾ ਵਿਚ ਪੁੱਜਾ ਮੇਲੋ ਨੂੰ ਕੁੱਟਣ ਮਾਰਨ ਤੋਂ ਬਾਜ਼ ਨਹੀਂ ਆਉਂਦਾ। ਸੈਪੇਰੇਸ਼ਨ ਦੇ ਕਨੇਡਾ ਸਭਿਆਚਾਰ ਦੇ ਪ੍ਰਚਲਤ ਹਥਿਆਰ ਨੇ ਉਹਨਾਂ ਨੂੰ ਵੱਖ ਵੱਖ ਰਹਿਣ ਲਈ ਮਜਬੂਰ ਕਰ ਦਿੱਤਾ ਹੈ । ਭਾਵੇਂ ਮੇਲੋ ਦੇ ਧੁਰ ਅੰਦਰ ਗੁਲਵੰਤ ਲਈ ਕਾਫੀ ਸਾਰੀ ਕਸਕ ਵੀ ਬਣੀ ਰਹਿੰਦੀ ਹੈ, ਪਰ ਗੁਲਵੰਤ ਦੇ ਹਲਕੀ ਕਿਸਮ ਦੇ ਹੱਥਕੰਡਿਆਂ ਸਾਹਮਣੇ ਉਹ ਫਿਰ ਅੜੀ ਰਹਿੰਦੀ ਹੈ । ਗੁਲਵੰਤ ਦੇ ਦੂਜਾ ਵਿਆਹ ਕਰਵਾ ਲੈਣ ਨੂੰ, ਉਹ ਉਸ ਨੂੰ ਜੂਏ ਦੀ ਖੇਡ ਵਾਂਗ, ਜੀਵਨ ਦੀ ਖੇਡ ਵਿਚ ਵੀ ਹਾਰ ਜਾਣ ਦਾ ਫਤਵਾ ਦਿੰਦੀ ਹੈ ।

ਅਮਨਪਾਲ ਸਾਰਾ ਦੀ ਕਹਾਣੀ 'ਸਰਦ ਰਿਸ਼ਤੇ' ਪੰਜਾਬ ਦੇ ਦੁਆਬਾ ਇਲਾਕੇ ਦੀ ਛੋਟੀ

ਕਿਸਾਨੀ ਦੇ ਉਸ ਵੱਡੇ ਹਿੱਸੇ ਦੀ ਕਹਾਣੀ ਹੈ, ਜਿਹੜਾ ਆਪਣਾ ਸਭ ਕੁਝ ਦਾਅ 'ਤੇ ਲਾ ਕੇ ਆਪਣੇ ਨੌਜੁਆਨ ਮੁੰਡਿਆਂ ਨੂੰ ਅਮਰੀਕਾ-ਕਨੇਡਾ ਭੇਜ ਦਿੰਦਾ ਹੈ। ਪੱਛਮੀ ਦੇਸ਼ਾਂ ਦੀ ਖ਼ਪਤ ਕਲਚਰ ਵਿਚ ਗ਼ਲਤਾਨ ਹੋਏ ਇਹ ਮੁੰਡੇ ਪਿੰਡ ਦਾ ਇਕ-ਅੱਧ ਗੇੜਾ ਮਾਰਨ ਦੀ ਗੁੰਜਾਇਸ਼ ਵੀ ਨਹੀਂ ਕੱਢ ਸਕਦੇ। ਮਜਬੂਰੀ ਵੱਸ ਉਹ ਆਪਣੇ ਬਜ਼ੁਰਗਾਂ ਨੂੰ ਵੀ ਉਧਰ ਲੈ ਜਾ ਕੇ ਫਾਰਮਾਂ ਵਿਚ ਕੰਮ ਕਰਨ ਲਈ ਮਜਬੂਰ ਕਰਦੇ ਹਨ। ਇਸ ਵਿਸ਼ੇ ਨੂੰ ਛੋਂਹਦੀ ਕਹਾਣੀ 'ਸਰਦ ਰਿਸ਼ਤੇ' ਦਾ ਉਮਰ ਦੇ ਤਕਾਜ਼ੇ ਹੱਥੋਂ ਆਤੁਰ ਹੋਇਆ ਇਕ ਬਜ਼ੁਰਗ ਸਾਰਾ ਦਿਨ ਗੁਰਦੁਆਰਿਆਂ ਵਿਚ ਗੁਜ਼ਾਰਨ ਦੀ ਬੇਬਸੀ ਦੇ ਆਲਮ ਵਿਚ ਵਿਚਰਦਾ ਹੈ।

ਸੁਖਵੰਤ ਹੁੰਦਲ ਦੀ ਕਹਾਣੀ 'ਜੂਠੀ ਪਲੇਟ' ਦੀ ਪੜ੍ਹੀ-ਲਿਖੀ ਮਿੰਦਰ ਕਨੇਡਾ ਰਹਿੰਦੇ ਇਕ ਨੌਜੁਆਨ ਨਾਲ ਵਿਆਹੀ ਜਾਂਦੀ ਹੈ ਜਿਹੜਾ ਦੇਖਣ-ਚਾਖਣ ਨੂੰ ਤਾਂ ਉਸਦੇ ਸੁਪਨਿਆਂ ਦਾ ਮਰਦ ਲਗਦਾ ਹੈ ਪਰ, ਵਿਵਿਹਾਰ ਵਿਚ ਨਿਰਾ ਉਜੱਡ, ਨਾਮੀ-ਕਮਾਮੀਂ ਸ਼ਰਾਬੀ, ਜੂਏਬਾਜ਼, ਇਸਤਰੀ ਨੂੰ ਪੈਰ ਦੀ ਜੁੱਤੀ ਸਮਝਣ ਵਾਲਾ ਹੈਂਕੜਬਾਜ਼ ਕਿਸਮ ਦਾ ਆਦਮੀ ਸਿੱਧ ਹੁੰਦਾ ਹੈ। ਉਹ ਦੋਸਤਾਂ-ਮਿੱਤਰਾਂ ਦੀ ਮਹਿਫ਼ਲ ਵਿਚ ਸਗੋਂ ਚੁਾਮਲਕੇ ਮਿੰਦਰ ਨੂੰ ਘਰ-ਗ੍ਰਹਿਣੀ ਸਤਿਕਾਰ ਦੇਣ ਦੀ ਥਾਂ ਉਸ ਨਾਲ ਵਹਿਸ਼ੀਆਂ ਵਾਲਾ ਵਤੀਰਾ ਕਰਦਾ ਹੈ। ਇਹਨਾਂ ਹਾਲਤਾਂ ਵਿਚ ਮਿੰਦਰ ਆਪਣੇ ਆਪ ਨੂੰ ਜੂਠੀ ਪਲੇਟ ਤੋਂ ਵੱਧ ਕੁਝ ਨਹੀਂ ਸਮਝਦੀ।

ਇਸ ਵੰਨਗੀ ਦੀ ਇਕ ਹੋਰ ਮਹੱਤਵਪੂਰਨ ਕਹਾਣੀ ਸਾਧੂ ਬਿਨਿੰਗ ਦੀ 'ਬਰਫ ਦਾ ਗੀਤ' ਹੈ। ਇਸ ਕਹਾਣੀ ਵਿਚ ਚਰਨ ਸਿੰਘ ਬਲਵੰਤ ਕੌਰ ਦੀ ਪੂੰਜੀਕ੍ਰਿਤ ਪੱਛਮੀ ਸਮਾਜ ਵਿਚ ਹੋ ਰਹੇ ਹਸ਼ਰ ਦੀ ਕਥਾ ਹੈ। ਉਹਨਾਂ ਦੇ ਇਕੋ ਇਕ ਪੁੱਤਰ ਜਸਵੰਤ, ਜੋ ਕੈਲਗਰੀ ਸ਼ਹਿਰ ਵਿਚ ਛੋਟੇ-ਮੋਟੇ ਕੰਮਾਂ ਤੋਂ ਉਠ ਕੇ ਨਵੇਂ ਘਰ ਬਣਾਉਣ-ਵੇਚਣ ਵਾਲਾ ਠੇਕੇਦਾਰ ਬਣ ਗਿਆ ਹੈ, ਦੀ ਪੈਸਾ ਵਧਾਉਣ ਦੀ ਹੋੜ ਨੇ ਮਾਪਿਆਂ ਨੂੰ ਆਪਣੇ ਮਕਾਨ ਦੀ ਇਕ ਬੇਸਮੈਂਟ ਵਿਚ ਰਹਿਣ ਲਈ ਮਜਬੂਰ ਕਰ ਦਿੱਤਾ ਹੋਇਆ ਹੈ। ਇਸ ਬੇਸਮੈਂਟ ਦੀ ਘੁਟਣ ਤੋਂ ਤੰਗ ਆਈ ਬਲਵੰਤ ਕੌਰ ਆਪਣੀ ਧੀ ਪਾਸ ਰਹਿਣ ਚਲੀ ਜਾਂਦੀ ਹੈ। ਜਦਕਿ ਘਰ ਪਰਿਵਾਰ ਵਿਚ ਇਕੱਠੇ ਰਹਿਣ, ਪੋਤੇ ਪੋਤਰੀਆਂ, ਬਾਲ ਬੱਚਿਆਂ ਨਾਲ ਹੱਸਣ ਖੇਡਣ, ਗੱਪ-ਸ਼ਪ ਮਾਰਨ ਦੀ ਚਾਹਤ ਨੂੰ ਇਕ ਦਮ ਨੱਪ-ਘੁੱਟ ਕੇ ਚਰਨ ਸਿੰਘ ਅਪਣੇ ਮਿੱਤਰ ਜਵਾਲਾ ਸਿੰਘ ਦੇ ਮਕਾਨ ਵਿਚ ਪੁੱਜ ਜਾਂਦਾ ਹੈ।

ਇਸ ਪੁਸਤਕ ਵਿਚਲੀਆਂ ਇਹ ਪੰਜ ਕਹਾਣੀਆਂ ਪੱਛਮ ਦੇ ਖ਼ਪਤ ਕਲਚਰ ਅਤੇ ਪੰਜਾਬ ਦੀ ਅਰਧ ਜਗੀਰੂ ਤੇ ਸਾਮੰਤੀ ਮਾਨਸਿਕਤਾ ਵਿਚਕਾਰਲੇ ਟਕਰਾਅ ਕਾਰਨ ਦੰਪਤੀ ਜੀਵਨ ਅਤੇ ਘਰ -ਪਰਿਵਾਰਾਂ ਅੰਦਰ ਪੈਦਾ ਹੋਏ ਤਣਾਅ ਲਈ ਇਕੋ ਤਰ੍ਹਾਂ ਦੀ ਫਾਰਮੂਲੇਸ਼ਨ ਤੇ ਉਸਾਰੀਆਂ ਪੰਜਾਬੀ ਪਰਵਾਸੀਆਂ ਦੀ ਹੋਂਦ ਅਤੇ ਹੋਣੀ ਨੂੰ ਪੱਛਮੀ ਸਮਾਜ ਦੇ ਸੰਦਰਭ ਵਿਚ ਨਿਸ਼ਚਿਤ ਕਰਨ ਲਈ ਸਭਿਆਚਾਰਕ ਸੰਵਾਦ ਰਚਾਉਣ ਵੱਲ ਅਵੱਸ਼ ਰੁਚਿਤ ਹਨ। ਪਰ ਦੋਨਾਂ ਸੰਸਕ੍ਰਿਤੀਆਂ ਦੇ ਸਾਂਸਕ੍ਰਿਤਕ ਸੰਵਾਦ ਨੂੰ ਆਪਣੀ ਰਚਨਾ-ਵਸਤੂ ਬਣਾਉਣ ਵਾਲੀਆਂ ਇਹਨਾਂ ਕਹਾਣੀਆਂ ਦੀ ਕਲਾ ਪੱਖੋਂ ਕਮਜ਼ੋਰੀ ਇਹ ਹੈ ਕਿ ਇਹਨਾਂ ਸਭਨਾਂ ਦਾ ਉਸਾਰ ਲਗਪਗ ਇਕੋ ਜਿਹੇ ਮਕਾਨਕੀ ਮਾਡਲ ਰਾਹੀਂ ਹੋਇਆ ਹੈ। ਜਰਨੈਲ ਸਿੰਘ ਦੀ 'ਦੋ ਟਾਪੂ', ਅਮਨਪਾਲ ਦੀ 'ਸਰਦ ਰਿਸ਼ਤੇ', ਸਾਧੂ ਬਿਨਿੰਗ ਦੀ 'ਬਰਫ਼ ਦਾ ਗੀਤ' ਵਿਚਲਾ ਦਵੰਦ ਦੋ ਪੀੜ੍ਹੀਆਂ ਵਿਚਕਾਰਲੇ ਤਣਾਓ ਕਾਰਨ ਹੈ ਅਤੇ 'ਮੇਲੋ ਦੀ ਕਹਾਣੀ' ਅਤੇ 'ਜੂਠੀ ਪਲੇਟ' ਵਿਚ ਮਰਦ ਇਸਤਰੀ ਦੇ ਆਪਸੀ ਤਣਾਓ ਕਾਰਨ। ਇਸ ਦਵੰਦ ਦੇ ਹੋਰ ਵਧੇਰੇ ਪਾਸਾਰ, ਜੋ



ਕਨੇਡਾ ਰਹਿੰਦੇ ਭਾਰਤੀਆਂ-ਪੰਜਾਬੀਆਂ ਦੇ ਘਰਾਂ ਦੇ ਟੁੱਟਣ ਦਾ ਕਾਰਨ ਬਣਦੇ ਹਨ, ਬਣ ਸਕਦੇ ਹਨ, ਜਾਂ ਪੰਜਾਬੀ-ਭਾਰਤੀ ਪਰਵਾਸੀ ਜਨ ਜੀਵਨ ਵਿਚ ਇਹਨਾਂ ਕਹਾਣੀਕਾਰਾਂ ਨੇ ਅਕਸਰ ਦੇਖੇ-ਘੋਖੇ ਹਨ ; ਉਹਨਾਂ ਉਪਰ ਇਹ ਫਾਰਮੂਲੇਸ਼ਨ ਲਾਗੂ ਨਹੀਂ ਹੁੰਦੀ। ਉਹਨਾਂ ਹਾਲਤਾਂ ਵਿਚ ਅਜਿਹੀ ਟੁੱਟ-ਭੱਜ ਦੇ ਕਾਰਨਾਂ ਦੀ ਨਿਸ਼ਾਨਦੇਹੀ ਕਰਨ ਲਈ ਵਸਤੂ-ਮੁਖ ਅਤੇ ਨਿਜਭਾਵੀ ਦ੍ਰਿਸ਼ਟੀ ਦੇ ਹੋਰ ਵਧੇਰੇ ਸੰਘਣੇ ਅਨੁਪਾਤ ਦੀ ਲੋੜ ਮਹਿਸੂਸ ਹੁੰਦੀ ਹੈ। ਇਹ ਕਾਰਜ ਰਾਜਨੀਤਕ ਪ੍ਰਿਸ਼ਠਭੂਮੀ ਦੀ ਮਿਸਾਲੀ ਧਰਤੀ ਉਤੇ ਗਦਰੀ ਬਾਬਿਆਂ ਦੀ ਰਾਜਨੀਤਕ-ਸਮਾਜਕ ਚੇਤਨਤਾ ਨੂੰ ਅੱਜ ਦੇ ਵਿਕਸਤ ਕਨੇਡੀਅਨ ਸਮਾਜ ਦੇ ਸੰਦਰਭ ਅੰਦਰ, ਸਾਹਿਤਕ ਸੂਝ ਵਿਚ ਉਲਥਾਣ ਨਾਲ ਵਧੇਰੇ ਕੁਸ਼ਲਤਾ ਨਾਲ ਹੋ ਸਕਦਾ ਹੈ। ਇਹਨਾਂ ਕਹਾਣੀਆਂ ਬਾਰੇ ਕੀਤੀ ਇਸ ਟਿੱਪਣੀ ਦਾ ਅਰਥ ਇਹਨਾਂ ਦੀ ਅਹਿਮੀਅਤ ਨੂੰ ਘਟਾਕੇ ਵੇਖਣਾ ਬਿਲਕੁਲ ਨਹੀਂ, ਸਗੋਂ ਸਾਧੂ ਬਿਨਿੰਗ, ਅਮਨਪਾਲ ਸਾਰਾ ਵਰਗੇ ਪ੍ਰਤਿਸ਼ਠਾਵਾਨ ਕਹਾਣੀਕਾਰਾਂ ਤੋਂ ਬ੍ਰਹਿਮੰਡੀ ਸਭਿਆਚਾਰਕ ਪਾਸਾਰ ਵਾਲੀਆਂ ਕਹਾਣੀ ਕਿਰਤਾਂ ਦੀ ਆਸ ਰੱਖਣਾ ਹੈ।

ਇਸ ਪੁਸਤਕ ਵਿਚ ਇਸ ਤਰ੍ਹਾਂ ਦਾ ਬ੍ਰਹਿਮੰਡੀ ਪਾਸਾਰ ਡਾ. ਸਾਧੂ ਸਿੰਘ ਦੀ ਕਹਾਣੀ 'ਪੁਰਸਲਾਤ' ਨੇ ਬੇਹੱਦ ਸੂਖਮਤਾ ਅਤੇ ਕਲਾਤਮਕਤਾ ਨਾਲ ਰੂਪਮਾਨ ਕੀਤਾ ਹੈ। ਇਸ ਕਹਾਣੀ ਨੇ ਪਰਦੇਸ ਵਿਚ ਆਪਣੀ ਮਿੱਟੀ ਨਾ ਰੁਲਣ ਦੇਣ ਲਈ ਫ਼ਿਕਰਮੰਦ ਕਰਤਾਰ ਸਿੰਘ ਚੱਠਾ ਅਤੇ ਮੋਹ ਦੇ ਰਿਸ਼ਤੇ ਵਿਚ ਬੱਝੀ ਉਸਦੀ ਧੀ ਦੀ ਚਿੰਤਾ ਦੇ ਬਹੁਤ ਨਾਜ਼ਕ ਪਲਾਂ ਨੂੰ ਆਪਣੀ ਵਲਗਣ ਅੰਦਰ ਸਮੋਇਆ ਹੈ। ਇਕ ਸਮੇਂ ਤਾਂ ਕਮਲਦੀਪ ਆਪਣੇ ਪਿਤਾ ਦੇ, ਇੰਨਟੈਂਸਿਵ ਕੇਅਰ ਯੂਨਿਟ 'ਚੋਂ ਠੀਕ ਹੋ ਕੇ ਬਾਹਰ ਨਿਕਲਣ 'ਤੇ ਡਾਕਟਰੀ ਅਮਲੇ ਦਾ ਭਰਪੂਰ ਸ਼ੁਕਰਾਨਾ ਕਰਦੀ ਹੈ, ਜਦ ਕਿ ਦੂਜੇ ਸਮੇਂ ਉਹ ਉਨ੍ਹਾਂ ਹੀ ਡਾਕਟਰਾਂ ਨੂੰ ਲਾਇਫ਼ ਸਪੋਰਟ ਰਾਹੀਂ ਪਿਤਾ ਦੀ ਜਾਨ ਦੀ ਰਾਖੀ ਕਰਨ ਤੋਂ ਮਨ੍ਹਾਂ ਕਰਦੀ ਹੈ ਤਾਂ ਕਿ ਉਸਦੇ ਪਿਤਾ ਦੀ ਜੀਵਨ ਲੀਲ੍ਹਾ ਛੇਤੀ ਖਤਮ ਹੋ ਜਾਵੇ। ਬਹੁਤ ਦੂਰ ਪਿਛਾਂਹ ਪੰਜਾਬ ਅੰਦਰ ਰਹਿ ਗਏ ਜ਼ਮੀਨੀ ਰਿਸ਼ਤਿਆਂ ਦਾ ਤਣਾਓ, ਕਨੇਡਾ ਵਿਚ ਪੁੱਜੇ ਉਸਦੇ ਘਰ ਦੇ ਹਰ ਜੀਅ ਨਾਲ ਚਿਪਕਿਆ ਕਮਲਦੀਪ ਦੇ ਮੋਹ ਦੇ ਰਿਸ਼ਤੇ ਸਮੇਤ ਹਰ ਇਕ ਦੇ ਸਮਾਜੀ ਵਰਤਾਰੇ 'ਤੇ ਅਸਰ ਅੰਦਾਜ਼ ਹੈ। ਇਹ ਕਹਾਣੀ ਜਿੱਥੇ ਡਾ. ਸਾਧੂ ਸਿੰਘ ਦੀ ਸਾਹਿਤਕ-ਸਮਾਜੀ ਸੂਝ ਦਾ ਪ੍ਰਤੀਕ ਹੈ ਉਥੇ ਪੰਜਾਬੀ ਕਹਾਣੀ ਵਿਧਾ ਦੀ ਵਿਸ਼ੈਗਤ ਪਾਏਦਾਰੀ ਦੀ ਵੀ ਮਿਸਾਲ ਬਣਦੀ ਹੈ।

ਮੇਜਰ ਮਾਂਗਟ ਦੀ 'ਬੇਗਾਨੀਆਂ ਕੰਧਾਂ' ਕਹਾਣੀ ਵੀ ਇਸ ਪੁਸਤਕ ਦੀ ਨਿਵੇਕਲੇ ਪਾਸਾਰ ਵਾਲੀ ਸਫਲ ਕਹਾਣੀ ਹੈ। ਕਨੇਡਾ ਦੀ ਧਰਤੀ ਉਤੇ, 'ਬੇਬੀ-ਸਿਟਿੰਗ' ਦੇ ਕੰਮ ਨਾਲ ਸੰਬੰਧਤ ਇਹ ਕਹਾਣੀ ਕਨੇਡੀਅਨ ਪਰਵਾਸੀ ਕਹਾਣੀ ਹੋਣ ਦੇ ਖਾਤੇ ਤਕ ਸੀਮਤ ਨਹੀਂ ਰਹੀ। ਇਹ ਕਹਾਣੀ ਮਾਂ-ਹੋਣ ਦੀ ਮਮਤਾ ਨੂੰ ਵਿਆਪਕ ਅਰਥ ਪ੍ਰਦਾਨ ਕਰਦੀ, ਪੱਛਮੀ ਸਮਾਜ ਨਾਲ ਸੰਵਾਦ ਰਚਾਉਣ ਤੋਂ ਅਗਾਂਹ, ਪਾਰ-ਸਭਿਆਚਾਰਕ ਭਾਈਚਾਰੇ ਦੀ ਹੋਂਦ ਦਾ ਤਖ਼ਈਅਲ ਸਿਰਜਦੀ ਹੈ। ਰਵਿੰਦਰ ਰਵੀ ਦੀ ਕਹਾਣੀ 'ਇਕ ਹੋਰ ਹੈਮਿੰਗਵੇ' ਦਾ ਪਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਨਾਲ ਕੋਈ ਸਰੋਕਾਰ ਨਹੀਂ। ਇਹ ਕਹਾਣੀ ਮਨੁੱਖੀ ਹੋਂਦ-ਨਿਹੋਂਦ ਦੇ ਦਾਰਸ਼ਨਿਕ ਮਸਲਿਆਂ ਨੂੰ ਛੋਂਹਦੀ ਹੈ। ਪਰਵਾਸੀ ਪੰਜਾਬੀਆਂ ਤੋਂ ਦੂਰ ਮੂਲਵਾਸੀਆਂ ਅਤੇ ਗੋਰੇ ਕਨੇਡੀਅਨਾਂ ਵਿਚ ਵਿਚਰਨ ਦਾ ਨਿਵੇਕਲਾ ਅਨੁਭਵ ਹੋਣ ਕਰਕੇ ਰਵਿੰਦਰ ਰਵੀ ਦੀ ਇਹ ਕਹਾਣੀ ਉਸ ਪਾਰ - ਸਭਿਆਚਾਰਕਤਾ ਨੂੰ ਪ੍ਰਤੀਬਿੰਬਤ ਕਰਦੀ ਹੈ, ਜਿਸ ਚੇਤਨਾ ਨੇ ਪਰਵਾਸੀ ਕਹਾਣੀ ਦੇ ਅਗਲੇ ਵਿਕਾਸ ਪੜਾਅ ਵਜੋਂ ਮਾਨਤਾ ਪ੍ਰਾਪਤ ਕਰਨੀ ਹੈ। ਹਾਲ ਦੀ ਘੜੀ ਇਸ ਪੁਸਤਕ ਵਿਚਲੀ 'ਇਕ ਹੋਰ ਹੈਮਿੰਗਵੇ' ਨੂੰ ਪੂਰੀ-ਸੂਰੀ ਅਤੇ 'ਪੁਰਸਲਾਤ' ਤੇ

'ਬੇਗਾਨੀਆਂ ਕੰਧਾਂ' ਨੂੰ ਆਂਸ਼ਕ ਰੂਪ ਵਿਚ ਆਧਾਰ ਬਣਾ ਕੇ ਕਨੇਡੀਅਨ ਪਰਵਾਸੀਆਂ ਦੀ ਪੰਜਾਬੀ ਕਹਾਣੀ ਨੂੰ ਉਸ ਪੜਾਅ ਉਤੇ ਪੁੱਜ ਗਈ ਹੋਣ ਦਾ ਮਾਣ ਸਤਿਕਾਰ ਸ਼ਾਇਦ ਨਹੀਂ ਦਿੱਤਾ ਜਾ ਸਕਦਾ। ਇਹ ਸੀਮਾਂ ਪਰਵਾਸੀ ਪੰਜਾਬੀ ਕਹਾਣੀ ਦੀ ਆਲੋਚਨਾ ਦੀ ਵੀ ਹੋ ਸਕਦੀ ਹੈ ਅਤੇ ਪਰਵਾਸੀ ਕਹਾਣੀ ਦੇ ਯਥਾਰਥ ਬੋਧ ਦੀ ਵੀ, ਜਾਂ ਦੋਨਾਂ ਦੀ । ਕਿਉਂਕਿ, ਨਾ ਤਾਂ ਪਰਵਾਸੀ ਸਾਹਿਤ-ਆਲੋਚਕਾਂ ਪਾਸ ਵਿਦੇਸ਼ੀ ਵਸਤੂ-ਯਥਾਰਥ ਦਾ ਸਿੱਧਾ ਅਨੁਭਵ ਹੈ ਤੇ ਨਾ ਹੀ ਪੰਜਾਬੀ ਕਹਾਣੀਕਾਰਾਂ ਸਮੇਤ ਪਰਵਾਸੀ ਪੰਜਾਬੀ ਸਾਹਿਤਕਾਰਾਂ ਨੇ ਏਨਾ ਹੰਭਲਾ ਮਾਰਿਆ ਹੈ ਕਿ ਉਹ ਥੀਮਕ ਬਿੰਬਾਂ-ਪ੍ਰਤੀਬਿੰਬਾਂ ਨੂੰ ਕਹਾਣੀ ਜਾਂ ਹੋਰਨਾ ਵਿਧਾਵਾਂ ਵਿਚ ਉਲਥਾ ਕੇ ਪੰਜਾਬ ਸਾਹਿਤ ਦੀ ਮੁਖ ਧਾਰਾ ਦੀਆਂ ਕਿਰਤਾਂ ਦੇ ਹਾਣ ਦਾ ਕਰ ਸਕਣ । ਨਹੀਂ ਤਾਂ ਕੋਈ ਕਾਰਨ ਨਹੀਂ ਕਿ ਪਿਛਲੇ ਦੋ-ਢਾਈ ਦਹਾਕਿਆਂ ਵਿਚ ਕਨੇਡਾ ਵਾਸੀ ਪੰਜਾਬੀ ਕਹਾਣੀਕਾਰਾਂ ਵੱਲੋਂ ਲਿਖੀਆਂ ਦੋ ਸੌ ਤੋਂ ਵੱਧ ਕਹਾਣੀਆਂ ਵਿਚੋਂ ਕੇਵਲ ਇਕ ਦਰਜਣ ਹੀ ਸੰਪਾਦਕਾਂ ਦੀ ਚੋਣ ਕਸਵੱਟੀ 'ਤੇ ਪੂਰੀਆਂ ਉਤਰਦੀਆਂ ।

ਇਸ ਪੁਸਤਕ ਵਿਚਲੀ ਅਮਰਜੀਤ ਚਾਹਲ ਦੀ ਜੁਲਾਈ '79 ਵਿਚ 'ਵਤਨੋਂ-ਦੂਰ' ਪੱਤਰਕਾ ਵਿਚ ਛਪੀ ਕਹਾਣੀ 'ਮੁਖੜਾ ਚੰਨ ਵਰਗਾ' ਦਾ ਯਥਾਰਥ ਬੋਧ ਅੱਜ ਵੀਹ ਸਾਲ ਬੀਤ ਜਾਣ ਪਿੱਛੋਂ ਵੀ ਉਨਾ ਹੀ ਯਥਾਰਥਕ ਹੈ । ਅਪਣੇ ਪਤੀ ਨੂੰ ਪਰਦੇਸਾਂ ਵਿਚ ਭੇਜ ਕੇ ਬਿਰਧ ਹੋ ਚੁੱਕੀ ਸੁਆਣੀ ਦੇ ਬੋਲ 'ਜਦੋਂ ਵਾਹੁਣੀਆਂ ਹੋਣਗੀਆਂ, ਉਦੋਂ ਖਰੀਦ ਲਿਓ ਜਮੀਨਾਂ' ਉਸਦੀ ਉਮਰ ਜਿੱਡੀ ਲੰਮੀ ਤੇ ਕੌੜੀ ਸਚਾਈ ਜਿੱਡਾ ਸੱਚ ਹਨ । 'ਸੱਖਣਾ ਦਿਲ' ਨਾਮੀਂ ਕਹਾਣੀ ਦੇ ਪਾਤਰ ਨੂੰ ਸ਼ਮਸ਼ੇਰ ਭੱਟੀ ਨੇ ਹੋਂਦ ਅਤੇ ਅਣਹੋਂਦ ਵਿਚਕਾਰ ਜਿਵੇਂ ਲਟਕਦਾ ਕਰ ਦਿੱਤਾ ਹੈ । ਹਰਪ੍ਰੀਤ ਸੇਖਾ ਦੀ ਕਹਾਣੀ 'ਵਿਚਕਾਰਲੀ ਸੜਕ' ਇਕ ਅਹਿਮ ਮੁੱਦੇ ਨੂੰ ਛੋਂਹਦੀ ਹੈ । ਜਾਤ ਪਾਤ ਦੇ ਵਖਰੇਵੇਂ ਦਾ ਇਹ ਮੁੱਦਾ ਅੱਜ ਦੀ ਪੰਜਾਬੀ ਕਹਾਣੀ ਦਾ ਅਹਿਮ ਵਿਸ਼ਾ ਬਣ ਕੇ ਉਭਰਿਆ ਇਕ ਵੱਖਰੀ ਬਹਿਸ ਦਾ ਬਿੰਦੂ ਬਣ ਗਿਆ ਹੈ ।

ਇਉਂ ਕੁੱਲ ਮਿਲਾ ਕੇ 'ਕਥਾ ਕਨੇਡਾ' ਨਾਮੀ ਕਹਾਣੀ ਪੁਸਤਕ ਨੇ, ਆਪਣੇ ਅੰਦਰਲੀ ਵਿਸ਼ੈਗਤ ਸਮੱਗਰੀ ਰਾਹੀਂ ਜਿੱਥੇ ਇਧਰਲੇ ਪਾਠਕੀ ਜਗਤ ਲਈ, ਹੋਰਨਾ ਦੇਸ਼ਾਂ ਸਮੇਤ ਕਨੇਡਾ ਵਿਖੇ ਪਰਵਾਸ ਕਰ ਚੁੱਕੇ ਪੰਜਾਬ ਵਾਸੀਆਂ ਨੂੰ ਦਰਪੇਸ਼ ਔਕੜਾਂ-ਸਮੱਸਿਆਵਾਂ ਨੂੰ ਦ੍ਰਿਸ਼ਟੀਮਾਨ ਕੀਤਾ ਹੈ, ਉਥੇ ਇਹ ਪਰਵਾਸੀ ਪੰਜਾਬੀਆਂ ਨੂੰ ਸਵੈ-ਮੁੱਲਅੰਕਣ ਕਰਨ ਦੀ ਸਮਰੱਥਾ ਵੀ ਪ੍ਰਦਾਨ ਕਰਦੀ ਹੈ । ਇਹ ਸਵੈ-ਮੁਲਾਂਕਣ ਹੀ ਅਪਣੇ ਚੌਗਿਰਦੇ ਨਾਲ ਸੰਵਾਦ ਰਚਾਉਣ ਦੀ ਆਧਾਰਸ਼ਿਲਾ ਬਣਿਆ ਹੈ । ਕਹਾਣੀ ਵਿਧਾ ਵਿਚ ਭਾਵੇਂ ਅਜਿਹੇ ਵਿਅਕਤੀ ਅਜੇ ਪੋਟਿਆਂ 'ਤੇ ਗਿਣੇ ਜਾਣ ਤੋਂ ਵੱਧ ਨਹੀਂ, ਤਾਂ ਵੀ ਇਸ ਸੰਪਾਦਨਾ ਦੇ ਚੋਣਕਾਰਾਂ ਨੇ ਡਾਲਰੀ ਜੀਵਨ-ਹੋੜ ਤੋਂ ਉਪਰ ਉਠ ਕੇ ਸਮਾਜਕ - ਸਭਿਆਚਾਰਕ ਸੂਝ ਨੂੰ ਕਹਾਣੀ ਕਿਰਤਾਂ ਵਿਚ ਉਲਥਾਣ ਦੀ ਸਮਰੱਥਾ ਰੱਖਣ ਵਾਲੇ ਲੇਖਕਾਂ ਦੀ ਪਹਿਚਾਣ ਜ਼ਰੂਰ ਕੀਤੀ ਹੈ । ਸੰਪਾਦਕਾਂ ਵੱਲੋਂ 'ਪ੍ਰਵੇਸ਼' ਨਾਮੀਂ ਆਦਿਕਾ ਵਿਚ ਕਨੇਡੀਅਨ ਪਰਵਾਸੀਆਂ ਵੱਲੋਂ ਹੁਣ ਤਕ ਲਿਖੀ ਗਈ ਕਹਾਣੀ ਦੀ ਪੱਧਰ ਨੂੰ ਇੰਗਲੈਂਡ ਦੇ ਪਰਵਾਸੀ ਲੇਖਕਾਂ ਵੱਲੋਂ ਲਿਖੀ ਗਈ ਕਹਾਣੀ ਦੀ ਬਰਾਬਰੀ ਨਾ ਕਰਦੀ ਹੋਣ ਦੀ ਪ੍ਰਗਟਾਈ ਨਿਮਰਤਾ, ਕਨੇਡੀਅਨ ਕਹਾਣੀ ਦੀ ਪ੍ਰਵਾਜ਼ ਨੂੰ ਹੋਰ ਉਚੇਰੀ ਦੇਖਣ ਦੀ ਅਕਾਂਖ਼ਿਆ ਵੀ ਹੈ ਅਤੇ ਸਮਾਜਕ- ਰਾਜਨੀਤਕ-ਸਾਹਿਤਕ ਪ੍ਰਸੰਗ ਵਿਚ ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ ਦੀ ਵਿਸ਼ੇਸ਼ ਬਚਨਬੱਧਤਾ ਦਾ ਪ੍ਰਗਟਾਵਾ ਵੀ ।OO

[ਨੇੜੇ ਐਸ.ਡੀ.ਐਮ. ਦਫਤਰ, ਜੀ.ਟੀ. ਰੋਡ, ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ]





## ਘੁੰਡੀ [ਜਸਵੰਤ ਦੀਦ]

ਜਸਵੰਤ ਦੀਦ ਮੇਰੇ ਮਿੱਤਰ ਸੁਰਜੀਤ ਹਾਂਸ ਦਾ ਅਜ਼ੀਜ਼ ਹੈ, ਮੇਰੇ ਜਮਾਤੀ ਪ੍ਰੇਮ ਪ੍ਰਕਾਸ਼ ਦਾ ਮਿੱਤਰ ਤੇ ਆਪਣੀ ਪਤਨੀ ਇੰਦਰਜੀਤ ਕੌਰ ਦਾ ਪਤੀ। ਕਿ ਉਸਦੀ ਕਵਿਤਾ ਵਿਚ ਤਜ਼ਾਦ, ਗਲਪੀ ਵਿਧੀਆਂ ਤੇ ਪਰਿਵਾਰਕ ਉਣਸ ਪ੍ਰਧਾਨ ਹੈ ਮੈਨੂੰ ਉਸਦਾ ਕਾਵਿ ਸੰਗ੍ਰਹਿ 'ਘੁੰਡੀ' (ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, ਪੰਨੇ 112, ਮੁੱਲ 100 ਰੁਪਏ) ਦਾ ਅਖੰਡ ਪਾਠ ਕਰਨ ਤੋਂ ਪਤਾ ਲੱਗਿਆ। ਇਕੱੜ ਦੁੱਕੜ ਕਵਿਤਾਵਾਂ ਤੋਂ ਅਜਿਹਾ ਪ੍ਰਭਾਵ ਨਹੀਂ ਸੀ ਮਿਲਿਆ । ਮਿਲਦਾ ਵੀ ਕਿਵੇਂ ?

ਉਸਦੇ ਹੁਣ ਤਕ ਚਾਰ ਕਾਵਿ-ਸੰਗ੍ਰਹਿ ਛਪ ਚੁੱਕੇ ਹਨ । 'ਬੱਚੇ ਤੋਂ ਡਰਦੀ ਕਵਿਤਾ', 'ਅਚਨਚੇਤ', 'ਆਵਾਜ਼ ਆਏਗੀ ਅਜੇ' ਤੇ ''ਘੁੰਡੀ । ਪਹਿਲੇ ਤਿੰਨ ਸੰਗ੍ਰਹਿ ਮੈਨੂੰ ਨਹੀਂ ਮਿਲੇ । ਮਿਲਦੇ ਵੀ ਕਿਵੇਂ ? ਦੀਦ ਕੀ ਜਾਣੇ ਮੈਂ ਕਵਿਤਾ ਦਾ ਰਸੀਆ ਹਾਂ ।

ਜਸਵੰਤ ਦੀਦ ਦੀ ਕਵਿਤਾ ਦੀ ਪਛਾਣ ਉਸਦੀ ਬਿੰਬਾਵਲੀ ਤੋਂ ਹੁੰਦੀ ਹੈ । ਜਿਸ ਕਵਿਤਾ ਵਿਚ ਕਿਸੇ ਮੁਲਾਕਾਤ, ਫੇਰੀ, ਯਾਦ ਜਾਂ ਹਉਕੇ ਦੀ ਛਾਂ ਪਾਠਕ ਦਾ ਦੂਰ ਤਕ ਪਿੱਛਾ ਨਾ ਛੱਡੇ, ਉਸ ਕਵਿਤਾ ਦਾ ਲਿਖਣ ਵਾਲਾ ਦੀਦ ਹੋਵੇਗਾ :

*ਨਹੀਂ ਹੋਈ ਬਾਰਸ਼*
*ਉਸ ਚਿੜੀ ਦਾ ਸੀ ਨਹੀਂ ਪਤਾ ਕੋਈ*
*ਜੋ ਖੰਭਾਂ 'ਚ ਲੈ ਕੇ ਉੜਦੀ ਸੀ ਭਰੇ ਬੱਦਲ*

..................

*ਇਹ ਉਹੀ ਬੈਠਕ ਹੈ*
*ਜਿਥੇ ਬਾਪ ਮੇਰਾ ਮੇਰੀ ਮਾਂ ਦਾ ਦੁੱਧ ਚੁੰਘਦਾ*
*ਦੇਖਿਆ ਸੀ ਮੈਂ ਤੇ ਉਹ ਦੋਵੇਂ ਹੱਸ ਪਏ ਸਨ*
*ਇੱਥੇ ਹੀ ਬਾਪ ਮੇਰਾ ਸਿਉਂਦਾ ਰਿਹਾ ਰੋਟੀ ਉਮਰ ਸਾਰੀ*
*ਮਸ਼ੀਨ ਦੀ ਆਵਾਜ਼ ਅਜੇ ਵੀ ਸੁਣਦੀ ਹੈ*

..................

*ਗੇਮ ਦੇ ਆਖਰੀ ਛਿਣਾਂ 'ਚ*
*ਸਕਰੀਨ ਦੇ ਇਕ ਕੋਨੇ ਤਿੰਨ ਬਾਦਸ਼ਾਹ ਨੇ*
*ਇਕ ਬਾਦੇ ਦੀ ਸ਼ਕਲ ਤਲਾਕ-ਸ਼ੁਦਾ ਸੱਪ ਨਾਲ ਮਿਲਦੀ ਹੈ*
*ਇਕ ਦੀ ਜਾਬਰ ਹਾਕਮ ਨਾਲ*
*ਤੇ ਇਕ ਬਾਦਸ਼ਾਹ*
*ਉਸਦੀ ਛਾਤੀ 'ਚ ਕੁਝ ਲੱਭਦਾ ਫਿਰਦਾ ਹੈ*
*ਜਿਸਨੂੰ ਉਹ ਜਾਣਦੀ ਤਾਂ ਹੈ ਪਹਿਚਾਣਦੀ ਨਹੀਂ ।*

ਕਵਿਤਾ ਵਿਚ ਬਿੰਬ ਦਾ ਕੀ ਸਥਾਨ ਹੈ, ਮੇਰੀ ਜਵਾਨੀ ਵਿਚ ਮੇਰਾ ਇਕ ਮਿੱਤਰ ਕਵੀ ਪ੍ਰੀਤਮ ਸਿੰਘ ਸਫੀਰ ਤੇ ਬਾਵਾ ਬਲਵੰਤ ਦੀਆਂ ਕਵਿਤਾਵਾਂ ਵਿਚੋਂ ਲੱਭਦਾ ਹੁੰਦਾ ਸੀ ਜਿਨ੍ਹਾਂ ਦੀ ਕਵਿਤਾ ਵਿਚ ਬਿੰਬ ਕੇਵਲ ਅਕਸ ਮਾਤਰ ਹੁੰਦੇ ਸਨ । ਉਦੋਂ ਮੈਂ ਆਪਣੇ ਕਵੀ ਮਿੱਤਰ ਨੂੰ ਪੰਜਾਬੀ ਦੇ ਲੋਕ ਗੀਤਾਂ (ਮੇਰੇ ਯਾਰ ਨੇ ਚੁਬਾਰਾ ਪਾਇਆ/ਚੜ੍ਹਦੀ ਦੇ ਪੱਟ ਫੁੱਲਗੇ) ਤੇ ਕਿੱਸਿਆਂ (ਕੁੱਛੜ ਬੈਠ ਕਦੋਂ ਮੰਮਾ ਚੁੰਘਿਆ ਈ/ਐਵੇਂ ਕੂੜ ਦੀ ਮਾਂ ਬਣਾਉਨਾ ਏਂ) ਵਿਚਲੇ ਬਿੰਬਾਂ ਦਾ ਹਵਾਲਾ ਦੇ ਕੇ ਵਰਾਇਆ ਕਰਦਾ ਸਾਂ । ਹੁਣ ਮੈਨੂੰ ਏਨਾ ਪਿੱਛੇ ਵੱਲ ਜਾਣ ਦੀ ਲੋੜ ਨਹੀਂ । ਦੀਦ ਨਾਮਾ ਹੀ ਕਾਫੀ ਹੈ ।

ਜਸਵੰਤ ਦੀਦ ਦੀ ਕਵਿਤਾ ਦਾ ਹੋਰ ਗੁਣ ਅਹਿਸਾਸ ਦੀ ਪਕੜ ਹੈ । ਕਿਸੇ ਪਿੰਜਰੇ ਵਿਚ ਸੱਜਰੇ ਕੈਦ ਕੀਤੇ ਪੰਛੀ ਦੀ ਤੜਪ ਜਾਂ ਵਸਲ ਦੇ ਸਾਗਰ ਵਿਚ ਡੁੱਬੇ ਦਮਾਂ ਨੂੰ ਫੜਨ ਵਾਲੇ ਪਲਾਂ ਨੂੰ

ਚਿਤਰਨ ਵਿਚ ਦੀਦ ਦੀ ਬੁਲੰਦੀ ਦਾ ਕੋਈ ਜਵਾਬ ਨਹੀਂ । ਕਈ ਵਾਰੀ ਤਾਂ ਏਸ ਤਰ੍ਹਾ ਜਾਪਦਾ ਹੈ ਕਿ ਉਸਨੇ ਆਪਣੇ ਜੀਵਨ ਨੂੰ ਅਜਿਹੇ ਪਲ ਸਿਰਜਣ ਤੇ ਹੰਢਾਉਣ ਤਕ ਹੀ ਸੀਮਤ ਰੱਖਿਆ ਹੈ । ਉਸਦੇ ਗੋਤੇ ਇਹੀਓ ਦਰਸਾਉਂਦੇ ਹਨ :

*ਤੰਗ ਆ ਕੇ ਚੁੰਝ ਮਾਰੇ ਪੰਛੀ - ਸ਼ੀਸ਼ਾ ਹੱਸ ਪਵੇ*
*ਧਰਤੀ ਦੀ ਤਹਿ ਫੋਲੇ - ਅੰਦਰੋਂ ਚੀਕ ਸੁਣੇ*
.................
*ਪਰ ਉਹ ਗੁੱਸੇ ਨਾਲ ਦੀਵਾਰਾਂ 'ਚ ਵੱਜ ਰਹੀ ਸੀ*
*ਮੈਂ ਕਮਰੇ ਨੂੰ ਕੰਬਣੋਂ ਬਚਾ ਰਿਹਾ ਸਾਂ*
.................
*ਤੇਰੇ ਕੋਲ ਜੋ ਚੁੱਪ ਮਿਲਦੀ ਹੈ*
*ਉਸ ਅੰਦਰ ਮੈਂ ਮੀਟ ਕੇ ਅੱਖਾਂ*
*ਬਣ ਜਾਨਾਂ ਕੋਈ ਬੁੱਧ ਪੁਰਸ਼ ਜੈਨ ਮੁਨੀ*
*ਨਾਨਕ ਪੀਰ ਔਲੀਆ ਕਵੀ ਪਹੁੰਚਿਆ ਬੰਦਾ*
*ਅੱਖ ਖੋਲ੍ਹਾਂ ਤਾਂ ਹੋਠ ਤੇਰੇ ਮੇਰਾ ਨਾਂ ਜਪਦੇ*
*ਮੈਂ ਅਪਣਾ ਨਾਂ ਚੁੰਮ ਲੈਨਾਂ*
*ਹੋਂਠ ਤੇਰੇ ਖਾਲੀ ਹੋ ਜਾਂਦੇ - ਫਿਰ ਭਰ ਦਿੰਨਾਂ*
*ਭਰਨ ਤੇ ਖਾਲੀ ਹੋਣ ਦੇ ਅੰਦਰ*
*ਮੈਂ ਬਉਰਾ ਹੋ ਜਾਨਾਂ*
*ਚੁੱਪ ਹੋ ਜਾਨਾਂ ਮੀਟ ਕੇ ਅੱਖਾਂ*

ਜਸਵੰਤ ਦੀਦ ਦੀ ਸਰੋਦੀ ਸੁਰ ਸੰਗਲ-ਤੋੜ ਹੈ । ਇਹ ਕਿਸੇ ਤੋਲ ਤੁਕਾਂਤ ਵਜ਼ਨ ਤੇ ਲੈਅ ਦੇ ਬੰਧਨ ਵਿਚ ਨਹੀਂ ਬੱਝਦੀ । ਉਸਦਾ ਚਿੰਤਨ ਤੇ ਦਰਸ਼ਨ ਆਜ਼ਾਦ ਹੈ । ਖੁਲ੍ਹਾ ਖੁਲਾਸਾ ਤੇ ਕੰਧਾਂ ਟੱਪਣ ਵਾਲਾ । ਇਸ ਚਿੰਤਨ ਨੂੰ ਫਾਹੀ ਪਾਉਣ ਦਾ ਉਸ ਕੋਲ ਇਕੋ ਤਰੀਕਾ ਇਸਨੂੰ ਬਾਤ ਬਣਾ ਕੇ ਪੇਸ਼ ਕਰਨਾ ਹੈ । ਇਹ ਬਿਰਤਾਂਤੀ ਅੰਸ਼ 'ਮਿਲਦੇ ਮਿਲਦੇ' ਰਹਿ ਜਾਣ ਵਿਚ ਵੀ ਹੈ, ਬਾਹਰ 'ਕਾਸਾ' ਉਭਰਿਆ ਹੈ ਵਿਚ ਵੀ, 'ਮਾਮੇ ਦੀ ਸ਼ਾਹਕੋਟ ਫੇਰੀ' ਵਿਚ ਵੀ। 'ਰਿਜਕ', 'ਜਲੂਸ' ਤੇ 'ਕੰਪੀਊਟਰ ਤੇ ਤਾਸ਼ ਖੇਡਦੀ ਔਰਤ' ਵਿਚ ਵੀ । ਉਹ 'ਮਾਂ ਵੱਲ ਇਕ ਕਵਿਤਾ' ਲਿਖ ਰਿਹਾ ਰਿਹਾ ਹੋਵੇ, ਜਾਂ 'ਡਰਦੇ ਵਰਕਿਆਂ' ਦੀ ਕਵਿਤਾ ਦੀਆਂ ਪਉੜੀਆਂ ਚੜ੍ਹ ਰਿਹਾ ਹੋਵੇ, ਬਿਰਤਾਂਤੀ ਬਿੰਬਾਂ ਤੇ ਅਲੰਕਾਰਾਂ ਦੀ ਛਣਕਾਰ ਖਤਮ ਨਹੀਂ ਹੋਣ ਦਿੰਦਾ। ਸਾਡੇ ਆਲੋਚਕਾਂ ਨੂੰ ਕਵਿਤਾ ਤੋਂ ਇਨ੍ਹਾਂ ਗੁਣਾਂ ਦੀ ਝਾਕ ਅੰਗ੍ਰੇਜ਼ੀ ਕਵੀ ਟੀ.ਐਸ. ਈਲੀਅਟ ਨੇ ਲਾਈ ਹੈ । ਦੀਦ ਦੀ ਕਵਿਤਾ ਇਸ ਝਾਕ ਨੂੰ ਤ੍ਰਿਪਤ ਕਰਦੀ ਹੈ।

ਦੀਦ ਦੀ ਕਾਵਿ-ਗੋਦੜੀ ਵਿਚ ਇਕ ਤੋਂ ਵੱਧ ਲਾਲ ਹਨ । ਇਕ ਤਾਂ ਇਹ ਕਿ ਉਸਨੇ ਨਿੱਜੀ ਅਨੁਭਵ ਦੀਆਂ ਡੂੰਘਾਈਆਂ ਨੂੰ ਪਾਠਕਾਂ ਦੀ ਸੱਥ ਵਿਚ ਲਿਆ ਖਲ੍ਹਾਰਿਆ ਹੈ । ਪੰਜਾਬੀ ਕਵਿਤਾ ਵਿਚ ਇਹ ਨਵਾਂ ਵਰਤਾਰਾ ਹੈ । ਮੈਂ ਇਹ ਵਰਤਾਰਾ ਮਨਜੀਤਪਾਲ ਕੌਰ ਦੀ ਕਵਿਤਾ ਵਿਚ ਵੀ ਵੇਖਿਆ ਹੈ । ਜੇ ਮਨਜੀਤ ਪਾਲ ਦੀ ਕਵਿਤਾ ਵਿਚ ਇਹ ਵਰਤਾਰਾ ਗੂੜ੍ਹਾ ਹੈ ਤਾਂ ਦੀਦ ਦੀ ਕਵਿਤਾ ਵਿਚ ਗਹਿਰਾ। ਇਸਦੀ ਗਹਿਰਾਈ ਹੀ ਇਸਨੂੰ ਪਰਿਪਕ ਕਰਦੀ ਹੈ ਜਿਹੜੀ ਵਧੀਆ ਕਵਿਤਾ ਦੀ ਅਸਲ ਘੁੰਡੀ ਹੈ। ਹੱਥਲੇ ਸੰਗ੍ਰਹਿ ਦੀ ਬੇਸ਼ਤਰ ਕਵਿਤਾ ਇਸੇ ਘੁੰਡੀ ਦੀਆਂ ਗੰਢਾਂ ਖੋਲ੍ਹਦੀ ਪ੍ਰਤੀਤ ਹੁੰਦੀ ਹੈ । ਇਨ੍ਹਾਂ ਗੰਢਾਂ ਦੇ ਪੇਚਾਂ ਵਿਚ ਰਚਿਆ ਵਿਅੰਗ ਤੇ ਕਟਾਖਸ਼ ਉਸਦੀ ਕਵਿਤਾ ਵਿਚਲੇ ਕਾਵਿਕ ਗੁਣਾਂ ਨੂੰ ਨਿਖਾਰਦਾ ਹੈ :

*'ਕਵੀਆਂ ਤੋਂ ਨਫਰਤ ਹੈ ਮੈਨੂੰ'*
*ਆਖਦੀ ਉਹ ਗੁੱਸੇ ਨਾਲ ਕੰਬਣ ਲਗਦੀ*
*ਸੂਹੀ ਲਾਲ ਭਾਅ ਮਾਰਦੇ ਉਸਦੇ ਸੁਹੱਪਣ ਤੋਂ ਡਰ ਜਾਂਦਾ ਹੈ*
*ਤੇ ਭਰੀਆਂ ਛਾਤੀਆਂ ਉਸਦੀਆਂ*



*ਸਾਹ ਲੈਣ ਲਗਦੀਆਂ ਤੇਜ਼.....*
*ਮੈਂ ਉਸ ਡਰ 'ਚੋਂ ਕੱਢਣ ਲਈ*
*ਮੱਥਾ ਚੁੰਮਦਾ - ਉਸਦਾ*
*ਮੁਲਾਇਮ ਵਾਲਾਂ 'ਚ ਉਂਗਲਾਂ ਫੇਰਦਾ ਉਸਦੇ*
*ਹੋਂਠ ਚੁੰਮਦਾ ਹੌਲੇ ਜੇਹੇ*
*ਤੇ ਫੇਰ ਉਭਰਦੇ ਸਾਹਾਂ ਨੂੰ ਸਹਿਲਾਉਂਦਾ ਲਗਾਤਾਰ*
*ਉਹ ਨਫਰਤ ਉਗਲਦੀ*
*ਦੰਦ ਮਾਰਦੀ ਭਰੇ ਮਾਸ 'ਚ ਕਿਤੇ ਮੇਰੇ*
*ਤੇ ਚੀਸ ਨਾਲ ਮੁਸਕਰਾ ਕੇ ਆਖਦਾ -*
*'ਬਾਬਾ ਛੱਡ ਦਿੱਤੀ ਹੈ ਲਿਖਣੀ ਮੈਂ ਕਵਿਤਾ!'*
*ਉਹ ਦੰਦੀ ਭਰ ਕੇ ਚਲੀ ਜਾਂਦੀ/ਮੁੜ ਸੰਵਰ ਸਜ ਕੇ*
*ਤੇ ਮੈਂ*
*ਹਲਕੇ ਹਲਕੇ ਦਰਦ ਨਾਲ/ਲਿਖ ਲੈਂਦਾ ਕਵਿਤਾ ਹੋਰ*

ਦੀਦ-ਕਾਵਿ ਦੀ ਗੋਦੜੀ ਵਿਚ ਇਕ ਲਾਲ ਹੋਰ ਹੈ । ਕਾਵਿਕ ਸ਼ਬਦਾਵਲੀ । ਮੱਥਾ ਟੇਕ ਰਹੇ ਮਜਬੂਰ ਸਿਰ ਅੰਦਰ ਨਿਰਬਲ ਪ੍ਰਭੂ ਦਾ ਸ਼ਹਿ ਲਾ ਕੇ ਬੈਠਣ, ਜਟਾਂ ਵਿਚ ਵਗਦੇ ਸਮੁੰਦਰ ਦਾ ਹਿਲਣਾ, ਬੱਦਲਾਂ ਦੇ ਕਾਗਜ਼ ਕੱਟਦਾ ਬਿਜਲੀ ਦਾ ਚਾਕੂ, ਪਿੰਡ ਵਾਲੇ ਘਰ ਦਾ ਧੁੰਦਲਾਉਣਾ, ਮੁਹੱਬਤ ਦੀ ਕੱਚੀ ਸਲੇਟ 'ਤੇ ਪੱਥਰ ਵਰ੍ਹਨਾ, ਕੰਡੇਦਾਰ ਵਧ ਰਹੀ ਵੇਲ ਦੇ ਥੱਲੇ ਫੁੱਲਾਂ ਦਾ ਦਮ ਦਬਣਾ, ਕਾਟੋ ਦਾ ਮਿੱਟੀ ਉਡਾਉਂਦੀ ਲੀਕ ਵਾਹੁੰਦਿਆਂ ਦੌੜਨਾ, ਧਰਤੀ ਹੇਠ ਹੂਟੇ ਲੈਂਦਾ ਪਾਣੀ, ਤੇ ਜਿਉਂ ਕੋਈ ਬਿੱਲੀ ਖੂਹ ਵਿਚ ਝਾਕੇ ਤੇ ਪਾਣੀ ਡਰ ਜਾਏ । ਏਸ ਤਰ੍ਹਾਂ ਦਾ ਬਹੁਤ ਕੁਝ । ਦੀਦ ਦੀ ਕਵਿਤਾ ਦਾ ਹੱਥ ਸਦਾ ਹੀ ਇਨ੍ਹਾਂ ਸ਼ਬਦਾਂ ਦੀ ਨਬਜ਼ 'ਤੇ ਰਹਿੰਦਾ ਹੈ । ਨਬਜ਼ ਨੂੰ ਟੋਂਹਦਾ ਹੈ ਤੇ ਬਾਰ ਬਾਰ ਟੋਂਹਦਾ ਕਿਸੇ ਹੋਈ ਬੀਤੀ ਸਜ਼ਾ ਜਾਂ ਭੁੱਲ ਨੂੰ ਹੰਢਾਉਣਾ ਲੋਚਦਾ ਹੈ -- ਚੱਲੀਏ ਜਿਥੇ ਭੀੜ ਵੀ ਹੋਵੇ ਚੁੱਪ ਵੀ/ ਪਾਣੀ ਵੀ ਟਿੱਬੇ ਵੀ / ਕੋਈ ਟਾਂਵੀਂ ਟਾਂਵੀਂ ਟਾਹਲੀ ਕਿੱਕਰ / ਕਿਤੇ ਕਿਤੇ ਉਜਾੜ/ਕਿਤੇ ਜੰਗਲੀ ਫੁੱਲ ਅਚਾਨਕ/ ਪਿੰਡ ਪੁਰਾਣਾ/ਕੋਈ ਚੀਕ ਮਾਰਨ ਚਲਣਾ ।

ਜਸਵੰਤ ਦੀਦ ਦਾ ਤੱਜ਼ਾਦ ਉਸਦੀ ਤੜਪ ਵਿਚ ਹੈ, ਗਲਪੀ ਸਿਰਜਣ ਉਸਦੇ ਬਿਰਤਾਂਤ ਵਿਚ ਤੇ ਪਰਿਵਾਰਕ ਭੋਗ ਉਸਦੀਆਂ ਇਸ਼ਕੀਆਂ ਕਵਿਤਾਵਾਂ ਵਿਚ । ਦੀਦ ਨੇ 'ਮਾਸ ਝੜੇ ਝੜ ਪਿੰਜਰ ਹੋਇਆ' ਦੀ ਸੂਫੀ ਸੁਰ ਨੂੰ ਵਾਸਨਾ ਦੇ ਸਾਗਰ ਵਿਚ ਡੁਬਕੀਆਂ ਦਿੱਤੀਆਂ ਹਨ । ਇਨ੍ਹਾਂ ਡੁਬਕੀਆਂ ਦੀ ਕੋਈ ਲੈਅ ਨਹੀਂ ਤੇ ਵਿਉਂਤ ਨਹੀਂ । ਇਹ ਰਹਾਓ ਮੁਕਤ ਹਨ । ਸਿਰਜਕ ਅਮਲ ਵਿਚ ਸੰਬੋਧਨ ਨਾਲ ਫਰਕ ਨਹੀਂ ਪੈਂਦਾ । ਪ੍ਰੇਮਿਕਾ ਤੇ ਬੀਵੀ ਰਲਗੱਡ ਹੁੰਦੀਆਂ ਆਈਆਂ ਹਨ। ਦੀਦੇ ਨੇ ਮਾਂ, ਬੀਵੀ ਮਾਸ਼ੂਕ ਤੇ ਧੀ ਦੇ ਬਿੰਬ ਨੂੰ 'ਸੱਜਣ' ਵਰਗਾ ਸੂਫੀਆਨਾ ਬਦਲ ਵੀ ਨਹੀਂ ਦਿੱਤਾ। ਦੇਣਾ ਵੀ ਹੈ ਜਾਂ ਨਹੀਂ, ਉਹ ਹੀ ਜਾਣੇ । ਉਹ ਸ਼ਾਹ ਹੁਸੈਨੀ ਜੁਗਤ ਨੂੰ ਦੀਦਾਵਲੀ ਦੇ ਪਾਣੀਆਂ ਵਿਚ ਜਿੰਨਾ ਵੀ ਘੋਲੇਗਾ ਉਨਾਂ ਹੀ ਉਚਾ ਉਠੇਗਾ । ਘੋਲੇਗਾ ਜਾਂ ਨਹੀਂ , ਕੁਝ ਕਹਿ ਨਹੀਂ ਸਕਦੇ ।

ਮੈਨੂੰ ਜਸਵੰਤ ਦੀਦ ਦੀ ਕਵਿਤਾ ਦੇ ਕਾਵਿਕ ਗੁਣਾਂ ਨੇ ਪ੍ਰਭਾਵਤ ਕੀਤਾ ਹੈ । OO

[ਗੁਲਜ਼ਾਰ ਸਿੰਘ ਸੰਧੂ]

## ਧਰਤੀ ਪੁੱਤਰ [ਪ੍ਰੇਮ ਗੋਰਖੀ]

ਪ੍ਰੇਮ ਗੋਰਖੀ ਦਾ ਨਾਮ ਪਿੰਡ ਦੇ ਭੋਂਹੀਣ ਕੰਮੀਆਂ 'ਚੋਂ ਆਏ ਪੰਜਾਬੀ ਕਥਾਕਾਰਾਂ 'ਚ ਸ਼ੁਮਾਰ ਹੁੰਦਾਹੈ। ਆਪਣੀ ਕਥਾ-ਰਚਨਾ ਦੇ ਵਸਤੂ, ਵਿਧੀ ਅਤੇ ਅਨੁਭਵ ਵਿਚ ਪੇਂਡੂ/ਸ਼ਹਿਰੀ ਦਲਿਤ/ਮਜ਼ਦੂਰ ਵਰਗ ਦੀ ਕਠੋਰਤਾ ਅਤੇ ਸੰਵੇਦਨਸ਼ੀਲਤਾ ਨੂੰ ਪ੍ਰਮਾਣਿਕਤਾ ਸਹਿਤ ਚਿਤਰਿਤ ਕਰਨਾ ਉਸਦਾ ਮੂਲ

ਕਥਾ-ਉਦੇਸ਼ ਹੈ। ਆਪਣੇ ਇਸ ਉਦੇਸ਼ ਦੀ ਪੂਰਤੀ ਲਈ ਉਸਨੇ ਪੰਜਾਬੀ ਕਥਾ-ਸੰਸਾਰ ਨੂੰ ਹੁਣ ਤਕ ਚਾਰ ਕਥਾ ਪੁਸਤਕ ਪ੍ਰਦਾਨ ਕੀਤੀਆਂ ਹਨ- 'ਮਿੱਟੀ ਰੰਗੇ ਲੋਕ', 'ਜੀਣ ਮਰਨ', 'ਅਰਜਨ ਸਫ਼ੈਦੀ ਵਾਲਾ' ਅਤੇ 'ਧਰਤੀ ਪੁੱਤਰ'। ਹੱਥਲੀ ਪੁਸਤਕ 'ਧਰਤੀ ਪੁੱਤਰ' [ਪੰਨੇ 96, ਮੁੱਲ 50 ਰੁਪੈ, ਕੁਕਨਸ ਪ੍ਰਕਾਸ਼ਨ, ਜਲੰਧਰ] ਵਿਚ ਕੁੱਲ ਬਾਰਾਂ ਕਹਾਣੀਆਂ ਸ਼ਾਮਲ ਹਨ। ਅਲੰਕ੍ਰਿਤ ਬੋਲ-ਚਾਲੀ ਦੁਆਬੀ ਭਾਸ਼ਾ ਇਨ੍ਹਾਂ ਕਹਾਣੀਆਂ ਨੂੰ ਨਿਵੇਕਲਾ ਰੰਗ ਦਿੰਦੀ ਹੈ। ਇਹ ਨਿਵੇਕਲਾ ਰੰਗ ਹੀ ਪ੍ਰੇਮ ਗੋਰਖੀ ਨੂੰ ਬਾਕੀ ਦੇ ਪੰਜਾਬੀ ਕਥਾਕਾਰਾਂ ਵਿਚ ਵਿਸ਼ੇਸ਼ ਹਸਤਾਖਰ ਬਣਾ ਦਿੰਦਾ ਹੈ।

ਇਸ ਕਹਾਣੀ ਸੰਗ੍ਰਹਿ ਦੀ ਸਿਰਲੇਖਕ ਕਹਾਣੀ 'ਧਰਤੀ ਪੁੱਤਰ' ਤਿੰਨ ਤਰ੍ਹਾਂ ਦੇ ਮਜ਼ਦੂਰਾਂ ਦੀ ਸਮਾਜਕ ਤੇ ਆਰਥਿਕ ਪੱਧਰ ਉਪਰ ਉਸਰੀ ਉਹਨਾਂ ਦੀ ਸਭਿਆਚਾਰਕ ਤੇ ਮਾਨਸਿਕ ਬਣਤਰ ਨੂੰ ਉਚਤਾ, ਹੀਣਤਾ, ਕ੍ਰੋਧ, ਹਿੰਸਾ, ਸਾਧਤਾ ਆਦਿ ਮਨੁੱਖੀ ਭਾਵਾਂ ਉਦਗਾਰਾਂ ਸਹਿਤ ਉਜਾਗਰ ਕਰਦੀ ਹੈ। ਪਹਿਲੀ ਤਰ੍ਹਾਂ ਦੇ ਮਜ਼ਦੂਰਾਂ ਨੂੰ ਸਾਲਾਨਾ ਮਜ਼ਦੂਰ ਜਾਂ ਸੀਰੀ ਕਿਹਾ ਜਾ ਸਕਦਾ ਹੈ ਜਿਸ ਦੀ ਪ੍ਰਤਿਨਿਧਤਾ ਪਿਆਰਾ ਅਤੇ ਉਸਦਾ ਪਿਉ ਕਰਦੇ ਹਨ। ਦੂਸਰੀ ਤਰ੍ਹਾਂ ਦੇ ਪੰਜਾਬ ਤੋਂ ਬਾਹਰਲੇ ਮਜ਼ਦੂਰ, ਜਿਸ ਦਾ ਪ੍ਰਤਿਨਿਧ ਪਾਤਰ ਜੈਦੇਵ ਹੈ। ਤੀਸਰੀ ਤਰ੍ਹਾਂ ਦੇ ਪਰਵਾਸੀ ਮਜ਼ਦੂਰ, ਜਿਸਦੀ ਪ੍ਰਤਿਨਿਧਤਾ ਕਿਰਪਾਲ ਸਿੰਘ ਕਰਦਾ ਹੈ। ਪੰਜਾਬ ਵਿਚ ਆਇਆ ਇਹ ਪਰਵਾਸੀ ਪੰਜਾਬੀ ਮਜ਼ਦੂਰ ਪਹਿਲੇ ਦੋਵੇਂ ਤਰ੍ਹਾਂ ਦੇ ਮਜ਼ਦੂਰਾਂ ਨਾਲੋਂ ਆਪਣੇ ਆਪ ਨੂੰ ਹਰੇਕ ਪੱਖ ਤੋਂ ਸ੍ਰੇਸ਼ਟ ਸਮਝਦਾ ਹੈ ਜਦਕਿ ਪਰਵਾਸੀ ਬਣਿਆ ਉਹ ਖੁਦ ਨੂੰ ਇਨ੍ਹਾਂ ਸਮਾਨ ਸਮਝਣ ਲਈ ਮਜਬੂਰ ਹੈ। ਇਸ ਗੱਲ ਦੀ ਪੁਸ਼ਟੀ ਉਦੋਂ ਹੁੰਦੀ ਹੈ ਜਦੋਂ ਉਹ ਰਹਿਣ-ਸਹਿਣ ਪੱਖੋਂ ਆਪਣੀ ਤੁਲਨਾ ਜੈਦੇਵ ਨਾਲ ਕਰਦਾ ਹੈ। ਕਹਾਣੀ ਸੁਝਾਉਂਦੀ ਹੈ ਕਿ ਗਲੋਬਲ ਪੱਧਰ ਉਤੇ ਧਰਤੀ ਦੇ ਪੁੱਤਰ ਖੁਦ ਮਿਹਨਤਕਸ਼ ਮਜ਼ਦੂਰ ਇਨਸਾਨ ਹਨ । ਜਦੋਂ ਤਕ ਇਹਨਾਂ ਵਿਚ ਜਾਤੀ ਅਭਿਮਾਨ ਕਾਇਮ ਹੈ, ਉਦੋਂ ਤਕ ਜਮਾਤੀ ਸੰਘਰਸ਼ ਸੰਭਵ ਨਹੀਂ ਹੈ । ਜਾਤੀ ਅਤੇ ਜਮਾਤੀ ਆਪਸ ਵਿਰੋਧੀ ਵਿਚਾਰਧਾਰਾਵਾਂ ਦਾ ਪ੍ਰਤਿਪਾਦਨ ਨਹੀਂ ਕਰਦੀਆਂ । ਪੰਜਾਬੀ ਗਲਪ ਵਿਚਲੇ ਦਲਿਤਵਾਦ ਨੂੰ ਇਸੇ ਪ੍ਰਸੰਗ ਅਧੀਨ ਵਿਚਾਰਨ ਦੀ ਲੋੜ ਇਹ ਕਹਾਣੀ ਪੂਰੀ ਕਰਦੀ ਜਾਪਦੀ ਹੈ । 'ਭੇਤੀ ਬੰਦਾ' ਨਾਉਂ ਦੀ ਕਹਾਣੀ ਵੀ ਕੁਝ ਇਸੇ ਕਿਸਮ ਦਾ ਹੀ ਸੁਝਾਉ ਦਿੰਦੀ ਜਾਪਦੀ ਹੈ ।

ਜਾਤ-ਪਾਤੀ ਮਿੱਥ ਦਾ ਯਥਾਰਥਕ ਦ੍ਰਿਸ਼ਟੀਕੋਣ ਨਾਲ ਭੰਜਨ ਕਰਦੀ ਕਹਾਣੀ 'ਭਲਾ ਇਉਂ ਵੀ ਕੋਈ ਜਿਉਂਦੈ' ਕਲਾਤਮਕ ਪੱਖੋਂ ਵਧੀਆ ਕਹਾਣੀ ਹੈ । ਕਹਾਣੀ ਵਿਚ ਭੂਆ ਭਤੀਜੀ ਦੋ ਇਸਤਰੀ ਪਾਤਰ ਹਨ । ਦੋਹਾਂ ਦੀ ਯਥਾਰਥਕ ਚੇਤਨਾ ਨੀਵੀਂ ਜਾਤ ਦੇ ਸੁੰਦਰ ਮਰਦਾਂ ਵੱਲ ਉਲਾਰ ਹੈ। ਕਹਾਣੀ ਵਿਚ ਭੂਆ ਜਾਤ ਹੰਕਾਰੀ ਦਹਿਸ਼ਤ ਦਾ ਸ਼ਿਕਾਰ ਹੋਣ ਕਰਕੇ ਨਹੀਂ, ਬਲਕਿ ਆਪਣੇ ਪਿਆਰ ਦੇ ਅਪਮਾਨਤ ਹੋਣ ਦੀ ਸ਼ੱਕ ਕਰਕੇ ਆਪਣੇ ਪ੍ਰੇਮੀ ਭਜੀ ਦੀ ਹੱਤਿਆ ਕਰ ਦਿੰਦੀ ਹੈ । ਕਹਾਣੀ ਵਿਚ ਪ੍ਰੀਤੀ ਭੂਆ ਨਾਲ ਵਾਪਰੀ ਇਸ ਘਟਨਾ ਦੇ ਪਸ਼ਚਾਤਾਪ ਲਈ ਉਸਦੀ ਭਤੀਜੀ ਜਰਮਨ ਦੇ ਭਜੀ ਦੇ ਭਤੀਜੇ ਹਰਜਾਪ ਨਾਲ ਸਫ਼ਲ ਪ੍ਰੇਮ-ਸੰਬੰਧ ਹੀ ਕਾਫ਼ੀ ਹਨ । ਪ੍ਰੇਮ-ਸੰਬੰਧਾਂ ਦੀ ਪ੍ਰਤਿਨਿਧਤਾ ਕਰਨ ਵਾਲੇ ਪਾਤਰਾਂ ਦੇ ਪਾਸੇ ਬਦਲ ਕੇ ਕਹਾਣੀ 'ਵਿੱਥ' ਦੀ ਸਿਰਜਣਾ ਕੀਤੀ ਗਈ ਹੈ।

'ਵਿੱਥ' ਕਹਾਣੀ ਵਿਚ ਦੋ ਦੰਪਤੀ ਪਾਤਰ ਜੋੜਿਆਂ ਦੀ ਆਪਸੀ ਸਾਂਝ ਅਤੇ ਵਿੱਥ ਕਾਰਜਸ਼ੀਲ ਹੈ । ਇਹ ਜੋੜੇ ਹਨ : ਗੁਰਬਖਸ਼ ਤੇ ਹਰਪ੍ਰੀਤ ਅਤੇ ਕਾਮਰੇਡ ਜਗਬੀਰ ਸਿੰਘ ਤੇ ਬਿੰਦਰ । ਗੁਰਬਖਸ਼ ਦੇ ਭਾਈਏ (ਪਿਉ) ਦੀ ਸੋਚ ਰਾਹੀਂ ਕਹਾਣੀ ਵਿਚ ਪ੍ਰਸ਼ਨ ਪੈਦਾ ਕੀਤਾ ਗਿਆ ਹੈ ਕਿ ਚੰਗੀ ਤੇ ਮਾੜੀ (ਉੱਚੀ ਤੇ ਨੀਵੀਂ ਜਾਤ) ਕੰਪਨੀ ਵਿਚ ਅੰਤਰ ਮਹਿਸੂਸ ਕਰਨ ਵਾਲੇ ਇਸ ਇਨਸਾਨ ਦੇ ਮਨ ਵਿਚੋਂ ਅਮਰੀਕਾ ਦਾ ਨਾਂ ਸੁਣਦਿਆਂ ਹੀ ਇਹ ਅੰਤਰ ਮਹਿਸੂਸ ਕਰਨ ਦੀ ਸ਼ਕਤੀ ਖਤਮ ਕਿਉਂ ਹੋ ਜਾਂਦੀ ਹੈ? ਗੁਰਬਖਸ਼ ਦੀ ਪਤਨੀ ਗਰਪ੍ਰੀਤ ਸਾਰੀ ਕਹਾਣੀ ਵਿਚ ਤਾਂ ਆਪਣੇ ਆਪ ਨੂੰ ਸ਼ੇਰਨੀ ਸਮਾਨ ਸਮਝਦੀ ਹੈ ਪਰ ਕਹਾਣੀ ਦੇ ਅੰਤ ਵਿਚ ਆਪਣੇ ਪਤੀ ਗੁਰਬਖਸ਼ ਦੀ ਛਾਤੀ ਨਾਲ ਲੱਗ ਕੇ ਉਚੀ-ਉਚੀ ਰੋਣਾ ਉਸਦੇ ਸ਼ੇਰਨੀ ਸੁਭਾਅ ਤੋਂ ਉਲਟ ਕਿਉਂ ਹੋ ਜਾਂਦਾ ਹੈ ? ਦੋਹਾਂ ਪ੍ਰਸ਼ਨਾਂ ਦਾ ਉਤਰ ਇਕ ਪਾਸੇ ਤਾਂ ਕਹਾਣੀ



ਦੇ ਗਲਪੀ ਪ੍ਰਗਟਾਅ ਵਿਚ ਪਿਆ ਹੋਇਆ ਹੈ ਅਤੇ ਦੂਸਰੇ ਪਾਸੇ ਪਾਤਰਾਂ ਦੇ ਦ੍ਰਿਸ਼ਟੀਕੋਣ ਵਿਚ । ਕਹਾਣੀਕਾਰ ਨੇ ਪਾਤਰਾਂ ਦੇ ਦ੍ਰਿਸ਼ਟੀਕੋਣ ਵਿਚ ਇਕ ਵਿੱਥ ਸਿਰਜ ਕੇ ਇਹ ਦੱਸਣ ਦਾ ਜਤਨ ਕੀਤਾ ਹੈ ਕਿ ਸਮਾਜ ਵਿਚ ਅਸਲ ਦੀ ਥਾਂ ਨਕਲ, ਅਸੂਲ ਦੀ ਥਾਂ ਆਪਹੁਦਰਾਪਣ ਅਤੇ ਜਾਤ - ਬਰਾਦਰੀ ਪੱਖੋਂ ਉੱਚੇ / ਨੀਵੇਂ ਹੋਣ ਦੇ ਦੰਭੀ ਫੁੰਕਾਰੇ ਅਕਸਰ ਸੁਣਨ ਤੇ ਵੇਖਣ ਨੂੰ ਮਿਲ ਜਾਂਦੇ ਹਨ । ਕੁਝ ਇਸੇ ਤਰ੍ਹਾ ਦੇ ਉਦੇਸ਼ ਨੂੰ ਆਪਣੇ ਸਾਹਮਣੇ ਰੱਖਦੀ ਹੈ 'ਟੱਲਾ' ਨਾਮਕ ਕਹਾਣੀ ।

ਮੈਂ-ਪਾਤਰ ਵਿਚ ਤਬਦੀਲ ਹੋਇਆ ਧਰਮ ਸਿੰਘ, ਇਸ ਕਹਾਣੀ ਵਿਚ ਸਮਾਜ ਦੇ ਦੋ ਟੱਲਿਆਂ ਦੀ ਗਲਪੀ ਰਮਜ਼ ਸਮਾਝਾਉਂਦਾ ਵਿਖਾਈ ਦਿੰਦਾ ਹੈ । ਪਹਿਲਾ, ਪੰਜਾਬੀ ਸਮਾਜ ਦੇ ਰਿਸ਼ਤਾਨਾਤਾਦਾਰੀ ਪ੍ਰਬੰਧ ਨੂੰ ਓੜ੍ਹਨ ਵਾਲਾ। ਦੂਸਰਾ, ਕਾਮਰੇਡੀ ਅਸੂਲਾਂ ਨੂੰ ਕੱਜਣ ਵਾਲਾ। ਪਾਲਾ ਸਿੰਘ ਉਪਰ ਦੋਵੇਂ ਟੱਲੇ ਪਾ, ਕਹਾਣੀਕਾਰ, ਰਮਜ਼ ਸਮਝਾਉਂਦਾ ਹੈ ਕਿ ਦੋਵੇਂ ਟੱਲਿਆਂ ਨੇ ਹੀ ਪਾਲਾ ਸਿੰਘ ਦੀ ਮਿੱਟੀ ਪਲੀਤ ਕੀਤੀ ਤੇ ਅੰਤ ਨੂੰ ਉਸਨੂੰ ਤੜਫਦੇ ਹੋਏ ਚੂਹੇ ਵਾਂਗ ਤੜਪਦੇ ਹੋਏ ਦਮ ਤੋੜਨ ਲਈ ਮਜਬੂਰ ਕੀਤਾ । ਕਹਾਣੀ ਵਿਚਲੇ ਪਾਲਾ ਸਿੰਘ ਵਾਂਗ ਹੀ ਆਮ ਇਨਸਾਨ ਨੂੰ ਵੀ ਜੀਵਨ ਵਿਵਹਾਰ ਕਰਨਾ ਪੈ ਸਕਦਾ ਹੈ । ਪਾਲਾ ਸਿੰਘ ਯਥਾਰਥੀ ਪਾਤਰ ਹੈ । ਜੇਕਰ ਕਹਾਣੀਕਾਰ ਸਮਾਜ ਤੋਂ ਪ੍ਰੇਰਿਤ ਹੋਏ ਉਸਦੇ ਸੁਭਾਅ ਨੂੰ ਉਸੇ ਪ੍ਰੇਰਤ ਰੂਪ ਵਿਚ ਨਾ ਚਿਤਰਦਾ ਤਾਂ ਕਹਾਣੀ ਦੀ ਰੌਚਕਤਾ ਦੇ ਘਟਣ ਦੀ ਸੰਭਾਵਨਾ ਬਣ ਜਾਣੀ ਸੀ ।

ਇਸ ਕਹਾਣੀ ਸੰਗ੍ਰਿਹ ਵਿਚ ਮਨੁੱਖੀ ਦਿਲਾਂ ਅੰਦਰ ਜਾਗਦੀ ਅਪਣੱਤ ਦੀ ਭਾਵਨਾ ਦੇ ਅਹਿਸਾਸ ਨੂੰ ਫੜਦੀਆਂ ਚਾਰ ਬੇਮਿਸਾਲ ਕਹਾਣੀਆਂ ਹਨ । ਪਹਿਲੀ 'ਅਧਿਕਾਰ', ਦੂਸਰੀ 'ਤਿੱਖੀ ਧੁੱਪ', ਤੀਸਰੀ 'ਅਗਲੇ ਸਟੇਸ਼ਨ ਤਕ' ਅਤੇ ਚੌਥੀ 'ਦੁੱਧ-ਧਾਰ' । ਪਹਿਲੀ ਕਹਾਣੀ ਵਿਚ ਅਪਣੱਤ ਦੀ ਭਾਵਨਾ ਇਕ ਟੱਬਰ ਨੂੰ ਟੁੱਟਣੋਂ ਬਚਾ ਦਿੰਦੀ ਹੈ । ਦੂਸਰੀ ਕਹਾਣੀ ਵਿਚ ਇਹ ਭਾਵਨਾ ਇਕ ਜਾਤ-ਬਰਾਦਰੀ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਸੰਗਠਿਤ ਕਰਦੀ ਹੈ । ਤੀਸਰੀ ਵਿਚ, ਇਹ ਭਾਵਨਾ ਮਨੁੱਖੀ ਦਿਲਾਂ 'ਚੋਂ ਬਦਲੇ ਦੀ ਭਾਵਨਾ ਨੂੰ ਖਤਮ ਕਰਨ ਦਾ ਹਥਿਆਰਬ ਬਣਦੀ ਹੈ । ਚੌਥੀ ਵਿਚ, ਅਜਿਹੀ ਭਾਵਨਾ ਨੂੰ ਡਾਕਟਰੀ, ਮਨੋਵਿਗਿਆਨਕ ਅਤੇ ਅੰਧਵਿਸ਼ਵਾਸੀ ਇਲਾਜ ਨਾਲੋਂ ਜ਼ਿਆਦਾ ਸ਼ਕਤੀਸ਼ਾਲੀ ਇਲਾਜ ਪ੍ਰਣਾਲੀ ਦੇ ਰੂਪ ਵਿਚ ਸਵੀਕਾਰਿਆ ਗਿਆ ਹੈ । ਤਿੰਨ ਹੋਰ ਕਹਾਣੀਆਂ- 'ਲੇਹਾ', 'ਆਪਣਾ ਅੱਧ', 'ਜੜ੍ਹਾਂ' - ਵਿਚ ਇਸ ਭਾਵਨਾ ਦੀ ਅਣਹੋਂਦ ਵਿਖਾਈ ਗਈ ਹੈ । 'ਲੇਹਾ' ਵਿਚ ਇਸਦੀ ਅਣਹੋਂਦ ਕਾਰਨ ਆਪਣੀ ਜਾਤ-ਬਰਾਦਰੀ ਤੋਂ ਵਿਛੁੰਨੇ ਹੋਣ ਦੇ ਤੀਬਰ ਅਹਿਸਾਸ ਪਾਤਰਾਂ ਵਿਚ ਵਿਸ਼ੇਸ਼ ਕਰ, ਗੁਰਨਾਮ ਕੌਰ ਵਿਚ ਪੈਦਾ ਹੁੰਦੇ ਵਿਖਾਏ ਗਏ ਹਨ । 'ਅਪਣਾ ਅੱਧ' ਵਿਚ ਸੰਯੁਕਤ ਪਰਿਵਾਰਕ ਪੇਂਡੂ ਇਕਾਈ ਨੂੰ ਵਿਗਠਿਤ ਹੁੰਦਿਆਂ ਵਿਖਾਇਆ ਗਿਆ ਹੈ। 'ਜੜ੍ਹਾਂ' ਵਿਚ ਇਸ ਭਾਵਨਾ ਦੀ ਅਣਹੋਂਦ ਕਾਰਨ ਇਕ ਪਾਸੇ ਤਾਂ ਦੰਪਤੀ ਰਿਸ਼ਤਾ ਟੁੱਟਦਾ ਦਿਖਾਇਆ ਹੈ ਅਤੇ ਦੂਸਰੇ ਪਾਸੇ ਇਕ ਵਿਸ਼ੇਸ਼ ਸਮਾਜੀ ਵਿਚਾਰਧਾਰਾ ਕਾਮਰੇਡ ਕਮਿੱਕਰ ਸਿੰਘ ਨੂੰ ਆਪਣੇ ਨਾਲ ਜੋੜਨੋਂ ਅਸਮਰੱਥ ਜਾਪਦੀ ਵਿਖਾਈ ਗਈ ਹੈ ।

ਅੰਤਲੀ ਗੱਲ - ਪੰਜਾਬ ਕਥਾ ਪਾਠਕਾਂ ਲਈ ਕਹਾਣੀਆਂ ਦੀ ਇਹ ਪੁਸਤਕ ਪੜ੍ਹਨੀ ਜ਼ਰੂਰੀ ਬਣ ਜਾਂਦੀ ਹੈ, ਇਹ ਦੇਖਣ ਲਈ ਕਿ ਕੀ ਪ੍ਰੇਮ ਗੋਰਖੀ ਸੱਚਮੁਚ ਹੀ ਆਪਣੇ ਸਮਕਾਲੀ ਪੰਜਾਬੀ ਕਹਾਣੀਕਾਰਾਂ ਨਾਲੋਂ ਆਪਣੀ ਅਲੱਗ ਪਛਾਣ ਕਾਇਮ ਰੱਖ ਸਕਿਆ ਹੈ ? ○○

[ਚੰਦਰ ਮੋਹਨ]

## ਆਪਣਾ ਪਿੰਡ ਪਰਦੇਸ [ਹਰਜੀਤ ਦੌਂਧਰੀਆ]

'ਆਪਣਾ ਪਿੰਡ ਪਰਦੇਸ' ਵਿਚ ਕੈਨੇਡਾ ਵਸਦੇ ਕਵੀ ਹਰਜੀਤ ਦੌਂਧਰੀਆ ਦੀ ਸਮੁੱਚੀ ਕਾਵਿ-ਰਚਨਾ ਸੰਮਿਲਤ ਹੈ। (ਲੋਕਗੀਤ, ਪ੍ਰਕਾਸ਼ਨ ਚੰਡੀਗੜ੍ਹ, ਪੰਨੇ 240, ਮੁੱਲ 100 ਰੁਪੈ)। ਉਸਦੇ ਪਹਿਲਾਂ ਛਪੇ ਕਾਵਿ-ਸੰਗ੍ਰਹਿ 'ਸੱਚੇ ਮਾਰਗ ਚਲਦਿਆਂ' (1977) ਅਤੇ 'ਹੈ ਭੀ ਸੱਚ ਹੋਸੀ ਭੀ ਸੱਚ' (1984) ਵੀ ਇਸ ਵਿਚ ਸ਼ਾਮਲ ਹਨ। 1984 ਤੋਂ ਪਿੱਛੋਂ ਲਿਖੀਆਂ ਕਵਿਤਾਵਾਂ "ਦੀਵਾ ਕਿਸ ਵਿਧ

ਧਰੀਏ' ਸੀਰਸ਼ਕ ਹੇਠ ਦਰਜ ਹਨ। ਹਰਜੀਤ ਦੌਧਰੀਆ ਲੰਮੇਂ ਸਮੇਂ ਤੋਂ ਵਿਦੇਸ਼ੀ ਧਰਤੀਆਂ 'ਤੇ ਵਿਚਰਨ ਵਾਲਾ ਕਵੀ ਹੈ। ਲਗਪਗ ਢਾਈ ਦਹਾਕੇ ਇੰਗਲੈਂਡ ਵਿਚ ਵਸੇਬੇ ਪਿੱਛੋਂ ਪਿਛਲੇ ਦਹਾਕੇ ਤੋਂ ਕੈਨੇਡਾ ਵਿਚ ਹੈ। ਪਿਛਲੇ ਪੈਂਤੀ ਵਰ੍ਹੇ ਤੋਂ ਉਹ ਇਕ ਕਮਿਊਨਿਸਟ ਕਾਰਕੁਨ ਦੇ ਤੌਰ ਉਤੇ ਭਾਰਤੀ ਮਜ਼ਦੂਰ ਸਭਾ (ਇੰਗਲੈਂਡ) ਤੇ ਕਮਿਊਨਿਸਟ ਪਾਰਟੀ ਆਫ਼ ਕੈਨੇਡਾ ਨਾਲ ਜੁੜਿਆ ਰਿਹਾ ਹੈ। ਸ਼ਾਇਦ ਇਸੇ ਕਾਰਨ ਹੱਥਲੀ ਪੁਸਤਕ ਦੇ ਪ੍ਰਵੇਸ਼ਕਾਂ ਲੇਖਕ ਡਾ. ਸੁਖਦੇਵ ਸਿੰਘ ਦੇ ਸ਼ਬਦਾਂ ਵਿਚ "ਹਰਜੀਤ ਦੀ ਪਹਿਲੀ ਵਫ਼ਾ ਕਵਿਤਾ ਨਾਲ ਨਹੀਂ, ਮੂਲ ਰੂਪ ਵਿਚ ਉਹ ਇਕ ਸੁਚੇਤ ਰਾਜਸੀ ਕਾਰਕੁਨ ਹੈ"।

ਹਰਜੀਤ ਦੀ ਪ੍ਰਤਿੱਬਧਤਾ ਕਮਿਊਨਿਸਟ ਵਿਚਾਰਧਾਰਾ ਨਾਲ ਹੈ। ਇਸੇ ਕਾਰਨ ਕਵਿਤਾ ਉਸ ਲਈ ਇਸ ਵਿਚਾਰਧਾਰਾ ਨੂੰ ਪਰਚਾਰਨ ਦਾ ਸਾਧਨ ਹੈ। ਕਵਿਤਾ ਦੀ ਸੁਰ ਉਚੀ ਤੇ ਸੰਬੋਧਨੀ ਹੈ। ਆਰਥਿਕ ਲੁੱਟ, ਨਾਬਰਾਬਰੀ, ਜਾਤਪਾਤ ਦਾ ਵਖਰੇਵਾਂ, ਫਿਰਕਾਪ੍ਰਸਤੀ, ਅੰਧ-ਵਿਸ਼ਵਾਸ, ਪੂੰਜੀਵਾਦੀ ਪ੍ਰਬੰਧ ਆਦਿ ਸਰੋਕਾਰ ਉਸਦੀ ਕਵਿਤਾ ਦਾ ਵਿਸ਼ਾ ਬਣਦੇ ਹਨ :

*"ਖਚਰੀ ਡੈਮੋਕਰੇਸੀ ਵਿਚ ਡਾਕੇ ਪੈਣ ਦੁਪਹਿਰ ਨੂੰ*
*ਫੱਟੜ ਹੋਣ ਜ਼ਮੀਰਾਂ*
*ਅੱਖਾਂ 'ਚ ਜਾਣ ਲਾਲ ਮਿਰਚਾਂ ਧੂੜੀਆਂ*
*ਵੋਟਾਂ ਜਾਣ ਉਧਾਲੀਆਂ*
*ਅਜ਼ਾਰੇਦਾਰੀ ਫਿਜ਼ਾ 'ਚ*
*ਧਨ ਬਟੋਰਾਂ ਦੇ ਭਵਨਾਂ 'ਚ ਲਹੂ ਨੁੱਚੜਦੇ ਪੱਕਣ ਮਾਲ੍ਹ ਪੂੜੇ*
... ... ... ... ... ...
*ਉਤਰ ਕਾਟੋ ਮੈਂ ਚੜ੍ਹਾਂ ਸ਼ੱਕਰ ਭਿੱਜੀ ਵਰਗੀਆਂ ਪਾਰਲੀਮਾਨੀ ਖੇਡਾਂ ਭੇਡਾਂ*
*ਤੇਜ਼-ਤਰਾਰ ਮੌਮੋਠਗਣੀ ਆਕਾਸ਼ਬਾਣੀ, ਕਾਟੋਆਂ ਕੱਚੀ ਲੱਸੀ ਰਿੜਕਦੀਆਂ*
*ਚਤਰ ਵਿਕਾਊ ਕਾਲਮ ਨਵੀਸ ਮਾਰਨ ਚੁਗਲ ਝਾਤੀਆਂ*
... ... ... ... ... ...
*ਲੋਕ ਜਮਹੂਰੀ ਹੱਕੀ ਜਦੋ ਜਹਿਦਾਂ ਅੱਗੇ ਤੋਰੀਏ*

ਹਰਜੀਤ ਦੀ ਕਵਿਤਾ ਅਜੇ ਵੀ ਪੰਜਾਬ ਦੀ ਬਾਤ ਪਾਉਂਦੀ ਹੈ, ਭਾਰਤ ਦੀ ਗੱਲ ਕਰਦੀ ਹੈ ਕਿਉਂਕਿ ਉਸਦੀ ਸੰਵੇਦਨਸ਼ੀਲਤਾ ਇੱਥੇ ਵਾਪਰ ਰਹੇ ਅਸਾਵੇਂ ਵਰਤਾਰਿਆਂ ਨੂੰ ਕਬੂਲਣ ਤੋਂ ਇਨਕਾਰੀ ਹੈ :

*"ਅਜੇ ਵੀ ਹੈ ਅਰਧ ਗੁਲਾਮੀ ਦਾ ਮੌਸਮ*
*ਛਾਏ ਹੋਏ ਨੇ ਬੇਗਾਨਗੀ ਦੇ ਬੱਦਲ*
*ਤੇ ਆ ਰਿਹਾ ਹੈ ਅਲਹਿਦਗੀ ਦਾ ਹੁੰਮਸ-*
*ਰਾਜ ਦੀ ਵਿਗੜੀ ਮੰਡ੍ਹੀਰ ਮਗਰ*
*ਭੱਜੇ ਫਿਰਦੇ ਨੇ ਸਿਆਸੀ ਮਸਤ ਹਾਥੀ"*

ਹਰਜੀਤ ਦੀ ਕਵਿਤਾ ਸਮਾਜਕ-ਆਰਥਿਕ ਸਰੋਕਾਰਾਂ ਤਕ ਹੀ ਸੀਮਤ ਨਹੀਂ ਰਹਿੰਦੀ ਸਗੋਂ ਸਭਿਆਚਾਰਕ ਅਤੇ ਸਾਹਿਤਕ ਮਸਲਿਆਂ ਨੂੰ ਲੈ ਕੇ ਉਹ ਬਹੁਤੀ ਵਾਰ ਗਾਲੀ ਗਲੋਚ ਦੀ ਪੱਧਰ ਤਕ ਵੀ ਉਤਰ ਆਉਂਦੀ ਹੈ। ਇਹ ਕੁਝ ਉਸਦੀਆਂ ਕਵਿਤਾਵਾਂ 'ਨਵੇਂ ਸ਼ਬਦ', 'ਸਮਕਾਲੀ ਅਦੀਬਾਂ ਨੂੰ', 'ਕਵਿਤਾ ਲਿਖਾਂਗਾ' ਆਦਿ ਵਿਚ ਦੇਖਿਆ ਜਾ ਸਕਦਾ ਹੈ :

*"ਅਸੀਂ ਸ਼ਬਦਾਂ ਦੀ ਦਲਾਲੀ ਕਰਨ 'ਚ ਯਕੀਨ ਨਹੀਂ ਰੱਖਦੇ*
*ਕਲਮਾਂ ਨੂੰ ਕਲਫ਼ ਲਾਉਣ ਤੋਂ ਤੇ ਲੱਚਰ ਨਿੱਬਾਂ ਤੋਂ*
*ਸਾਨੂੰ ਸਖ਼ਤ ਨਫ਼ਰਤ ਹੈ - ਸ਼ਬਦਾਂ ਦੇ ਵਣਜਾਰਿਓ !*

*"ਲਿਖ ਦੇ ਆਪਹੁਦਰੇ ਗਿੱਦੜ-ਭਬਕੀਆਂ ਵਾਲੇ ਫੀਚਰ*



*ਭੌਂਕੇ ਰੁਮਾਂਸਵਾਦੀ ਪਤੰਦਰ*
... .... ... ...
*ਮਾਨਸਕ ਰੋਗੀ ਕਵੀਆਂ ਦੀ ਚੁਗਲਢਾਣੀ*
*ਬੇਲਗਾਮੇ ਮੁਸ਼ਕ-ਮੁਸ਼ਟੰਡੇ, ਲੇਖਕ, ਆਲੋਚਕ, ਸੰਪਾਦਕ ।*

ਇਸ ਤਰ੍ਹਾਂ ਬਹੁਤੀਆਂ ਕਵਿਤਾਵਾਂ, ਕਵਿਤਾਵਾਂ ਨਾ ਰਹਿਕੇ ਮਨ ਦੀ ਭੜਾਸ ਮਾਤਰ ਰਹਿ ਜਾਂਦੀਆਂ ਹਨ। ਜਿਵੇਂ ਕਿ ਮੁਖਬੰਧ ਵਿਚ ਨੋਟ ਕੀਤਾ ਗਿਆ ਹੈ : "ਟਕਿਆਂ ਦੇ ਲੋਭ ਵੱਸ ਕੁਲੀਨ ਦੇ ਹਿਤਾਂ ਦੀ ਵਕਾਲਤ ਕਰਨ ਵਾਲੇ ਲੇਖਕਾਂ ਨੂੰ ਉਹ ਪਾਲਤੂ ਕਤੂਰੇ, ਵੱਢ-ਖਾਣੇ ਭੌਂਕੇ (ਕਤੂਰੇ), ਸ਼ਿੰਗਾਰੇ ਹੋਏ ਨਾਟੀਆਂ ਵਾਲੇ ਊਠ (ਨਾਟੀਆਂ), ਲੁੱਚ-ਨੀਤੀਆਂ ਬਾਘੜ-ਬਿੱਲੀਆਂ, ਫੰਡਰ ਜ਼ਮੀਰਾਂ ਵਾਲੇ ਕੰਜਰਪੁਣੇ ਦੇ ਦਲਾਲ... ਜਿਹੇ ਲਕਬ ਦਿੰਦਾ ਹੈ ।"

ਉਂਞ ਹਰਜੀਤ ਦੌਧਰੀਆ ਦੀ ਕਵਿਤਾ ਵਿਚ 1947 ਤੋਂ ਪਹਿਲੇ ਪੰਜਾਬ ਦਾ ਭਾਸ਼ਕ-ਅਨੁਭਵ ਜ਼ਰੂਰ ਉਪਲਬਧ ਹੈ। ਉਸ ਕੋਲ ਅਜਿਹੇ ਸ਼ਬਦਾਂ ਦੀ ਬੇਅੰਤ ਪੂੰਜੀ ਹੈ, ਜਿਵੇਂ ਟੁੱਕ-ਟੇਰ, ਪਾੜ੍ਹਤ, ਲਗੜ, ਸੀਹਾ ਸੇਕਣਾ, ਘੁਆਂਟ, ਛੋਪ ਕੱਤਣਾ, ਛੱਲੀ ਵਾਂਗ ਗੇਰੇ ਜਾਂਦੇ, ਰੇਸਲੇ, ਕਲਰਾਠੀਆਂ ਆਂਦਰਾਂ, ਕਸੀਰਾਂ ਦੇ ਕੰਡੇ, ਦਾਬੂ ਸਿਰ, ਬੀਂਡੀਆਂ, ਜੂਹਾਂ ਦੇ ਭੇੜੂ, ਸੁਰੜ ਸੁਰੜ, ਗੋਤਕਨਾਲੀ ਆਦਿ। ਅਨੇਕਾਂ ਸ਼ਬਦ ਉਸ ਨੇ ਇਹਨਾਂ ਕਵਿਤਾਵਾਂ ਵਿਚ ਸਾਂਭੇ ਹਨ, ਜਿਨ੍ਹਾਂ ਨੂੰ ਸਮਝਣਾ ਸ਼ਾਇਦ ਨਵੀਂ ਪੀੜ੍ਹੀ ਲਈ ਮੁਮਕਿਨ ਨਾ ਹੋਵੇ।

ਪਰਵਾਸੀ ਅਨੁਭਵ ਦੀਆਂ ਬਹੁਤ ਥੋੜ੍ਹੀਆਂ ਕਵਿਤਾਵਾਂ ਇਸ ਸੰਗ੍ਰਹਿ ਵਿਚ ਸ਼ਾਮਲ ਹਨ। ਇਹਨਾਂ ਵਿਚ ਇਕ ਨਜ਼ਮ 'ਓਸ ਵਤਨੋਂ ਦੂਰ' ਗੌਲਣਯੋਗ ਨਜ਼ਮ ਹੈ ਜਿਸ ਵਿਚ ਪਰਵਾਸੀ ਪਰਿਸਥਿਤੀਆਂ ਨੂੰ ਪ੍ਰਗਟਾਇਆ ਗਿਆ ਹੈ :

*'ਇਥੇ ਵਤਨੋਂ ਦੂਰ*
*ਥਾਂ ਥਾਂ ਹਰੇਵਾਈ ਪਰ ਫੁੱਲ ਸੁਗੰਧੋਂ ਸੱਖਣੇ*
... ...
*ਸੰਗ ਸ਼ਰਮ ਦਾ ਕੀ ਰਾਹ*
*ਖੁਲ੍ਹੀਆਂ ਖੇਡਾਂ*
*ਕੰਮ, ਮੌਸਮ, ਜਨਾਨੀ ਦਾ ਕੀ ਵਿਸਾਹ*

'ਆਪਣਾ ਪਿੰਡ ਪਰਦੇਸ' ਦੀਆਂ ਕਵਿਤਾਵਾਂ ਅਜਿਹੇ ਕਵੀ ਦੀਆਂ ਕਵਿਤਾਵਾਂ ਹਨ ਜੋ ਕਲਮ ਨੂੰ ਹਥਿਆਰ ਸਮਝ ਕੇ ਵਰਤਦਾ ਹੈ ਅਤੇ ਉਹ ਵੀ ਬੜੀ ਬੇਕਿਰਕੀ ਨਾਲ ।○○

[ਦਰਸ਼ਨ ਗਿੱਲ]

## ਫੁੱਲ ਤੇ ਪੱਤੀਆਂ [ਮਿੰਨੀ ਗਰੇਵਾਲ]

ਮਿੰਨੀ ਗਰੇਵਾਲ ਨੇ ਦੋਸਤੀ ਦੇ ਪੈਂਡੇ ਤੁਰਨ ਵਾਲੇ ਹੋਰਨਾਂ ਲੋਕਾਂ ਵਾਂਗ ਦੋਸਤੀ ਵਿਚੋਂ ਬਹੁਤ ਕੁਝ ਪਾਇਆ ਹੈ ਤੇ ਬਹੁਤ ਕੁਝ ਗੰਵਾਇਆ ਹੈ । ਦੋਸਤੀ ਦੀ ਇਕ ਲੱਭਤ ਹੈ ਉਸਦੀਆਂ ਨਿੱਕੀਆਂ ਕਵਿਤਾਵਾਂ ਦਾ ਸੰਗ੍ਰਹਿ 'ਫੁੱਲ ਤੇ ਪੱਤੀਆਂ' [ਮਨਪ੍ਰੀਤ ਪ੍ਰਕਾਸ਼ਨ, ਪੰਨੇ 120 ਤੇ ਮੁੱਲ 140 ਰੁਪਏ]

ਕਵਿਤਾਵਾਂ ਛੋਟੀਆਂ ਹਨ, ਚੀਸਾਂ ਵੱਡੀਆਂ ਹਨ, ਤੇ ਸ਼ਬਦਾਂ ਵਿਚ ਬੰਨ੍ਹਣ ਦੀ ਵਿਧੀ ਕਾਵਿਕ :

*ਤੇਰੀ ਛੋਹ ਦਾ ਅਹਿਸਾਸ ਹੁਣ ਤਕ ਵੀ ਹੈ*
*ਪਿਆਰ ਗੁਨਾਹ ਏ, ਤੇਰਾ ਨਾਂ ਲੈ ਨਹੀਂ ਸਕਦੀ*
*ਇਸ ਪਿਆਰ ਦੇ ਅਹਿਸਾਸ ਨੂੰ*
*ਘਰ ਪਿੱਛੇ ਟੋਆ ਪੁੱਟ ਕੇ ਦੱਬ ਦਿੱਤਾ ਏ*
*ਹੱਥਾਂ ਨੂੰ ਕੁਝ ਮਿੱਟੀ ਲੱਗੀ ਰਹਿ ਗਈ*

ਮਿੰਨੀ ਨੇ ਆਪਣੀਆਂ ਕਵਿਤਾਵਾਂ ਰਾਹੀਂ ਇਸ ਮਿੱਟੀ ਨਾਲ ਮੋਹ ਨਿਭਾਇਆ ਹੈ ਜਿਸ ਵਿਚ ਕਸਕ ਹੈ, ਚੀਸ ਵੀ ਤੇ ਅਪਣੱਤ ਵੀ :

*ਮਨ ਦੀ ਤਨਹਾਈ, ਆਵਾਜ਼ਾਂ ਦਾ ਸ਼ੋਰ*
*ਚੁੱਪ ਚਪੀਤਾ ਅਸਮਾਨ ਫਟ ਗਿਆ*
*ਯਾਦਾਂ ਦਾ ਅੰਬਰ ਹੂੰਝ ਕੇ, ਨਾਲੀ ਵਿਚ ਸੁੱਟ ਦਿੱਤਾ*
*ਝਾੜੂ ਗੰਦਾ ਹੋ ਗਿਆ*

ਜਿਸ ਮੋਹ ਦੀ ਮਿੱਟੀ ਉਸਦੇ ਹੱਥਾਂ ਨੂੰ ਲੱਗੀ ਰਹਿ ਗਈ ਉਸਨੂੰ ਨਾ ਹੀ ਝਾੜੂ ਤੇ ਨਾ ਸਮਿਆਂ ਦੇ ਵਰ੍ਹੇ ਛੰਡ/ਧੋ ਸਕੇ ਹਨ। ਪੂਰੇ ਚਾਰ ਦਹਾਕੇ ਪਹਿਲਾਂ ਆਪਣੇ ਪਿਆਰੇ ਵਤਨ ਨੂੰ ਤਿਆਗ ਕੈਨੇਡਾ ਦੀ ਵਸਨੀਕ ਹੋਣ ਪਿੱਛੋਂ ਵੀ ਉਹ ਚੋਭਾਂ ਲਾਉਂਦੇ ਤੇ ਸਹਿਲਾਉਂਦੇ ਰਹੇ ਹਨ।

ਮਿੰਨੀ ਗਰੇਵਾਲ ਦੀ ਕਵਿਤਾ ਵਿਚ ਵੇਗ ਹੈ ਤੇ ਦੁਹਰਾਓ ਵੀ। ਪਰ ਉਸਦੇ ਦੁਹਰਾਓ ਵਿਚ ਅਕੇਵਾਂ ਨਹੀਂ। ਕਾਰਨ ਇਹ ਕਿ ਉਸਦੀ ਸੋਚ ਤੇ ਦ੍ਰਿਸ਼ਟੀ ਵਿਚ ਧੁੰਦਲਕਾ ਕੋਈ ਨਹੀਂ :

*ਤੈਨੂੰ ਵੇਖਣ ਦੀ ਖਾਹਿਸ਼ ਪੈਦਾ ਹੋਈ*
*ਸੱਜੀ ਅੱਖ ਫਰਕਦੀ ਰਹੀ*
*ਖੱਬੀ ਅੱਖ ਥਾਈਂ ਤੇਰੀਆਂ ਲਾਪ੍ਰਵਾਹੀਆਂ*
*ਸਮੁੰਦਰ ਵਿਚ ਰੋੜ੍ਹ ਦਿੱਤੀਆਂ*

ਮਿੰਨੀ ਗਰੇਵਾਲ ਦੀ ਕਵਿਤਾ ਦਾ ਸੰਜਮ ਉਸਦੇ ਸ਼ਬਦਾਂ ਵਿਚਲੀ ਬੇਪ੍ਰਵਾਹੀ ਤੋਂ ਸ਼ਕਤੀ ਲੈਂਦਾ ਹੈ। ਉਸ ਦੀ ਕੈਥਾਰਸਿਸ ਵਿਚ ਰੋਣੇ ਧੋਣੇ ਨਾਲੋਂ ਅਲਬੇਲਾਪਨ ਪ੍ਰਧਾਨ ਹੈ। ਨਿਸ਼ਾਨਾ ਉਹੀਓ ਤੀਰ ਆਪੋ ਆਪਣਾ। ਉਂਝ ਤਾਂ ਸਾਰੀ ਦੀ ਸਾਰੀ ਕੋਮਲ ਕਲਾ ਆਪੋ ਆਪਣੇ ਅੰਦਾਜ਼ ਵਿਚ ਪੀੜ ਹਰਨ ਦਾ ਹੀ ਇਕ ਵਸੀਲਾ ਹੈ ਪਰ ਕਵਿਤਾ ਵਿਚ ਇਹ ਵਿਧੀ ਸਿੱਧਾ ਦਿਲ 'ਤੇ ਅਸਰ ਕਰਦੀ ਹੈ। ਮਿੰਨੀ ਦੀ ਇਸ ਵਿਧੀ ਵਿਚ ਨਵੇਕਲਾਪਨ ਵੀ ਹੈ। ਮਿੰਨੀ ਨੇ ਆਪਣੇ ਦਰਦ ਦੇ ਲਹੂ ਵਿਚ ਥੋੜ੍ਹੀ ਜਿੰਨੀ ਮਿੱਟੀ ਵੀ ਮਿਲਾ ਲਈ ਹੈ। ਇਹ ਉਸਦੀ ਨਵੀਂ ਕਵਿਤਾ ਨੂੰ ਦੇਣ ਕਹੀ ਜਾ ਸਕਦੀ ਹੈ।

ਮਿੰਨੀ ਗਰੇਵਾਲ ਚੜ੍ਹਦੀ ਜਵਾਨੀ ਵਿਚ ਸਮਾਜਵਾਦੀ ਸੋਚ ਪ੍ਰਣਾਲੀ ਨਾਲ ਕੰਮ ਕਰਦੀ ਰਹੀ ਹੈ। ਪੂਰੇ ਚਾਰ ਦਹਾਕੇ ਇਹ ਸਮਾਜਵਾਦੀ ਭਾਵਨਾ ਉਸਦੇ ਮਨ ਦੇ ਕਿਸੇ ਕੋਨੇ ਵਿਚ ਇੰਝ ਸਮਾਈ ਰਹੀ ਹੈ ਕਿ ਉਸਨੇ ਏਨੇ ਵਰ੍ਹੇ ਪੂੰਜੀਵਾਦੀ ਸਮਾਜ ਵਿਚ ਰਹਿੰਦਿਆਂ ਵੀ ਆਪਣੀ ਇਸ ਭਾਵਨਾ ਨੂੰ ਮਿਟਣ ਨਹੀਂ ਦਿੱਤਾ :

*ਸਾਡੀ ਧਰਤੀ 'ਤੇ ਚੂਹੇ ਬਹੁਤ ਹੋ ਗਏ ਨੇ*
*ਬਾਜ਼ਾਰਾਂ, ਦੁਕਾਨਾਂ, ਸੜਕ ਸੜਕ, ਗਲੀ ਗਲੀ*
*ਏਅਰਕੰਡੀਸ਼ੰਡ ਲਿਮੋਜ਼ਿਨਾਂ - ਸਜੇ ਹੋਏ ਡਰਾਇੰਗ ਰੂਮਾਂ, ਹੋਟਲਾਂ ਵਿਚ*
*ਆਪਣੀ ਅਮੀਰੀ ਦਾ ਦਿਖਾਵਾ ਕਰਦੇ ਨੇ*
*ਜਿਸ ਬੂਟੇ 'ਤੇ ਸੁਹਾਣਾ ਫੁੱਲ ਕੋਈ ਖਿੜਿਆ*
*ਉਸਦੀ ਜੜ੍ਹ ਕੁਤਰ ਦੇਂਦੇ ਨੇ*
*ਜਿਸ ਪਾਸੀਓਂ ਖੁਸ਼ਬੂਆਂ ਲੱਦੀ ਹਵਾ ਆਵੇ*
*ਉਸ ਪਾਸੇ ਬੋ ਖਲਾਰ ਦਿੰਦੇ ਨੇ*

ਸਮਾਜ ਦੇ ਚੂਹਿਆਂ ਦੀ ਇਸ ਬੋ ਨੂੰ ਮੁਹਲੇਦਾਰ ਵਰਖਾ ਵਿਚ ਗਿੱਲੀਆਂ, ਲਿਸ਼ਕਦੀਆਂ ਸੜਕਾਂ ਉਤੇ ਪੱਤਿਆਂ ਨੂੰ ਹੂੰਝਦਾ ਪਾਣੀ ਹੜ੍ਹਾ ਕੇ ਨਹੀਂ ਲਿਜਾ ਸਕਦਾ :

*ਧੁਆਂਖਿਆ, ਘਿਰਿਆ ਬੰਦ ਅਸਮਾਨ*
*ਕਾਲੀਆਂ ਟਹਿਣੀਆਂ, ਪਾਮ ਦੇ ਦਰਖ਼ਤ*
*ਨਿਉਂ ਨਿਉਂ ਬਰਬਾਦੀ ਦਾ ਸੁਨੇਹਾ - ਝੋਂਪੜੀਆਂ, ਝੁੱਗੀਆਂ ਨੂੰ ਦੇਂਦੇ ਰਹੇ*
*ਕੰਧਾਂ ਡਿੱਗੀਆਂ, ਛੱਤਾਂ ਦੱਬੀਆਂ, ਝੋਂਪੜੇ ਉਡੇ*
*ਛੱਤ ਮੇਰੇ ਘਰ ਦੀ ਚੋਂਦੀ ਰਹੀ*
*ਬੁਝਦੇ ਜਾਂਦੇ ਲੈਂਪ ਦੀ ਮੱਧਮ ਛਾਵੇਂ - ਬਿਸਤਰੇ ਭਾਂਡੇ ਮੈਂ ਸਾਂਭਦੀ ਰਹੀ*



ਜੇ ਧਿਆਨ ਨਾਲ ਵਾਚੀਏ ਤਾਂ ਮਿੰਨੀ ਦੀ ਕਵਿਤਾ ਵਿਚ ਮਾਰਕਸ ਦੀ ਢਿੱਡ ਦੀ ਭੁੱਖ ਤੇ ਫਰਾਇਡ ਦੀ ਜਿਸਮ ਦੀ ਭੁੱਖ ਨਾਲ ਨਾਲ ਚਲਦੀਆਂ ਹਨ :

*ਰੋਟੀ ਦੀ ਭੁੱਖ ਮਰਗੀ*
*ਜਿਸਮ ਦੀ ਇਕ ਭੁੱਖ - ਪੂਰਿਆਂ ਹੁੰਦੀ ਵੇਖ*
*ਲੋਕਾਂ ਨੱਕ ਚਾੜ੍ਹਿਆ*
*ਜਿਵੇਂ, ਨੱਕ ਵੱਢਿਆ ਗਿਆ ਹੈ*

ਮਿੰਨੀ ਨਿੱਜ, ਸਮਾਜ ਤੇ ਸਮੁੱਚੇ ਜੀਵਨ ਦੇ ਸੱਚ ਨੂੰ ਰੋਗੀ ਬਣਾ ਕੇ ਨਹੀਂ ਪੇਸ਼ ਕਰਦੀ, ਇਸਦੇ ਸਰੂਪ ਦੀ ਪਹਿਚਾਣ ਕਰਦੀ ਹੈ :

*ਵੇਸ਼ਿਆ ਦੀ ਜ਼ਿੰਦਗੀ - ਇਕ ਅੰਨ੍ਹਾ ਖੂਹ ਠਹਿਰਿਆ ਪਾਣੀ*
*ਮੋਣ ਤੇ ਨਿਉਂ ਤ੍ਰਿਹਾਏ ਮੁਸਾਫਿਰ - ਪਿਆਸ ਬੁਝਾ ਤੁਰ ਜਾਂਦੇ*
*ਦਿਨ ਰਾਤ ਦੀ ਬੇਹੀ ਕੁੱਖੇ, ਤਨ ਦੀ ਮੰਜੀ ਡਾਹੀ*
*ਰੀਝ ਨਾ ਜੰਮੀ ਆਸ ਨਾ ਪੁੰਗਰੀ- ਮਨ ਦੀ ਚੁੰਨੀ ਸਦਾ ਕੁਆਰੀ*
*ਉਮਰ ਦੀ ਤੱਕੜੀ ਤਨ ਦੇ ਪੱਲੜੇ*
*ਚਾਂਦੀ ਦੇ ਵੱਟੇ ਨਵੇਂ ਪੁਰਾਣੇ ਗਾਹਕ*

ਮਿੰਨੀ ਗਰੇਵਾਲ ਦੀ ਸਿਫਤ ਇਹ ਵੀ ਹੈ ਕਿ ਉਸਨੂੰ ਪਤਾ ਹੈ ਕਿ ਉਹ ਕਿੱਥੇ ਖੜ੍ਹੀ ਹੈ; "ਇਨ੍ਹਾਂ ਸਫਿਆਂ ਉਤੇ ਯਾਦਾਂ ਦੇ ਜੋ ਬੀਜ ਬੋਏ ਹਨ, ਉਨ੍ਹਾਂ ਨੂੰ ਜਦੋਂ ਕਿਸੇ ਮਾਪ ਤੋਲ ਦੀ ਤੱਕੜੀ ਵਿਚ ਪਾਉਂਦੀ ਹਾਂ ਤਾਂ ਉਹ ਨਾ ਗੀਤ, ਨਾ ਨਜ਼ਮ ਤੇ ਨਾ ਹੀ ਕਵਿਤਾ ਦੇ ਢਾਂਚੇ ਵਿਚ ਪੂਰੇ ਉਤਰਦੇ ਹਨ ....ਯਾਦ ਦੇ ਝਰੋਖਿਆਂ ਵਿਚ ਝਾਤੀ ਮਾਰ ਕੇ ਤਾਂ ਜ਼ਿੰਦਗੀ ਦਾ ਹਰ ਰੰਗ ਹੈਰਾਨ ਕਰ ਦੇਣ ਦੀ ਤਾਕਤ ਰੱਖਦਾ ਹੈ।"

ਮਿੰਨੀ ਰਗੇਵਾਲ ਨੇ ਆਪਣੇ ਇਸ ਕਾਵਿ ਸਨੇਹੇ ਨੂੰ ਫੁੱਲਾਂ ਪੱਤੀਆਂ ਤੇ ਕਲੀਆਂ ਦਾ ਨਾਂ ਦਿੱਤਾ ਹੈ। ਉਸਨੇ ਇਨ੍ਹਾਂ ਵਿਚਲੀ ਸੁਗੰਧ ਨੂੰ ਫੜਨ ਲਈ ਬਿਰਤਾਂਤੀ ਜੁਗਤ ਵੀ ਵਰਤੀ ਹੈ :

*ਚਮੇਲੀ ਦਾ ਇਕ ਬੂਟਾ - ਸੜਕ ਕੰਢੇ ਸੀ ਉਗਿਆ*
*ਬਾਲ-ਕੁੜੀ ਨੇ ਫੁੱਲ ਇਕ ਤੋੜਿਆ*
*ਸੁੰਘਿਆ, ਫਿਰ ਸੁੰਘਿਆ ਤੇ ਆਪਣੇ*
*ਸੰਵਰੇ ਹੋਏ ਵਾਲਾਂ ਵਿਚ ਟੁੰਗਿਆ*

*ਚਮੇਲੀ ਦਾ ਇਕ ਬੂਟਾ - ਸੜਕ ਕੰਢੇ ਸੀ ਉਗਿਆ*
*ਜਵਾਨ ਕੁੜੀ ਨੇ ਫੁੱਲ ਇਕ ਤੋੜਿਆ*
*ਸੁੰਘਿਆ, ਪਿਆਰ ਕਰ, ਆਪਣੇ ਪ੍ਰੇਮੀ ਦੇ ਕੋਟ ਵਿਚ ਟੁੰਗਿਆ*

*ਚਮੇਲੀ ਦਾ ਇਕ ਬੂਟਾ - ਸੜਕ ਕੰਢੇ ਸੀ ਉਗਿਆ*
*ਅੱਧਖੜ ਔਰਤ ਨੇ ਫੁੱਲ ਇਕ ਤੋੜਿਆ*
*ਸੁੰਘਿਆ, ਲਿਪਸਟਿਕ ਖਾਧੇ ਬੁਲ੍ਹ,*
*ਥੱਕੀਆਂ ਅੱਖਾਂ ਗਧਲਾ ਹਾਸਾ ਹੱਸ ਪਈਆਂ*
*ਫਿਰ ਉਸ ਬੂਟੇ ਦੇ ਸਾਰੇ ਫੁੱਲ ਤੋੜ ਸੁੱਟੇ*

ਮਿੰਨੀ ਦੀ ਕਵਿਤਾ ਦੀ ਕਹਾਣੀ ਏਥੇ ਖਤਮ ਨਹੀਂ ਹੁੰਦੀ। ਇਸ ਅੱਧਖੜ ਔਰਤ ਨੇ ਬਾਲ-ਕੁੜੀ ਨੂੰ ਜਨਮ ਦੇਣਾ ਹੈ, ਬਾਲ-ਕੁੜੀ ਨੇ ਜਵਾਨ ਹੋਕੇ ਚਮੇਲੀ ਦੇ ਫੁੱਲ ਨੂੰ ਆਪਣੇ ਪ੍ਰੇਮੀ ਦੇ ਕੋਟ ਵਿਚ ਟੁੰਗਣਾ ਹੈ ਤੇ ਮੁੜ ਅੱਧਖੜ ਉਮਰਾ ਦੇ ਰਾਹ ਤੁਰ ਪੈਣਾ ਹੈ। ਮਿੰਨੀ ਨੇ ਜ਼ਿੰਦਗੀ ਨੂੰ ਠੀਕ ਫੜਿਆ ਹੈ। ਉਸ ਨੂੰ ਫੁੱਲ ਪੱਤੀਆਂ ਤੇ ਨਵ-ਉਮਰਾ ਮੁਬਾਰਕ।

[ਗੁਲਜ਼ਾਰ ਸਿੰਘ ਸੰਧੂ]

## ਭਾਰਤੀ ਦਰਸ਼ਨ [ਰਾਜਿੰਦਰ ਪਾਲ ਸਿੰਘ]

ਰਾਜਿੰਦਰਪਾਲ ਸਿੰਘ ਕੋਈ ਦਰਸ਼ਨਵੇਤਾ ਨਹੀਂ ਅਤੇ ਨਾ ਹੀ ਇਹਨਾਂ ਸਤਰਾਂ ਦੇ ਲੇਖਕ ਨੂੰ ਫਲਸਫੇ ਬਾਰੇ ਬਹੁਤਾ ਜਾਨਣ ਦਾ ਗੁਮਾਨ ਹੈ। ਐਪਰ ਇਕ ਸੁਜੱਗ ਤੇ ਸੁਹਿਰਦ ਮਨੁੱਖ ਵਜੋਂ ਰਾਜਿੰਦਰਪਾਲ ਸਿੰਘ ਨੂੰ ਪਤਾ ਹੈ ਕਿ ਸਾਧਾਰਨ ਮਨੁੱਖਾਂ ਵਿਚ ਵਿਗਿਆਨਕ ਸੂਝ ਬੂਝ ਦੇ ਸੰਚਾਰ ਦਾ ਕਿੰਨਾ ਮਹੱਤਵ ਹੈ। ਇਸੇ ਲਈ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਪੰਜਾਬੀ ਸਾਹਿਤ ਦੇ ਅਧਿਆਪਨ ਦਾ ਕਾਰਜ ਨਿਭਾਉਣ ਦੇ ਨਾਲ ਨਾਲ ਉਹ ਤਰਕਸ਼ੀਲ ਲਹਿਰ ਵਿਚ ਵੀ ਸਰਗਰਮ ਹੈ।

ਦਰਸ਼ਨ ਤੇ ਵਿਗਿਆਨ ਦੀਆਂ ਬਾਰੀਕੀਆਂ ਵਿਚ ਜਾਣਾ ਤਾਂ ਵਿਸ਼ੇਸ਼ੱਗਾਂ ਦਾ ਹੀ ਕੰਮ ਹੈ ਪਰ ਚੰਗੇਰੀ ਜ਼ਿੰਦਗੀ ਜਿਉਣ ਲਈ ਅਤੇ ਆਪਣੇ ਚੁਗਿਰਦੇ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਸਹੀ ਦਾਰਸ਼ਨਿਕ ਆਧਾਰਾਂ ਦੀ ਲੋੜ ਅਵੱਸ਼ ਪੈਂਦੀ ਹੈ। ਆਮ ਆਦਮੀ ਬਹੁਤ ਕੁਝ ਪਰੰਪਰਾ ਤੋਂ ਸੰਸਕਾਰਾਂ ਦੇ ਰੂਪ ਵਿਚ ਗ੍ਰਹਿਣ ਕਰਦਾ ਹੈ ਅਤੇ ਇਹ ਸੰਸਕਾਰ ਉਸ ਦੀ ਸ਼ਖ਼ਸੀਅਤ ਨੂੰ ਡੌਲਣ ਵਿਚ ਅਹਿਮ ਰੋਲ ਅਦਾ ਕਰਦੇ ਹਨ। ਪਰੰਤੂ ਪਰੰਪਰਾ ਤੇ ਸੰਸਕਾਰਾਂ ਵਿਚ ਸਭ ਕੁਝ ਚੰਗਾ ਹੀ ਨਹੀਂ ਹੁੰਦਾ, ਇਸ ਵਿਚ ਬਹੁਤ ਕੁਝ ਅਜਿਹਾ ਵੀ ਹੁੰਦਾ ਹੈ ਜੋ ਮਨੁੱਖੀ ਸ਼ਖ਼ਸੀਅਤ ਨੂੰ ਵਿਗਾੜ ਵਾਲੇ ਪਾਸੇ ਲਿਜਾਂਦਾ ਹੈ। ਇਸ ਲਈ ਇਸ ਗੱਲ ਦੀ ਲੋੜ ਬਣੀ ਰਹਿੰਦੀ ਹੈ ਕਿ ਮਨੁੱਖ ਨੂੰ ਪਰੰਪਰਾ ਦੇ ਸਾਰਥਿਕ ਤੇ ਨਕਾਰਾਤਮਕ ਪਹਿਲੂਆਂ ਬਾਰੇ ਜਾਣੂੰ ਕਰਵਾਇਆ ਜਾਂਦਾ ਰਹੇ। ਰਾਜਿੰਦਰਪਾਲ ਸਿੰਘ ਦੀ ਪੁਸਤਕ 'ਭਾਰਤੀ ਦਰਸ਼ਨ' [ਪੰਨੇ 168, ਮੁੱਲ 75 ਰੁਪਏ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ] ਇਹੀ ਕਾਰਜ ਹੀ ਨਿਭਾਉਂਦੀ ਹੈ।

ਭਾਰਤ ਨੂੰ ਰਿਸ਼ੀਆਂ ਮੁਨੀਆਂ ਦੀ ਧਰਤੀ ਦੱਸਕੇ ਇਹ ਪਰਚਾਰਿਆ ਜਾਂਦਾ ਰਿਹਾ ਹੈ ਕਿ ਪ੍ਰਾਚੀਨ ਸਭਿਅਤਾ ਵਾਲੇ ਇਸ ਦੇਸ਼ ਦੀ ਦਾਸ਼ਨਿਕ ਪਰੰਪਰਾ ਸਿਰਫ ਅਧਿਆਤਮਵਾਦ ਨਾਲ ਜੁੜੀ ਹੋਈ ਹੈ। ਵੇਦਾਂਤ ਅਥਵਾ ਉਪਨਿਸ਼ਦਾਂ ਵਿਚਲੇ ਦਾਰਸ਼ਨਿਕ ਵਿਚਾਰਾਂ ਨੂੰ ਭਾਰਤੀ ਦਰਸ਼ਨ ਦਾ ਪ੍ਰਮਾਣ ਤੇ ਪ੍ਰਤੀਮਾਨ ਮੰਨ ਲਿਆ ਜਾਂਦਾ ਹੈ। ਰਾਹੁਲ ਸੰਕਰਤਾਇਨ, ਡੀ.ਡੀ. ਕੋਸਾਂਭੀ, ਦੇਬੀ ਪ੍ਰਸ਼ਾਦ ਚਟੋਪਾਧਿਆਏ ਵਰਗੇ ਚਿੰਤਕਾਂ ਤੇ ਦਰਸ਼ਨਵੇਤਾਵਾਂ ਨੇ ਭਾਰਤੀ ਦਰਸ਼ਨ ਪਰੰਪਰਾ ਦੇ ਦੀਰਘ ਅਤੇ ਗੰਭੀਰ ਅਧਿਐਨ ਉਪਰੰਤ ਇਹ ਸਾਹਮਣੇ ਲਿਆਂਦਾ ਹੈ ਕਿ ਭਾਰਤੀ ਦਰਸ਼ਨ ਵਿਚ ਉਸ ਪਰੰਪਰਾ ਦਾ ਵੀ ਬਹੁਤ ਵੱਡਾ ਯੋਗਦਾਨ ਹੈ, ਜਿਸਦਾ ਸ੍ਰੋਤ ਪਦਾਰਥਵਾਦ ਹੈ।

ਸੱਚ ਤਾਂ ਇਹ ਹੈ ਕਿ ਪ੍ਰਾਚੀਨ ਭਾਰਤ ਦੇ ਮੁੱਢਲੇ ਗ੍ਰੰਥ ਰਿਗਵੇਦ ਵਿਚ ਅਜਿਹੀ ਕੋਈ ਵੀ ਧਾਰਨਾ ਨਹੀਂ, ਜਿਸਨੂੰ ਅਧਿਆਤਮਵਾਦ ਜਾਂ ਪਰਮਾਤਮਾ ਦੇ ਸੰਕਲਪ ਨਾਲ ਜੋੜਿਆ ਜਾ ਸਕੇ। ਇਹ ਸ਼ੁਧ ਰੂਪ ਵਿਚ ਪਦਾਰਥਵਾਦੀ ਚਿੰਤਨ ਵਾਲਾ ਗ੍ਰੰਥ ਹੈ। ਤਤਕਾਲੀਨ ਯਥਾਰਥ ਅਨੁਸਾਰ ਰਿਗਵੇਦ ਦੀਆਂ ਸਾਰੀਆਂ ਰਿਚਾਵਾਂ ਸਾਧਾਰਨ ਮਨੁੱਖੀ ਲੋੜਾਂ ਦੀ ਬਾਤ ਪਾਉਂਦੀਆਂ ਹਨ। ਉਸ ਸਮੇਂ ਦੇ ਗਿਆਨ ਦੀ ਸੀਮਾ ਅਨੁਸਾਰ ਪ੍ਰਕਿਰਤਕ ਸ਼ਕਤੀਆਂ, ਵਾਯੂ, ਅਗਨੀ ਆਦਿ, ਦੀ ਸ਼ਕਤੀ ਨੂੰ ਏਥੇ ਸਵੀਕਾਰ ਕੀਤਾ ਗਿਆ ਹੈ। ਮਨੁੱਖ ਮਾਤਰ ਲਈ ਲੋੜੀਂਦੀਆਂ ਚੀਜ਼ਾਂ, ਅੰਨ ਦੇ ਭੰਡਾਰ, ਪਸ਼ੂ ਧਨ ਆਦਿ ਦੀ ਬਹੁਲਤਾ ਦੀ ਕਾਮਨਾ ਕੀਤੀ ਗਈ ਹੈ। ਪਰਮਾਤਮਾ ਵਰਗੀ ਕਿਸੇ ਹਸਤੀ ਦੀ ਹੋਂਦ ਨਹੀਂ ਚਿਤਵੀ ਗਈ ਅਤੇ ਇਉਂ ਉਸ ਤੋਂ ਕੁਝ ਮੰਗਣ ਜਾਂ ਉਸਦੀ ਅਰਾਧਨਾ ਕਰਨ ਦਾ ਪ੍ਰਸ਼ਨ ਹੀ ਨਹੀਂ ਉਠਦਾ।

ਰਾਜਿੰਦਰਪਾਲ ਸਿੰਘ ਨੇ ਇਸੇ ਦ੍ਰਿਸ਼ਟੀ ਅਨੁਸਾਰ ਹੱਥਲੀ ਪੁਸਤਕ ਦੇ ਸੋਲਾਂ ਨਿਬੰਧਾਂ ਵਿਚ ਭਾਰਤੀ ਦਰਸ਼ਨ ਨਾਲ ਸੰਬੰਧਤ ਵਿਭਿੰਨ ਗ੍ਰੰਥਾਂ ਤੇ ਚਿੰਤਨ ਪ੍ਰਣਾਲੀਆਂ ਬਾਰੇ ਹਕੀਕੀ ਜਾਣਕਾਰੀ ਦਿੱਤੀ ਹੈ। ਨਿਆਏ, ਵੈਸ਼ੇਸ਼ਕ, ਸਾਂਖ, ਯੋਗ, ਮੀਮਾਂਸਾ ਆਦਿ ਦਾ ਵਿਓਰਾ ਦੇਣ ਉਪਰੰਤ ਉਸਨੇ ਦਰਸਾਇਆ ਹੈ ਕਿ ਵਿਭਿੰਨ ਚਿੰਤਨ ਪ੍ਰਣਾਲੀਆਂ ਕਿਵੇਂ ਪਰਸਪਰ ਸੰਵਾਦ ਰਚਾਉਂਦੀਆਂ ਰਹੀਆਂ ਹਨ। ਰਾਜਿੰਦਰਪਾਲ ਸਿੰਘ ਦਾ ਵਧੇਰੇ ਸਰੋਕਾਰ ਕਿਉਂਕਿ ਸਾਧਾਰਨ ਪਾਠਕ ਨੂੰ ਭਾਰਤੀ ਦਰਸ਼ਨ ਦੇ ਪਦਾਰਥਵਾਦੀ ਪੱਖ ਤੋਂ ਪਰੀਚਿਤ ਕਰਾਉਣ ਨਾਲ ਹੈ, ਇਸ ਲਈ ਉਹ ਉਨ੍ਹਾਂ ਤੱਥਾਂ ਨੂੰ ਉਘਾੜਨ ਦੇ ਯਤਨ ਵਿਚ ਵਿਖਾਈ ਦਿੰਦਾ ਹੈ ਜੋ ਵੇਦਾਂਤ ਦੀ ਧੂੜ ਦੀ ਲਪੇਟ ਵਿਚ ਆਏ ਹੋਏ ਹਨ। ਉਸਨੇ



ਪ੍ਰਮਾਣਿਤ ਕੀਤਾ ਹੈ ਕਿ ਜਿੱਥੇ ਨਿਆਏ ਵੈਸ਼ੇਸ਼ਕ ਆਦਿ ਦਰਸ਼ਨ ਪ੍ਰਣਾਲੀਆਂ ਦੀ ਟੇਕ ਪਦਾਰਥ ਅਤੇ ਤਰਕ ਉਤੇ ਹੈ ਉਥੇ ਭਾਰਤ ਵਿਚ ਉਭਰੇ ਬੁੱਧ ਤੇ ਜੈਨ ਧਰਮ ਵੀ ਮੁੱਢਲੇ ਰੂਪ ਵਿਚ ਰੱਬ ਦੀ ਹੋਂਦ ਤੋਂ ਇਲਕਾਰੀ ਸਨ। ਇਵੇਂ ਹੀ ਸ਼ਿਵ ਸ਼ਕਤੀ ਅਤੇ ਭਗਤੀ ਲਹਿਰ ਦੇ ਉਭਾਰ ਦੇ ਉਸ ਪੱਖ ਨੂੰ ਸਾਹਵੇਂ ਲਿਆਂਦਾ ਗਿਆ ਹੈ ਜਿਸ ਅਨੁਸਾਰ ਆਪਣੀ ਅਧਿਆਤਮਕ ਦਿੱਖ ਦੇ ਬਾਵਜੂਦ ਇਹ ਲਹਿਰਾਂ ਲੌਕਿਕ ਚਰਿੱਤਰ ਦੀਆਂ ਧਾਰਨੀ ਬਣਦੀਆਂ ਸਨ। ਰਾਜਿੰਦਰਪਾਲ ਸਿੰਘ ਨੇ ਦੇਬੀ ਪ੍ਰਸ਼ਾਦ ਚਟੋਪਾਧਿਆਏ ਵਰਗੇ ਵਿਦਵਾਨਾਂ ਦੇ ਚਿੰਤਨ ਨੂੰ ਦ੍ਰਿੜਾਇਆ ਹੈ ਕਿ ਵੇਦਾਂਤ ਦੇ ਬੋਲ-ਬਾਲੇ ਦੌਰਾਨ ਚਾਰਵਾਕ ਜਿਹੇ ਨਿਰੋਲ ਪਦਾਰਥਵਾਦੀ ਚਿੰਤਨ ਨੂੰ ਨਾ ਕੇਵਲ ਵਿਗਾੜਕੇ ਪੇਸ਼ ਕੀਤਾ ਗਿਆ ਸੀ ਸਗੋਂ ਉਸ ਦੇ ਮੂਲ ਗ੍ਰੰਥਾਂ ਨੂੰ ਵੀ ਨਸ਼ਟ ਕਰ ਦਿੱਤਾ ਗਿਆ।

ਪੁਸਤਕ ਦਾ ਵਡੇਰਾ ਭਾਗ ਭਾਰਤੀ ਚਿੰਤਨ ਦੀਆਂ ਵੱਖ ਵੱਖ ਪ੍ਰਣਾਲੀਆਂ ਨੂੰ ਸਮਝਣ ਸਮਝਾਉਣ ਨਾਲ ਸੰਬੰਧਤ ਹੈ। ਐਪਰ ਪੁਸਤਕ ਦੇ ਮੁਢੱਲੇ ਤੇ ਆਖਰੀ ਨਿਬੰਧ ਉਸ ਲੋੜ ਨਾਲ ਸੰਬੰਧਤ ਹਨ ਜੋ ਸਮਕਾਲੀ ਪ੍ਰਸੰਗ ਵਿਚ ਦਰਸ਼ਨ ਤੇ ਵਿਗਿਆਨ ਨੂੰ ਆਮ ਰੂਪ ਵਿਚ, ਅਤੇ ਭਾਰਤੀ ਦਰਸ਼ਨ ਨੂੰ ਵਿਸ਼ੇਸ਼ ਰੂਪ ਵਿਚ, ਵਿਗਿਆਨਕ ਦ੍ਰਿਸ਼ਟੀ ਤੋਂ ਸਮਝਣ ਲਈ ਦਰਕਾਰ ਹੈ। ਰਾਜਿੰਦਰਪਾਲ ਸਿੰਘ ਦੀ ਬੁਨਿਆਦੀ ਚਿੰਤਾ ਇਹ ਹੈ ਕਿ ਸਾਧਾਰਨ ਮਨੁੱਖ ਨੂੰ ਕਿਵੇਂ ਵਿਗਿਆਨਕ ਸੋਚ ਵਾਲੇ ਪਾਸੇ ਤੋਰਿਆ ਜਾਵੇ। ਉਸ ਦਾ ਬਲ ਦਰਸ਼ਨ ਦੀਆਂ ਬਾਰੀਕੀਆਂ ਉਤੇ ਨਹੀਂ, ਦਰਸ਼ਨ ਦੇ ਉਸ ਪੱਖ ਨੂੰ ਸਮਝਣ ਸਮਝਾਉਣ ਉਤੇ ਹੈ ਜਿਸ ਦਾ ਮਨੁੱਖ ਦੀ ਅੱਜ ਦੀ ਜ਼ਿੰਦਗੀ ਨਾਲ ਸੰਬੰਧ ਜੁੜਦਾ ਹੈ, ਅਤੇ ਇਸ ਗੱਲ ਨਾਲ ਵੀ ਕਿ ਜ਼ਿੰਦਗੀ ਨੂੰ ਵਧੇਰੇ ਖ਼ੂਬਸੂਰਤ ਕਿਵੇਂ ਬਣਾਇਆ ਜਾ ਸਕਦਾ ਹੈ। ਇਸ ਲੋੜ ਵਿਚੋਂ ਉਸਨੇ ਬਹੁਤ ਹੀ ਸਰਲਤਾ ਨਾਲ ਆਪਣੀ ਗੱਲ ਕੀਤੀ ਹੈ, ਅਤੇ ਇਸ ਮੰਤਵ ਲਈ ਪੰਜਾਬੀ ਭਾਸ਼ਾ ਤੇ ਸਾਹਿਤ ਦੀ ਉਸਦੀ ਅਧਿਆਪਕੀ ਯੋਗਤਾ ਬਹੁਤ ਕਾਰਗਰ ਸਾਬਤ ਹੋਈ ਹੈ।

ਅੱਜ ਜਦੋਂ ਮੁਰਲੀ ਮਨੋਹਰ ਜੋਸ਼ੀ ਦੀ ਅਗਵਾਈ ਵਿਚ ਕੇਂਦਰ ਸਰਕਾਰ ਵੱਲੋਂ ਭਾਰਤ ਦੇ ਇਤਿਹਾਸ ਤੇ ਸੰਸਕ੍ਰਿਤੀ ਦੇ ਭਗਵਾਂਕਰਨ ਦੀ ਨੀਤੀ ਜ਼ੋਰ ਸ਼ੋਰ ਨਾਲ ਲਾਗੂ ਕੀਤੀ ਜਾ ਰਹੀ ਹੈ, ਅਤੇ ਇਸ ਨੀਤੀ ਅਨੁਸਾਰ ਸਰਕਾਰੀ ਸਰਪ੍ਰਸਤੀ ਵਾਲੇ ਸਾਂਸਕ੍ਰਿਤਕ ਅਕਾਦਮਿਕ ਅਦਾਰਿਆਂ ਉਤੇ ਇਕ ਤਰ੍ਹਾਂ ਦਾ ਪਿਛਾਖੜੀ ਧਾਵਾ ਬੋਲਿਆ ਜਾ ਰਿਹਾ ਹੈ, ਹੱਥਲੀ ਪੁਸਤਕ ਵਰਗੀਆਂ ਲਿਖਤਾਂ ਦਾ ਮਹੱਤਵ ਬਹੁਤ ਵਧ ਜਾਂਦਾ ਹੈ। ਨਿਰਸੰਦੇਹ ਇਹ ਪੁਸਤਕ ਸਾਧਾਰਨ ਪਾਠਕ ਨੂੰ ਭਾਰਤੀ ਦਰਸ਼ਨ ਬਾਰੇ ਸਾਰਥਕ ਸੂਝ ਦੇਣ ਦਾ ਬਹੁਤ ਅਹਿਮ ਕਾਰਜ ਨਿਭਾਉਂਦੀ ਹੈ। ਪੰਜਾਬੀ ਵਿਚ ਇਸ ਭਾਂਤ ਦੀ ਪੁਸਤਕ ਦਾ ਪ੍ਰਕਾਸ਼ਤ ਹੋਣਾ ਅਵੱਸ਼ ਸਵਾਗਤਯੋਗ ਹੈ।

[ਰਘਬੀਰ ਸਿੰਘ]

## ਗੁਲਾਬਾਸੀ [ਹਰਵਿੰਦਰ]

ਇਸ ਦੌਰ ਦੀ ਕਾਵਿਕਾਰੀ ਵਿਚ ਕੁਝ ਲੋਕ ਕਵਿਤਾ ਦੇ ਮੰਤਵਹੀਣ ਹੋਣ ਦੀ ਸੁਰ ਵਿਚ ਅਲਾਪਦੇ ਹਨ ਅਤੇ ਕਵਿਤਾ ਨੂੰ ਕਵਿਤਾ ਤਕ ਘਟਾ ਕੇ ਹੀ ਵੇਖਣ ਦੀ ਗੱਲ ਕਰਦੇ ਹਨ। ਇਸੇ ਰੁਚੀ ਵਿਚੋਂ ਹੀ ਸਥਿਤੀ ਨਿਰਪੇਖ ਸੱਚ ਨੂੰ ਸਥਾਪਤ ਕਰਦੀ ਕਾਵਿ ਰਚਨਾ ਸਾਹਮਣੇ ਆਉਂਦੀ ਹੈ। ਨਿਰਸੰਦੇਹ, ਅਜਿਹੀ ਕਾਵਿਕਾਰੀ ਪੰਜਾਬੀ ਕਵਿਤਾ ਦੀ ਮੁੱਖ ਧਾਰਾ ਨਹੀਂ ਬਣ ਸਕੀ। ਪੰਜਾਬੀ ਕਵਿਤਾ ਦੀ ਮੁੱਖ ਧਾਰਾ, ਅਜੇ ਵੀ ਸਥਿਤੀ ਸਾਪੇਖ ਸੱਚ ਅਤੇ ਸਮਾਜਕ ਸਰੋਕਾਰਾਂ ਨੂੰ ਉਜਾਗਰ ਕਰਨ ਵਾਲੀ ਕਵਿਤਾ ਦੀ ਸਿਰਜਣਾ ਨਾਲ ਇਕਸੁਰ ਹੈ। ਭਾਵੇਂ ਕਿ ਇਸ ਦੇ ਸਰੋਕਾਰ ਪ੍ਰਗਤੀਵਾਦੀ ਤੇ ਜੁਝਾਰ ਵਿਦਰੋਹੀ ਕਾਵਿ-ਧਾਰਾਵਾਂ ਨਾਲ ਮੇਲ ਵੀ ਖਾਂਦੇ ਹਨ ਤੇ ਉਨ੍ਹਾਂ ਤੋਂ ਵੱਖ ਵੀ ਹਨ। ਕੁਝ ਸਮਰੱਥ ਕਵੀਆਂ ਨੇ ਪੰਜਾਬੀ ਕਾਵਿ -ਪਰੰਪਰਾ ਦੀ ਮੁੱਖ ਧਾਰਾ ਨੂੰ ਵਿਸਤਾਰਦੇ ਹੋਏ ਨਿਰਸੰਦੇਹ ਆਪਣਾ ਨਿਵੇਕਲਾ ਤੇ ਮੌਲਕ ਕਾਵਿ-ਮੁਹਾਵਰਾ ਸਿਰਜਿਆ ਹੈ ਤੇ ਕੁਝ ਇਸ ਪਾਸੇ ਯਤਨਸ਼ੀਲ ਹਨ। ਇਸ ਪਾਸੇ ਯਤਨਸ਼ੀਲ ਨਵੇਂ ਨਾਵਾਂ ਵਿਚ ਇਕ ਹੋਰ ਨਾਮ ਸ਼ਾਮਲ ਹੋਇਆ ਹੈ, ਸ਼ਾਇਰ ਹਰਵਿੰਦਰ। ਹਰਵਿੰਦਰ ਦਾ ਪਹਿਲਾ ਕਾਵਿ ਸੰਗ੍ਰਹਿ 'ਗੁਲਾਬਾਸੀ' ਭਾਵੇਂ ਦਸੰਬਰ 2000 ਵਿਚ ਛਪ ਕੇ ਸਾਹਮਣੇ

ਆਇਆ ਹੈ ਪਰੰਤੂ ਇਸ ਸੰਗ੍ਰਹਿ ਵਿਚ ਕੁਝ ਕਵਿਤਾਵਾਂ ਨਾਲ ਦਿੱਤੇ ਸੰਨ ਤੋਂ ਸਪਸ਼ਟ ਹੁੰਦਾ ਹੈ ਕਿ ਇਸ ਵਿਚ ਸ਼ਾਮਲ ਕਵਿਤਾਵਾਂ ਦਾ ਰਚਨਾ ਕਾਲ ਘੱਟੋ ਘੱਟ ਸੰਨ 1987 ਤੋਂ 2000 ਤਕ ਦਾ ਹੈ। ਹਰਵਿੰਦਰ ਵੀ ਪੰਜਾਬੀ ਦੇ ਬਹੁਤ ਸਾਰੇ ਉਨ੍ਹਾਂ ਸ਼ਾਇਰਾਂ ਵਿਚੋਂ ਹੈ ਜੋ ਸਿੱਧੇ ਕਾਵਿ - ਸੰਗ੍ਰਹਿ ਰਾਹੀਂ ਹੀ ਪੰਜਾਬੀ ਕਾਵਿ-ਜਗਤ ਵਿਚ ਪ੍ਰਵੇਸ਼ ਕਰਦੇ ਹਨ, ਕਿਉਂਕਿ ਤੇਰਾਂ ਸਾਲਾਂ ਦੇ ਲੰਮੇਂ ਸਮੇਂ ਦੌਰਾਨ ਉਸ ਦੀ ਸ਼ਾਇਦ ਹੀ ਕੋਈ ਰਚਨਾ ਕਿਤੇ ਛਪੀ ਵੇਖੀ ਗਈ ਹੋਵੇ। ਹਰਵਿੰਦਰ ਦੇ ਇਸ ਸੰਗ੍ਰਹਿ ਦੇ ਪਾਠ ਉਪਰੰਤ ਇਕ ਗੱਲ ਪਹਿਲੀ ਨਜ਼ਰੇ ਹੀ ਧਿਆਨ ਖਿਚਦੀ ਹੈ ਕਿ ਉਸਦੀ ਕਾਵਿ-ਦ੍ਰਿਸ਼ਟੀ ਉਪਰ ਪ੍ਰਗਤੀਵਾਦੀ -ਜੁਝਾਰਵਾਦੀ ਕਾਵਿ-ਚੇਤਨਾ ਦਾ ਡੂੰਘਾ ਪ੍ਰਭਾਵ ਹੈ। ਜਿੱਥੇ ਸਮਾਜਕ ਸਰੋਕਾਰ ਕਾਵਿ-ਸੁਹਜ ਦੇ ਨਾਲ ਨਾਲ ਵਿਚਰਦੇ ਹਨ ਤੇ ਕਈ ਵਾਰ ਕਾਵਿਕਤਾ ਉਤੇ ਭਾਰੂ ਵੀ ਹੋ ਜਾਂਦੇ ਹਨ। ਹਰਵਿੰਦਰ ਦੀ ਕਾਵਿ-ਜੁਗਤ ਅਤੇ ਵਿਚਾਰ ਪ੍ਰਬੰਧ ਉਤੇ ਗੁਰਬਾਣੀ ਦਾ ਪ੍ਰਭਾਵ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ ਤੇ ਵਿਗਿਆਨਕ ਤੱਥਾਂ ਦਾ ਦਬਾਓ ਵੀ। ਸੰਗ੍ਰਹਿ ਦੀ ਪਹਿਲੀ ਨਜ਼ਮ - 'ਆਦਿ' ਇਸ ਪੱਖੋਂ ਵੇਖੀ ਜਾ ਸਕਦੀ ਹੈ।

ਹਰਵਿੰਦਰ ਦੀ ਸ਼ਾਇਰੀ ਸਮਜਾਕ ਸਰੋਕਾਰਾਂ ਨਾਲ ਵਾਸਤਾ ਰੱਖਣ ਵਾਲੀ ਮੰਤਵਯੁਕਤ ਕਵਿਤਾ ਹੈ। 'ਪਤਾ ਨਹੀਂ ਕਿਉਂ" ਕਵਿਤਾ ਵਿਚ ਉਹ ਇਕ ਪ੍ਰਸੰਗ ਵਿਚ ਲਿਖਦਾ ਹੈ ਕਿ :

ਮੈਨੂੰ ਮੰਤਵਹੀਣ ਦੁਹਰਾਓ ਤੋਂ/ਸਖਤ ਚਿੜ ਹੈ/ਪਤਾ ਨਹੀਂ ਕਿਉਂ ?

ਸਪਸ਼ਟ ਹੈ ਕਿ ਸ਼ਾਇਰ ਨੂੰ 'ਮੰਤਵਹੀਣ ਦੁਹਰਾਓ' ਤੋਂ ਚਿੜ ਹੈ, ਪਰੰਤੂ ਜੇ ਦੁਹਰਾਓ ਮੰਤਵਯੁਕਤ ਹੋਵੇ ਤਾਂ ਇਹ ਸਵੀਕਾਰਨਯੋਗ ਹੈ। ਇਹ ਸਤਰਾਂ ਉਸ ਦੀ ਕਾਵਿ-ਦ੍ਰਿਸ਼ਟੀ ਤੇ ਕਾਵਿ-ਜੁਗਤ ਦੋਹਾਂ ਵੱਲ ਬੜਾ ਅਹਿਮ ਸੰਕੇਤ ਕਰਦੀਆਂ ਹਨ। ਹਰਵਿੰਦਰ ਦੀ ਕਵਿਤਾ ਦੀ ਸਮਾਜਕ ਸਾਰਥਿਕਤਾ ਮੁਖੀ ਸੁਰ ਇਸ ਦੀ ਵਿਸ਼ੇਸ਼ਤਾ ਵੀ ਹੋ ਸਕਦੀ ਹੈ ਤੇ ਸ਼ਕਤੀ ਵੀ। ਦੁਹਰਾਓ ਦੀ ਕਾਵਿ-ਜੁਗਤ ਦੀ ਵਰਤੋਂ ਹਰਵਿੰਦਰ ਰਚਨਾ ਨੂੰ ਵਧੇਰੇ ਮਾਅਨੇਖੇਜ਼ ਤੇ ਤਰਕਸੰਗਤ ਬਣਾਉਣ ਲਈ ਕਰਦਾ ਦਿਖਾਈ ਦਿੰਦਾ ਹੈ। ਹਰਵਿੰਦਰ ਦੀਆਂ ਕਈ ਕਵਿਤਾਵਾਂ ਵਿਚ ਉਭਰਦੀ ਕਾਵਿ-ਧੁਨੀ ਇਸ ਗੱਲ ਵੱਲ ਸੰਕੇਤ ਕਰਦੀ ਹੈ ਕਿ ਉਹ ਵਿਗਿਆਨਕ ਪਹੁੰਚ ਅਪਨਾਉਣ ਦੇ ਬਾਵਜੂਦ, ਜਿਸ ਰੂਪ ਵਿਚ ਵਿਕਾਸ ਕਰਕੇ ਵਿਗਿਆਨ ਅੱਜ ਸਾਡੇ ਸਾਹਮਣੇ ਹੈ, ਉਸ ਨੂੰ ਉਹ ਸਵੀਕਾਰ ਨਹੀਂ ਕਰਦਾ ਕਿਉਂਕਿ ਇਸ ਨੇ ਮਨੁੱਖ ਨੂੰ ਜਿੰਨਾ ਕੁਝ ਦਿੱਤਾ ਹੈ ਉਸ ਤੋਂ ਕਿਤੇ ਵਧੇਰੇ ਉਸ ਤੋਂ ਖੋਹ ਲਿਆ ਹੈ। ਇਸ ਨੇ ਉਸ ਅੰਦਰੋਂ 'ਮਨੁੱਖ' ਨੂੰ ਮਨਫੀ ਕਰਨ ਦਾ ਅਮਲ ਤੇਜ਼ ਤੋਂ ਤੇਜ਼ਤਰ ਕੀਤਾ ਹੈ। ਇਸ ਪ੍ਰਸੰਗ ਵਿਚ ਪ੍ਰਕਿਰਤੀ ਤੇ ਸੰਸਕ੍ਰਿਤੀ ਦਾ ਤਣਾਓ ਹਰਵਿੰਦਰ ਦੀ ਕਾਵਿਕਾਰੀ ਵਿਚ ਕੇਂਦਰੀ ਥੀਮ ਵਜੋਂ ਗਤੀਸ਼ੀਲ ਵੇਖਿਆ ਜਾ ਸਕਦਾ ਹੈ। 'ਕਾਇਨਾਤ ਦੀ ਭਾਸ਼ਾ' ਇਸ ਰੁਚੀ ਦੀ ਪ੍ਰਤਿਨਿਧ ਮਿਸਾਲ ਹੈ, ਭਾਵੇਂ ਕਿ ਇਸ ਦੇ ਸੰਕੇਤ ਹੋਰ ਵੀ ਕਈ ਕਵਿਤਾਵਾਂ ਵਿਚ ਉਭਰਵੇਂ ਰੂਪ ਵਿਚ ਮਿਲਦੇ ਹਨ :

*ਬਾਲ ਜੋ ਬ੍ਰਹਿਮੰਡੀ ਜੀਵ*
*ਉਤਪੰਨ ਹੋਇਆ ਸੀ*
*ਨਿੱਕੇ ਨਿੱਕੇ ਖੰਡਾਂ ਵਿਚ ਵੰਡਿਆ ਗਿਆ।*
*ਬਾਲ ਪਕ੍ਰਿਤੀ ਤੇ ਸੰਸਕ੍ਰਿਤੀ*
*ਦਰਮਿਆਨ ਬਣਦੇ ਫਾਸਲੇ ਦੇ*
*ਚੱਕਰਵਿਊ ਵਿਚ ਘੁੰਮਦਾ ਰਿਹਾ*
*......... ਤੇ ਤਾਹੀਓਂ ਕਦੇ ਕਦੇ*
*ਜੰਗਲੀ ਹੋਣ ਨੂੰ ਜੀਅ ਕਰਦਾ ਹੈ*
*ਜੰਗਲੀ ਸ਼ਬਦ ਜੋ ਕਿਤਨਾ*
*ਨਾਂਹ-ਵਾਚੀ ਬਣਾ ਦਿੱਤਾ ਗਿਆ*

ਪ੍ਰਕ੍ਰਿਤੀ ਤੇ ਸੰਸਕ੍ਰਿਤੀ ਦੇ ਇਸ ਤਣਾਓ ਵਿਚ ਕਵੀ, ਨਿਰਸੰਦੇਹ, ਪ੍ਰਕ੍ਰਿਤੀ ਵੱਲ ਮੁੜਦਾ ਹੈ।



ਉਹ ਸੰਸਕ੍ਰਿਤੀ ਤੋਂ ਉਪਰਾਮ ਹੈ, ਸਮਾਜਕ ਬੰਧਨਾਂ ਤੋਂ ਬੇਜ਼ਾਰ ਹੈ। ਉਹ ਅਜਿਹੇ ਪਾਸੇ ਪਰਤਣਾ ਚਾਹੁੰਦਾ ਹੈ ਜੋ ਹਕੀਕਤ ਵਿਚ ਸੰਭਵ ਨਹੀਂ ਹੋ ਸਕਦਾ। ਇਥੇ ਹੀ ਉਸਦੀ ਕਾਵਿ-ਦ੍ਰਿਸ਼ਟੀ ਵਿਚ ਦਵੰਦ ਉਭਰਦਾ ਹੈ, ਕਿ ਇਕ ਪਾਸੇ ਉਹ ਸੰਸਕ੍ਰਿਤੀ/ਸਮਾਜਕਤਾ ਨੂੰ ਨਾਕਰਦਾ ਦਿਸਦਾ ਹੈ ਤੇ ਦੂਜੇ ਪਾਸੇ ਉਹਦੀ ਕਵਿਤਾ ਸਮਾਜਕਤਾ / ਸੰਸਕ੍ਰਿਤੀ ਨੂੰ ਮਾਨਵਮੁਖੀ ਬਣਾਉਣ ਵੱਲ ਨਿਰੰਤਰ ਕਾਰਜਸ਼ੀਲ ਵਿਖਾਈ ਦਿੰਦੀ ਹੈ।

ਹਰਵਿੰਦਰ ਨੇ ਪੰਜਾਬ ਤ੍ਰਾਸਦੀ ਤੋਂ ਲੈ ਕੇ ਹੁਣ ਤਕ ਸਾਡੇ ਸਮਾਜਕ ਸਭਿਆਚਾਰਕ ਵਰਤਾਰੇ ਵਿਚ ਉਠੇ ਗੰਭੀਰ ਮਸਲਿਆਂ ਤੇ ਅਹਿਮ ਚੁਣੌਤੀਆਂ ਨਾਲ ਬੜਾ ਗਹਿਰ ਗੰਭੀਰ ਸੰਵਾਦ ਰਚਾਉਂਦੀ ਕਾਵਿ-ਰਚਨਾ ਦੀ ਸਿਰਜਣਾ ਕੀਤੀ ਹੈ। ਜਿੱਥੇ ਇਹ ਸੰਵਾਦ ਸਥਿਤੀਆਂ 'ਚੋਂ ਉਭਰਦਾ ਹੈ ਉਥੇ ਇਹ ਭਾਵਪੂਰਤ ਕਾਵਿ-ਬਿੰਬ ਦੀ ਉਸਾਰੀ ਕਰਦਾ ਹੈ, ਪਰੰਤੂ ਜਿੱਥੇ ਇਹ ਭਾਵੁਕ ਰੋਹ ਦੀ ਹੋਂਦ ਗ੍ਰਹਿਣ ਕਰਦਾ ਹੈ, ਜਾਂ ਨਿਰਪੇਖ ਵਿਚਾਰਾਂ ਦੇ ਸਹਾਰੇ ਤੁਰਦਾ ਹੈ, ਉਥੇ ਕਾਵਿ-ਬਿੰਬ ਉਪਰ ਨਾਅਰਾ ਤੇ ਕਾਵਿ-ਸੰਵੇਦਨਾ ਉਪਰ ਵਿਚਾਰ ਭਾਰੂ ਹੋ ਜਾਂਦਾ ਹੈ। 'ਗੱਲ ਤੇ ਹੱਲ', 'ਮੁਖਾਤਿਬ', 'ਕਸ਼ਮੀਰ ਤੋਂ ਕੰਨਿਆ ਕੁਮਾਰੀ ਤਕ' ਆਦਿ ਕਵਿਤਾਵਾਂ ਵਿਚੋਂ ਉਭਰਦੀ ਕਾਵਿਧੁਨੀ ਨੂੰ ਇਸ ਪ੍ਰਸੰਗ ਵਿਚ ਵੇਖਿਆ ਜਾ ਸਕਦਾ ਹੈ। ਹਰਵਿੰਦਰ ਦੀ ਕਵਿਤਾ ਵਿਚ ਪਰਿਭਾਸ਼ਾਈਕਰਨ ਕਰਨ ਦੀ ਪ੍ਰਬਲ ਰੁਚੀ ਵੀ ਇਸ ਦ੍ਰਿਸ਼ਟੀ ਤੋਂ ਹੀ ਆਧਾਰ ਗ੍ਰਹਿਣ ਕਰਦੀ ਹੈ। ਇਸ ਦੇ ਦੂਜੇ ਪਾਸੇ ਉਹ ਕਵਿਤਾਵਾਂ ਹਨ ਜਿਨ੍ਹਾਂ ਵਿਚ ਉਸਦੀ ਕਾਵਿ-ਸੰਵੇਦਨਾ ਆਪਣੇ ਪੂਰੇ ਕਾਵਿਕ-ਜਲੌਅ ਵਿਚ ਮੂਰਤੀਮਾਨ ਹੁੰਦੀ ਹੈ। 'ਬੱਚੇ ਖੇਡਦੇ ਨੇ', 'ਆਪਣੇ ਆਪ ਤਕ ਵਾਪਸੀ', 'ਓਪਰੇ ਨਦੀਨ', 'ਗੁਲਾਬਾਸੀ', 'ਰੁੱਖ ਤੇ ਰਵਾਇਤਾਂ', 'ਬਲੈਕ ਹੋਲ', 'ਰੁੱਖਾਂ ਦੀ ਫਿਤਰਤ' ਆਦਿ ਕਵਿਤਾਵਾਂ ਇਸ ਦੀ ਪੁਖਤਾ ਮਿਸਾਲ ਹਨ। ਜਿੱਥੇ ਕਵਿਤਾ ਸਿੱਧਾ ਮੁਖਾਤਬ ਹੋਣ ਦੀ ਥਾਂ ਪਰਤਵਾਂ ਪ੍ਰਵਚਨ ਸਿਰਜਦੀ ਹੈ ਤੇ ਜੋ ਕੁਝ ਵੀ ਉਹ ਕਹਿੰਦੀ ਹੈ ਉਸ ਤੋਂ ਕਿਤੇ ਵਧੇਰੇ ਜੋ ਉਹ ਕਹਿਣਾ ਚਾਹੁੰਦੀ ਹੈ, ਉਸ ਵੱਲ ਸੰਕੇਤ ਕਰਦੀ ਹੋਈ ਇਕ ਸਮੱਗਰ ਕਾਵਿ-ਬਿੰਬ ਸਿਰਜਦੀ ਹੈ, ਜਿਸ 'ਚੋਂ ਪਾਠਕ ਅਰਥ ਸਿਰਜਦਾ ਹੈ, ਮਹਿਜ਼ ਗ੍ਰਹਿਣ ਨਹੀਂ ਕਰਦਾ। ਕਵੀ ਹਰਵਿੰਦਰ ਦੀ ਲਗ ਪਗ ਤੇਰਾ ਸਾਲਾਂ ਦੀ ਕਾਵਿ -ਸਾਧਨਾ ਦਾ ਕਾਵਿ-ਫਲ 'ਗੁਲਾਬਾਸੀ' ਨਿਸਚੇ ਹੀ ਇਕ ਗੌਲਣਯੋਗ ਕਵੀ ਵਜੋਂ ਉਸ ਦੀ ਸ਼ਨਾਖਤ ਕਰਾਉਂਦਾ ਹੈ। ਅੱਜ ਲਿਖੀ ਜਾ ਰਹੀ ਪੰਜਾਬੀ ਕਵਿਤਾ ਦੇ ਪ੍ਰਸੰਗ ਵਿਚ ਵੇਖਿਆਂ ਵੀ ਇਸ ਕਵਿਤਾ ਦੀ ਅਹਿਮੀਅਤ ਉਜਾਗਰ ਹੁੰਦੀ ਹੈ। OO

[ਸੁਰਜੀਤ ਜੱਜ]

ਪ੍ਰਾਪਤ ਪੁਸਤਕਾਂ

1. ਮਨਮਤੀਆਂ [ਕਹਾਣੀਆਂ] ਸੁਖਵੰਤ ਕੌਰ ਮਾਨ
   ਪੰਨੇ 420, ਮੁੱਲ 325 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
2. ਸ਼ੁਤਰ ਮੁਰਗ ਦੀ ਵਾਪਸੀ [ਕਹਾਣੀਆਂ] ਜੋਗਿੰਦਰ ਸਿੰਘ ਨਿਰਾਲਾ
   ਪੰਨੇ 360, ਮੁੱਲ 350 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਹਾਲ ਬਾਜ਼ਾਰ, ਅੰਮ੍ਰਿਤਸਰ
3. ਆਬਸ਼ਾਰ [ਕਹਾਣੀਆਂ] ਇੱਛੂ ਪਾਲ
   ਪੰਨੇ 155, ਮੁੱਲ 150 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਹਾਲ ਬਾਜ਼ਾਰ, ਅੰਮ੍ਰਿਤਸਰ
4. ਤੱਤੇ ਟਿੱਬਿਆਂ ਦੇ ਪਾਂਧੀ [ਕਹਾਣੀਆਂ] ਦਵਿੰਦਰ ਸੰਧੂ
   ਪੰਨੇ 128, ਮੁੱਲ 120 ਰੁਪਏ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ
5. ਢਲਦੇ ਦਿਹਾੜੇ ਦਾ ਚੰਨ [ਕਹਾਣੀਆਂ] ਦਲਜੀਤ ਸਿੰਘ ਸੇਠੀ
   ਪੰਨੇ 163, ਮੁੱਲ 160 ਰੁਪਏ, ਪ੍ਰਕਾਸ਼ਕ, ਲੇਖਕ ਖੁਦ, 176/6 ਜੁਝਾਰ ਨਗਰ, ਪਟਿਆਲਾ
6. From Across the Shores (Punjabi short stories by Asians in Britain)
   Editor Rana Nayar, pp 193, Sterling Publishers (P) Ltd, New Delhi
7. ਖੇੜੇ ਸੁੱਖ ਵਿਹੜੇ ਸੁੱਖ [ਨਾਵਲ] ਅਵਤਾਰ ਸਿੰਘ ਬਿਲਿੰਗ
   ਪੰਨੇ 396, ਮੁੱਲ 350 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਹਾਲ ਬਾਜ਼ਾਰ, ਅੰਮ੍ਰਿਤਸਰ
8. ਘਾਟੀ ਪੁਤਲੀਗਰਾਂ ਦੀ [ਨਾਵਲ] ਕੇਵਲ ਕਲੋਟੀ
   ਪੰਨੇ 236, ਮੁੱਲ 150 ਰੁਪਏ, ਲਾਹੌਰ ਬੁਕ ਸ਼ਾਪ, ਲੁਧਿਆਣਾ

9. ਜੁਗਤੂ-ਇਕ ਖਲਨਾਇਕ ਦੀ ਆਤਮ ਕਥਾ [ਗਲਪ] ਸਾਧੂ ਬਿਨਿੰਗ
ਪੰਨੇ 450, ਮੁੱਲ 350 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

10. ਇਕ ਬੰਗਲਾ ਬਣੇ ਨਿਆਰਾ [ਵਿਅੰਗ] ਬਲਬੀਰ ਸਿੰਘ
ਪੰਨੇ 88, ਮੁੱਲ 80 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਹਾਲ ਬਾਜ਼ਾਰ, ਅੰਮ੍ਰਿਤਸਰ

11. ਗੱਲਾਂ ਤੇਰੀਆਂ ਤੇ ਕੁਝ ਮੇਰੀਆਂ [ਮੁਲਾਕਾਤਾਂ] ਸੁਕੀਰਤ
ਪੰਨੇ 147, ਮੁੱਲ 125 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ

12. ਵਾਸਨਾ ਵਿਸਕੀ ਵਿਦਵਤਾ [ਖੁਸ਼ਵੰਤ ਸਿੰਘ ਬਾਰੇ] ਸੰਪਾ. ਗੁਲਜ਼ਾਰ ਸਿੰਘ ਸੰਧੂ, ਅਮਰਜੀਤ ਸਿੰਘ ਦੀਪਕ
ਪੰਨੇ 152, ਮੁੱਲ 125 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ

13. ਮੇਰੇ ਸਫਰ ਦੀਆਂ ਯਾਦਾਂ [ਵਾਰਤਕ] ਦੇਵਿੰਦਰ ਸਤਿਆਰਥੀ
ਪੰਨੇ 149, ਮੁੱਲ 140 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ

14. ਲੋਕ-ਗੀਤ ਦਾ ਜਨਮ [ਲੋਕ ਗੀਤਾਂ ਬਾਰੇ] ਦੇਵਿੰਦਰ ਸਤਿਆਰਥੀ
ਪੰਨੇ 67, ਮੁੱਲ 75 ਰੁਪਏ, ਨਵਯੁਗ ਪਬਲਿਸ਼ਰਜ਼, ਹੌਜ਼ ਖਾਸ, ਨਵੀਂ ਦਿੱਲੀ

15. ਕੁਲਬੀਰ ਸਿੰਘ ਕਾਂਗ ਦੇ ਲਲਿਤ ਨਿਬੰਧ [ਵਾਰਤਕ] ਸੰ. ਡਾ. ਹਰਿਭਜਨ ਸਿੰਘ ਭਾਟੀਆ
ਪੰਨੇ 272, ਮੁੱਲ 150 ਰੁਪਏ, ਪੇਪਰ ਬੈਕ, ਨੈਸ਼ਨਲ ਬੁਕ ਸ਼ਾਪ, ਚਾਂਦਨੀ ਚੌਕ, ਦਿੱਲੀ

16. ਲਹੂ ਭਿੰਨੀਆਂ ਯਾਦਾਂ [ਯਾਦਾਂ] ਗਿਆਨੀ ਹਰਭਜਨ ਸਿੰਘ ਚਮਿੰਡਾ
ਪੰਨੇ 124, ਮੁੱਲ 50 ਰੁਪਏ, ਦੇਸ਼ਭਗਤ ਯਾਦਗਾਰ ਕਮੇਟੀ, ਜਲੰਧਰ

17. Struggle for free Hindustan (Ghadr Directory) Ed. Bhai Nihar Singh,Kirpal Singh
pp 230, Price Rs. 125/-, Gobind Sadan Institute, Mehrauli

18. Slavery (Novel) Mohan Singh Kukarpindia
pp 104, Price Rs. 100/-, National Book shop, Chandni Chowk, Delhi

19. ਵਰਜਣਾਂ ਤੋਂ ਪਾਰ [ਕਵਿਤਾਵਾਂ] ਬਲਬੀਰ ਪਰਵਾਨਾ
ਪੰਨੇ 96, ਮੁੱਲ 60 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

20. ਕੁਦਰਤ [ਕਵਿਤਾਵਾਂ] ਵਰਿੰਦਰ ਪਰਿਹਾਰ
ਪੰਨੇ 312, ਮੁੱਲ 250 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

21. ਘੁੱਗੀ ਦਾ ਵਿਰਲਾਪ [ਕਵਿਤਾਵਾਂ] ਚਰਨ ਸੀਚੇਵਾਲਵੀ
ਪੰਨੇ 48, ਮੁੱਲ 50 ਰੁਪਏ, ਨੀਝਸ਼ਾਲਾ ਪ੍ਰਕਾਸ਼ਨ, ਚੁਗਿੱਟੀ, ਜਲੰਧਰ

22. ਕੋਇਲ ਦੀ ਕੂਹੂ [ਗੀਤ] ਚਰਨ ਸੀਚੇਵਾਲਵੀ
ਪੰਨੇ 72, ਮੁੱਲ 75 ਰੁਪਏ, ਨੀਝਸ਼ਾਲਾ ਪ੍ਰਕਾਸ਼ਨ, ਚੁਗਿੱਟੀ, ਜਲੰਧਰ

23. ਗਦਰੀ ਗੂੰਜਾਂ [ਦੇਸ਼ਭਗਤੀ ਦੀ ਕਵਿਤਾ] ਡਾ. ਭਗਵਾਨ ਸਿੰਘ ਗਿਆਨੀ, ਪ੍ਰੀਤਮ
ਪੰਨੇ 236, ਮੁੱਲ 200 ਰੁਪਏ, ਲਾਹੌਰ ਬੁਕ ਸ਼ਾਪ, ਲੁਧਿਆਣਾ

24. ਪੰਜਾਬੀ ਕਹਾਣੀ ਦੀ ਇਕ ਸਦੀ [ਇਤਿਹਾਸ ਮੂਲਕ ਪ੍ਰਵਚਨ] ਡਾ. ਬਲਦੇਵ ਸਿੰਘ ਧਾਲੀਵਾਲ
ਪੰਨੇ 224, ਮੁੱਲ 220 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਹਾਲ ਬਾਜ਼ਾਰ, ਅੰਮ੍ਰਿਤਸਰ

25. ਸਵਰਨਜੀਤ ਸਵੀ ਦਾ ਕਾਵਿ ਪ੍ਰਵਚਨ [ਆਲੋਚਨਾ] ਸੰ: ਡਾ. ਬਲਦੇਵ ਸਿੰਘ ਧਾਲੀਵਾਲ
ਪੰਨੇ 216, ਮੁੱਲ 150 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਹਾਲ ਬਾਜ਼ਾਰ, ਅੰਮ੍ਰਿਤਸਰ

26. ਪੰਜਾਬੀ ਗਲਪ ਵਿਹਾਰ [ਆਲੋਚਨਾ] ਦੇਵਿੰਦਰ ਸਿੰਘ (ਪ੍ਰੋ.)
ਪੰਨੇ 192, ਮੁੱਲ 200 ਰੁਪਏ, ਰਵੀ ਸਾਹਿਤ ਪ੍ਰਕਾਸ਼ਨ, ਹਾਲ ਬਾਜ਼ਾਰ, ਅੰਮ੍ਰਿਤਸਰ

27. ਇਕ ਕਹਾਣੀ ਇਕ ਸੰਵਾਦ [ਆਲੋਚਨਾ] ਡਾ. ਹਰਬੰਸ ਸਿੰਘ ਧੀਮਾਨ
ਪੰਨੇ 245, ਮੁੱਲ 200 ਰੁਪਏ, ਗਗਨ ਪ੍ਰਕਾਸ਼ਨ, ਰਾਜਪੁਰਾ

28. ਉਤਰ ਆਧੁਨਿਕਤਾ ਅਤੇ ਸਮਕਾਲੀ ਪੰਜਾਬੀ ਕਵਿਤਾ [ਆਲੋਚਨਾ] ਡਾ. ਆਤਮ ਰੰਧਾਵਾ
ਪੰਨੇ 192, ਮੁੱਲ 180 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ





ਹੋਰਨਾ ਸੰਜੀਦਾ ਪਾਠਕਾਂ ਵਾਂਗ ਮੈਨੂੰ ਵੀ 'ਸਿਰਜਣਾ' ਦੇ ਪਾਠਕ ਹੋਣ ਦਾ ਗੌਰਵ ਹਾਸਲ ਹੈ। ਇਸ ਵਿਚ ਛਪਣ ਵਾਲਾ ਲਗਪਗ ਸਾਰਾ ਮੈਟਰ ਹੀ ਪੜ੍ਹਨ ਤੇ ਮਾਣਨਯੋਗ ਹੁੰਦਾ ਹੈ।ਕੁਝ ਕਵਿਤਾਵਾਂ, ਗੀਤ ਤੇ ਗ਼ਜ਼ਲਾਂ ਤਸੱਲੀ ਦਿੰਦੀਆਂ ਹਨ ਪਰੰਤੂ ਨਿਬੰਧ ਤੇ ਕਹਾਣੀਆਂ ਖਾਸ ਤੌਰ 'ਤੇ ਸਲਾਹੁਣਯੋਗ ਹੁੰਦੇ ਹਨ। ਇਸ ਰਿਸਾਲੇ ਦੀ ਬਦੌਲਤ ਕੁਝ ਸ਼ਖ਼ਸ ਕਵੀ ਅਖਵਾਉਣ ਦੇ ਹੱਕਦਾਰ ਬਣੇ ਤੇ ਕਈ ਕਹਾਣੀਕਾਰਾਂ ਨੂੰ ਇਸਨੇ ਵਿਸ਼ੇਸ਼ ਪਛਾਣ ਦਿੱਤੀ। ਲੰਮੀਆਂ ਕਹਾਣੀਆਂ ਲਿਖਣ ਵਾਲੇ ਕੁਝ ਹੋਰਨਾਂ ਲੇਖਕਾਂ ਦੀ ਨਿਸਬਤ ਵਰਿਆਮ ਸੰਧੂ ਬਾਰੇ ਤਾਂ ਇਹ ਵੀ ਕਿਹਾ ਜਾਣ ਲੱਗ ਪਿਆ ਸੀ ਕਿ 'ਰਘਬੀਰ ਸਿਉਂ" ਸਿਰਜਣਾ ਵਾਲੇ ਦਾ ਇਸ ਕਥਾਕਾਰ ਨੂੰ 'ਵੱਡਾ' ਬਣਾਉਣ ਵਿਚ ਬਹੁਤ ਵੱਡਾ ਹੱਥ ਹੈ। ਬੇਸ਼ੱਕ ਇਸ ਵਿਚ ਥੋੜ੍ਹੀ ਬਹੁਤੀ ਸੱਚਾਈ ਵੀ ਲੁਕੀ ਹੋ ਸਕਦੀ ਹੈ ਪਰੰਤੂ ਹਕੀਕਤ ਨੂੰ ਝੁਠਲਾਉਣਾ ਸੰਭਵ ਨਹੀਂ ਜਾਪਦਾ ਕਿ ਵਰਿਆਮ ਸੰਧੂ ਨੂੰ ਲੰਮੀ ਰੌਚਕ ਕਹਾਣੀ ਲਿਖਣ ਦਾ ਨਿਰਾਲਾ ਅੰਦਾਜ਼ ਆਉਂਦਾ ਹੈ ਤੇ ਉਸ ਨੇ ਸ਼ਾਇਦ ਇਸ ਦਿਸ਼ਾ ਵੱਲ ਪਹਿਲ ਕਦਮੀ ਵੀ ਕੀਤੀ।

ਪਰੰਤੂ ਦਰ-ਹਕੀਕਤ ਅਜਿਹੇ ਕਹਾਣੀਕਾਰਾਂ ਦੀਆਂ ਕਹਾਣੀਆਂ (ਮਸਲਨ : ਅਤਰਜੀਤ ਗੁਰਪਾਲ ਲਿੱਟ ...) ਸਿਰਫ ਸਾਹਤਿਕ ਪੱਖੋਂ ਬੌਧਿਕ ਅਮੀਰੀ ਹਾਸਲ ਕਰ ਚੁੱਕੇ ਪਾਠਕਾਂ ਤੇ ਖ਼ਾਸ ਕਰਕੇ ਉਹ ਵੀ ਲੇਖਕਾਂ (ਸਾਰੇ ਨਹੀਂ) ਨੂੰ ਹੀ ਵਧੇਰੇ ਅਪੀਲ ਕਰਦੀਆ ਹਨ। ਦੂਸਰੀ ਕਿਸਮ ਦੇ ਸੰਜੀਦਾ ਪਾਠਕਾਂ ਨੂੰ ਹਾਲੇ ਵੀ ਉਰਦੂ ਦੇ ਕ੍ਰਿਸ਼ਨ ਚੰਦਰ, ਸਆਦਤ ਹਸਨ ਮੰਟੋ ਅਤੇ ਪੰਜਾਬੀ ਦੇ ਕੁਲਵੰਤ ਸਿੰਘ ਵਿਰਕ ਤੇ ਮਹਿੰਦਰ ਸਿੰਘ ਸਰਨਾ ਵਰਗੇ ਕਥਾਕਾਰਾਂ ਦੀਆਂ ਕਹਾਣੀਆਂ ਹੀ ਜ਼ਿਆਦਾ ਟੁੰਬਦੀਆਂ ਹਨ। ਬਲਕਿ ਇਸ ਤੋਂ ਹੋਰ ਵੀ ਅਗਾਂਹ ਜਾਂਦਿਆਂ ਮੈਂ ਇਕ 'ਹੋਰ ਪਾਠਕ ਵਰਗ' ਬਾਰੇ ਤਾਂ ਇਹ ਵੀ ਕਹਿਣ ਤੀਕ ਜਾਵਾਂਗਾ ਜੋ ਵਰਿਆਮ ਸੰਧੂ ਜਾਂ ਬਲਵਿੰਦਰ ਗਰੇਵਾਲ ਜਾਂ ਬਲਦੇਵ ਸਿੰਘ ਧਾਲੀਵਾਲ ਜਾਂ ... ਇਸ ਤਰ੍ਹਾਂ ਦੀਆਂ ਹੋਰ ਸਟਾਈਲਿਸਟ ਕਹਾਣੀਆਂ ਨੂੰ ਅਸਲੋਂ ਹੀ ਰੱਦ ਕਰਨ ਤੀਕ ਚਲੇ ਜਾਂਦੇ ਹਨ ਜਾਂ ਕੁਝ ਸਤਰਾਂ ਜਾਂ ਪੈਰੇ ਪੜ੍ਹਕੇ ਪਾਸੇ ਹਟਾ ਦਿੰਦੇ ਹਨ। ਕਈ ਮਰਦ ਪਾਠਕਾਂ ਤੋਂ ਬਿਨਾਂ ਔਰਤਾਂ ਵਿਚ ਇਹ ਰੁਝਾਨ ਕੁਝ ਜ਼ਿਆਦਾ ਪ੍ਰਬਲ ਲਗਦਾ ਹੈ। ਉਹ ਹਿੰਦੀ ਦੇ ਮੈਗਜ਼ੀਨ 'ਸਰਿਤਾ' ਜਾਂ 'ਗ੍ਰਹਿਸ਼ੋਭਾ' ਜਾਂ ਪੰਜਾਬੀ ਦੇ 'ਘਰ ਸ਼ਿੰਗਾਰ' ਪਰਚਿਆਂ ਵਿਚ ਪ੍ਰਕਾਸ਼ਤ ਕਹਾਣੀਆਂ ਪੜ੍ਹਕੇ ਹੀ 'ਮਨ ਖੁਸ਼' ਕਰ ਲੈਂਦੇ ਹਨ ਜਾਂ ਸਮਝ ਲਓ ਉਨ੍ਹਾਂ ਨੂੰ ਇਤਨੇ ਨਾਲ ਹੀ ਸਕੂਨ ਹਾਸਲ ਹੋ ਜਾਂਦਾ ਹੈ।

ਏਥੇ ਮੇਰੀ ਧਾਰਨਾ ਕਿਸੇ ਖਾਸ ਕਿਸਮ ਦੇ ਲੇਖਕ ਨੂੰ ਛੁਟਿਆਣਾ ਹਰਗਿਜ਼ ਨਹੀਂ ਤੇ ਨਾ ਹੀ ਕਿਸੇ 'ਦੂਸਰੀ ਕਿਸਮ' ਦੇ ਕਹਾਣੀਕਾਰ ਦੀ ਵਕਾਲਤ ਕਰਨਾ ਹੀ ਹੈ। ਪਰ ਇਸਦੇ ਬਾਵਜੂਦ ਲੰਮੀਆਂ ਗੁੰਝਲਦਾਰ ਪਰਤਾਂ ਖੋਲ੍ਹਦੀਆਂ ਕਹਾਣੀਆਂ ਤੋਂ ਬਹੁਤਾ ਪਾਠਕ ਵਰਗ ਕਈ ਕਿਲੋਮੀਟਰ ਦੀ ਦੂਰੀ 'ਤੇ ਖੜ੍ਹਾ ਹੀ ਨਜ਼ਰ ਆਉਂਦਾ ਹੈ। ਕਈ ਤਾਂ ਕਹਿ ਵੀ ਦਿੰਦੇ ਹਨ "ਐਨੀ ਲੰਮੀ ਕਹਾਣੀ ਲਿਖਣ ਤੋਂ ਕੀ ਥੁੜਿਆ ਪਿਆ ਸੀ ..... ਐਦੂੰ ਤਾਂ ਨਾਵਲ ਹੀ ਲਿਖ ਛੱਡਦਾ।" ਪਰੰਤੂ ਹਜ਼ੂਰ ਨਾਵਲ ਵੀ ਅੱਜ ਦੇ ਦੌਰ ਵਿਚ ਕੌਣ ਪੜ੍ਹਦਾ ਹੈ ? ਜੇਕਰ ਸਮੁੱਚੇ ਪੰਜਾਬੀ ਜਗਤ ' ਤੇ ਨਜ਼ਰ ਮਾਰੀਏ ਤਾਂ ਪੋਲ ਖੁੱਲ੍ਹਣ ਦਾ ਖ਼ਤਰਾ ਹੈ।

ਖ਼ੈਰ ! ਆਪਾਂ ਗੱਲ ਨੂੰ ਫੇਰ ਦੂਸਰੀ ਤਰਫ ਮੋੜਦੇ ਹਾਂ; ਚੂੰਕਿ ਵੀਨਾ ਵਰਮਾ ਨੂੰ ਅਸੀਂ ਬਹੁਤੇ ਲੇਖਕ/ ਪਾਠਕ ਮਰਦ ਔਰਤ ਦੇ ਬੇਬਾਕ ਸੰਬੰਧਾਂ ਨੂੰ ਚਿਤਰਨ ਵਾਲੀ 'ਮੁਜਰਿਮ ਕਥਾਕਾਰਾ' ਗਰਦਾਨਦੇ ਹਾਂ ਪਰੰਤੂ ਹੋਰਨਾਂ ਕਈ ਪਰਚਿਆਂ ਵਾਂਗ 'ਸਿਰਜਣਾ' ਵਿਚ ਵੀ ਕਈ ਕਹਾਣੀਆਂ ਸੈਕਸ ਸੰਬੰਧਾਂ ਨਾਲ ਲਬਰੇਜ਼ ਮਿਲ ਜਾਂਦੀਆਂ ਹਨ। ਏਥੇ ਦੋ ਕਹਾਣੀਆਂ ਬਾਰੇ ਦੋ ਸਤਰਾਂ ਹੀ ਲਿਖੀਆਂ ਬਹੁਤ ਹੋਣਗੀਆਂ:

- ਜਿਨ੍ਹਾਂ 'ਯੁੱਧ ਖੇਤਰ' ਪੜ੍ਹੀ ਹੈ ਉਹ ਗੁਸਲਖਾਨੇ ਵਾਲਾ ਦ੍ਰਿਸ਼ ਵੇਖ ਸਕਦੇ ਹਨ .... ਤੇ ਹੋਰ ਵੀ ਕਈ ਕੁਝ ......

ਹੁਣੇ ਜਿਹੇ ਬਲਦੇਵ ਸਿੰਘ (ਜ਼ਿੰਦਗੀ-ਮੈਂ ਮਿਲਾਂਗੀ ਤੈਨੂੰ) ਦੀ ਕਹਾਣੀ ਵਿਚੋਂ ਕੁਝ ਸਤਰਾਂ ਵੇਖਣ ਤੇ ਮਾਨਣਯੋਗ ਹਨ ( !)

....ਹਰਾਮੀ ਕੁੱਤਾ-ਪੱਟਾਂ 'ਤੇ ਬਿਠਾਕੇ ਚੁੰਮੀਆਂ ਲੈ ਇਹਦੀਆਂ । ਸੁੱਥਣਾਂ ਸੁੰਘ ਇਹਦੀਆਂ, ਕਤੂਰੇ ਜੰਮਣਗੇ ।

ਕਿੰਨਾ ਨਜ਼ਾਰੇਦਾਰ ਮੰਜ਼ਰ ਹੈ; ਜ਼ਰਾ ....

ਹੁਣ ਤੁਹਾਨੂੰ ਇਕ ਹੋਰ ਕਥਾਕਾਰ ਦੇ ਹਵਾਲੇ ਨਾਲ ਦੱਸਣ ਲੱਗਾ ਹਾਂ ਜਿਸਦਾ ਤਾਜ਼ਾ ਨਾਵਲ ਹੁਣੇ ਛਪਿਆ ਹੈ : 'ਅਲਵਿਦਾ ਅਮੀਰਪੁਰ' । ਵੇਖੋ ਚੰਦ ਲਾਇਨਾਂ :

.... ਰਿਸ਼ਤਿਆਂ ਦੇ ਮਾਮਲੇ ਵਿਚ ਹੀ ਨਹੀਂ ਸ਼ੈਲੀ ਪਤਨੀ ਦੇ ਰੂਪ ਵਿਚ ਵੀ ਉਸ 'ਤੇ ਹਾਵੀ ਸੀ । ਸ਼ਾਮ ਨੂੰ ਦੇਰ ਰਾਤ ਤਕ ਉਹ ਦੀਪ ਨੂੰ ਸੌਣ ਨਹੀਂ ਸੀ ਦਿੰਦੀ । ਕਈ ਵਾਰ ਉਹ ਦਿਨ ਨੂੰ ਵੀ ਦੀਪ ਨੂੰ ਅੰਦਰਲੀ ਸਵਾਤ 'ਚ ਬੁਲਾ ਲੈਂਦੀ । ਅਜਿਹੇ ਸਮੇਂ ਸ਼ੈਲੀ ਦੀਆਂ ਅੱਖਾਂ ਵਿਚ ਅਜੀਬ ਜਿਹੀ ਚਮਕ ਆ ਜਾਂਦੀ । ਔਰਤਾਂ ਵਾਲੀ ਸਾਰੀ ਸੰਗ ਸ਼ਰਮ ਉਡ ਜਾਂਦੀ । ਉਹ ਜੰਗਲੀ ਬਿੱਲੀ ਵਾਂਗੂੰ ਉਸ 'ਤੇ ਝਪਟਦੀ ਅਤੇ ਉਸ ਦੇ ਪ੍ਰਛਾਂਟੇ ਮਾਰਦੀ । ਆਪਣੇ ਸਾਰੇ ਹੀ ਕਪੜੇ ਆਪ ਹੀ ਉਤਾਰ ਦਿੰਦੀ । ਅਜਿਹੇ ਸਮੇਂ ਦੀਪ ਪੂਰੀ ਤਾਕਤ ਵਿਚ ਤੇ ਗੁੱਸੇ ਨਾਲ ਉਸ ਨੂੰ ਮਧੋਲਦਾ ਪਰ ਉਹ ਸ਼ਾਂਤ ਨਾ ਹੁੰਦੀ ।"

ਇਨ੍ਹਾਂ ਗੱਲਾਂ ਨੂੰ ਕਾਵਿ ਭਾਸ਼ਾ ਜਾਂ ਕਿਸੇ ਹੋਰ ਖ਼ੂਬਸੂਰਤ ਢੰਗ ਨਾਲ ਵੀ ਚਿਤਰਿਆ ਜਾ ਸਕਦਾ ਹੈ । ਮੈਂ ਸਮਝਦਾ ਹਾਂ ਕਿ ਇਸ ਸਮੁੱਚੇ ਕਾਰਜ ਲਈ ਲਗਪਗ ਅਸੀਂ ਸਾਰੇ ਹੀ ਦੋਸ਼ੀ ਹਾਂ ਚੂੰਕਿ ਅਸੀਂ ਫਿਲਮਾਂ ਤੋਂ ਬਾਅਦ ਟੀ.ਵੀ. ਚੈਨਲਾਂ ਦੀ ਚਮਕ ਦਮਕ ਤੇ ਹੋਰ ਬਾਜ਼ਾਰੀ ਕੀਮਤਾਂ ਦੇ ਭੇਟ ਚੜ੍ਹ ਗਏ ਪ੍ਰਤੀਤ ਹੁੰਦੇ ਹਾਂ । ਬੇਸ਼ਕ ਮੈਨੂੰ ਮਰਦ ਔਰਤ ਦੇ ਰਿਸ਼ਤਿਆਂ, ਸੈਕਸ ਸੰਬੰਧਾਂ ਦੇ ਚਿਤਰਨ ਬਾਰੇ ਕੋਈ ਕਿੰਤੂ ਨਹੀਂ ਪਰ ਇਨ੍ਹਾਂ ਵਿਸ਼ਿਆਂ ਬਾਰੇ ਬਹੁਤ ਸੂਖਮ ਦ੍ਰਿਸ਼ਟੀ ਤੋਂ ਰਚਨਾ ਕਰਨ ਦੀ ਜ਼ਰੂਰਤ ਹੈ, ਨਾ ਕਿ ਬੇ-ਮੁਹਾਰੇ ਹੋ ਕੇ ਸਮਾਜ ਦਾ ਤਵਾਜ਼ਨ ਵਿਗਾੜਨ ਦੇ ਭਾਗੀਦਾਰ ਬਣਨਾ ਚਾਹੀਦਾ ਹੈ । ਸਮਝ ਸਕਦੇ ਹਾਂ ਕਿ ਆਕਾਰ ਪੱਖੋਂ ਨਿੱਕੀ ਜਾਂ ਵੱਡੀ ਕਹਾਣੀ ਦੇ ਕੋਈ ਮਾਅਨੇ ਨਹੀਂ; ਗੱਲ ਤਾਂ ਉਸਦੇ ਵਿਸ਼ੇ ਦੀ ਪੇਸ਼ਕਾਰੀ ਅਤੇ ਸਾਹਿਤਕ ਧਰਮ ਵਿਚ ਨਿਹਿਤ ਹੈ । ਭਵਿੱਖ ਵਿਚ ਆਸ ਰੱਖੀ ਜਾ ਸਕਦੀ ਹੈ ਕਿ 'ਸਿਰਜਣਾ' ਅੱਗੇ ਵਾਂਗ ਸਾਹਿਤਕ-ਸਮਾਜਕ ਅਤੇ ਸੁਹਜਾਤਮਕ ਕਦਮਾਂ ਦੀ ਜਿੱਥੇ ਪੈਰਵਾਈ ਕਰੇਗਾ ਉਥੇ ਸੁਹਿਰਦਤਾ ਨਾਲ ਅਗਵਾਨੀ ਵੀ ਕਰੇਗਾ ।

[ਸੁਖਮਿੰਦਰ ਸੇਖੋਂ, ਨਾਭਾ]

ਸਿਰਜਣਾ-124 ਵਿਚ ਸਭ ਤੋਂ ਪਹਿਲਾਂ ਕਹਾਣੀਆਂ ਪੜ੍ਹੀਆਂ। "ਜ਼ਿੰਦਗੀ-ਮੈਂ ਮਿਲਾਂਗੀ ਤੈਨੂੰ" ਵਿਚ ਬਲਦੇਵ ਸਿੰਘ ਨੇ ਅਜਿਹੇ ਸੁਆਲ ਖੜ੍ਹੇ ਕੀਤੇ ਹਨ ਜੋ ਆਪਣੇ ਆਪ 'ਚ ਹੀ ਜੁਆਬ ਹਨ । ਉਦਾਸ ਤੇ ਸੱਖਣੀ ਕੁੱਖ ਦਾ ਕੀ ਹਾਲ ਹੁੰਦਾ ਹੈ, ਕਹਾਣੀਕਾਰ ਨੇ ਬਹੁਤ ਡੂੰਘਾ ਸੋਚਿਆ ਹੈ । ਵੈਸੇ ਵੀ ਬਲਦੇਵ ਸਿੰਘ ਮੇਰੀ ਪਸੰਦ ਦਾ ਲੇਖਕ ਹੈ । ਉਹ ਕਮਾਲ ਦੀਆਂ ਕਹਾਣੀਆਂ ਲਿਖਦਾ ਹੈ । ਅਜਾਇਬ ਸਿੰਘ ਦੀ ਕਹਾਣੀ "ਦੁਹੱਥੜ" ਬਿਲਕੁਲ ਚੁੱਪ ਵਿਚ ਮਾਨਣ ਵਾਲੀ ਕਹਾਣੀ ਹੈ । ਕਿਸੇ ਵੇਲੇ ਕੋਈ ਰਚਨਾ ਇਸ ਕਦਰ ਤੁਹਾਡੇ ਅੰਦਰ ਸੰਵਾਦ ਕਰਦੀ ਹੈ ਕਿ ਬਾਹਰਲਾ ਰੌਲਾ ਚੰਗਾ ਨਹੀਂ ਲਗਦਾ । ਮੋਹਨ ਲਾਲ ਫਿਲੌਰੀਆ ਨੇ ਛੋਟੀ ਕਹਾਣੀ ਵਿਚ ਵੱਡੀ ਚੇਤਾਵਨੀ ਦਿੱਤੀ ਹੈ । ਸੁਰਿੰਦਰ ਗਿੱਲ ਦੀਆਂ ਤਿੰਨ ਕਵਿਤਾਵਾਂ ਬਾਰੇ ਏਨਾ ਹੀ ਕਹਾਂਗਾ ਕਿ ਦੋਵੇਂ ਬੇਲੀਆ ਨੂੰ ਮਿਲ ਕੇ ਗੱਲ ਕਰਨੀ ਚਾਹੀਦੀ ਹੈ। ਬਲਬੀਰ ਮਾਧੋਪੁਰੀ, ਲਖਵਿੰਦਰ ਜੌਹਲ, ਨੂਰ ਸੰਤੋਖਪੁਰੀ, ਮੋਹਨ ਮਤਿਆਲਵੀ ਦੀਆਂ ਕਵਿਤਾਵਾਂ ਚੰਗੀਆਂ ਸਨ ਪਰ ਜਸਵਿੰਦਰ ਦੀਆਂ ਪੰਜੇ ਗ਼ਜ਼ਲਾਂ ਕਮਾਲ ਸਨ । ਇਹ ਸ਼ੇਅਰ ਤਾਂ ਮੇਰੇ ਚੇਤਿਆਂ ਵਿਚ ਬੜ੍ਹਕਾਂ ਮਾਰਦਾ ਹੈ :


ਉਠ ਕੇ ਸੁਪਨੇ 'ਚ ਥੋੜ੍ਹਾ ਰੋ ਲਏ ਤਾਂ ਫੇਰ ਕੀ
ਰਾਤ ਵੀ ਕੱਟੀ ਗਈ ਮੋਇਆਂ ਨੂੰ ਵੀ ਮਿਲ ਹੋ ਗਿਆ

[Vishal, Pza, Matteotti-34, 46020 - Pegognaga (Mn) Italy]




**ਜੋਗਿੰਦਰ ਸਿੰਘ ਨਿਰਾਲਾ ਦੀਆਂ**
**ਸਮੁੱਚੀਆਂ ਕਹਾਣੀਆਂ ਦਾ ਸੰਗ੍ਰਹਿ**

# ਸ਼ੁਤਰਮੁਰਗ ਦੀ ਵਾਪਸੀ




*ਨਿਰਾਲਾ ਦੀਆਂ ਕਹਾਣੀਆਂ ਪੜ੍ਹ ਕੇ ਇਹ ਜਾਪਣ ਲੱਗਾ ਹੈ ਕਿ ਪ੍ਰਗਤੀਵਾਦੀ ਦ੍ਰਿਸ਼ਟੀ ਦੇ ਧਾਰਨੀ ਲੇਖਕਾਂ ਨੂੰ ਵੀ ਇਹ ਅਹਿਸਾਸ ਹੋਣ ਲੱਗਾ ਹੈ ਕਿ ਟੇਕ ਸੰਕਲਪ ਉਤੇ ਨਹੀਂ, ਸਗੋਂ ਜੀਵਨ ਦੇ ਪ੍ਰਮਾਣਿਕ ਚਿਤਰਨ ਉਤੇ ਹੀ ਹੋਣੀ ਚਾਹੀਦੀ ਹੈ । ਇਹ ਪ੍ਰਵਾਨ ਕੀਤਾ ਜਾਣ ਲੱਗਾ ਹੈ ਕਿ ਰਚਨਾ ਵਿਚ ਲੇਖਕ ਦੀ ਜੀਵਨ-ਦ੍ਰਿਸ਼ਟੀ ਦਾ ਸਮਾਵੇਸ਼ ਤਾਂ ਹੋਵੇ ਪਰ ਇਹ ਉਸਦਾ ਪ੍ਰਤਿਸਥਾਪਨ ਨਾ ਕਰੇ। ਨਿਰਾਲਾ ਦੇ ਕਲਾਤਮਕ ਅਨੁਭਵ ਵਿਚ ਵੀ ਇਹ ਪੁਖ਼ਤਗੀ ਆਈ ਹੈ ਅਤੇ ਇਸੇ ਕਾਰਨ ਉਸਦੀਆਂ ਕਹਾਣੀਆਂ ਠੋਸ ਜੀਵਨ ਧਰਾਤਲ ਉਤੇ ਖਲੋਤੀਆਂ ਹਨ ।*

***ਰਘਬੀਰ ਸਿੰਘ***

ਸੁੰਦਰ ਦਿੱਖ ਪੰਨੇ : 360 ਮੁੱਲ : 350 ਰੁਪਏ

**ਰਵੀ ਸਾਹਿਤ ਪ੍ਰਕਾਸ਼ਨ, ਹਾਲ ਬਾਜ਼ਾਰ, ਅੰਮ੍ਰਿਤਸਰ-143 006**



*ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼ 7, ਮੋਹਾਲੀ ਤੋਂ ਛਪਵਾ ਕੇ, 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।*

*ਸੰਪਾਦਕ :* ***ਰਘਬੀਰ ਸਿੰਘ*** *ਪ੍ਰਕਾਸ਼ਨ ਮਿਤੀ : 15 ਜੁਲਾਈ 2002*

**SIRJANA** Literary Punjabi Quarterly CHANDIGARH


No. 125 July-September 2002

Registered with the Registrar of Newspapers for India vide R.N. 10215/65



'ਨਰੰਜਣ ਮਸ਼ਾਲਚੀ' ਤੋਂ ਪਿੱਛੋਂ ਅਵਤਾਰ ਸਿੰਘ ਬਿਲਿੰਗ ਦਾ ਦੂਸਰਾ ਨਾਵਲ

## ਖੇੜੇ ਸੁੱਖ ਵਿਹੜੇ ਸੁੱਖ




ਅਵਤਾਰ ਸਿੰਘ ਬਿਲਿੰਗ ਦਾ ਪਹਿਲਾ ਨਾਵਲ 'ਨਰੰਜਣ ਮਸ਼ਾਲਚੀ' ਪੰਜ ਕੁ ਸਾਲ ਪਹਿਲਾਂ ਛਪਣ ਸਾਰ ਕਾਫ਼ੀ ਚਰਚਾ ਦਾ ਵਿਸ਼ਾ ਬਣ ਗਿਆ ਸੀ। ਇਉਂ ਲੱਗਿਆ ਜਿਵੇਂ ਪੰਜਾਬੀ ਨਾਵਲ 'ਤੇ ਜੋ ਜਮੂਦ ਆਵਾਰਿਦ ਹੋਇਆ ਸੀ, ਉਹ ਇਸੇ ਵਰਗੇ ਦੋ ਤਿੰਨ ਹੋਰ ਨਾਵਲਾਂ ਦੀ ਬਦੌਲਤ ਖ਼ਤਮ ਹੋਣ ਲੱਗ ਪਿਆ ਸੀ।

ਨਾਵਲ 'ਖੇੜੇ ਸੁੱਖ ਵਿਹੜੇ ਸੁੱਖ' ਦਾ ਵਸਤੂ ਵੀ ਪਹਿਲੇ ਨਾਵਲ ਵਾਂਗ ਢਾਹੇ ਦੇ ਪੇਂਡੂ ਜੀਵਨ ਤੋਂ ਹੀ ਲਿਆ ਗਿਆ ਹੈ। ਇਸ ਦਾ ਸਮਾਂ ਆਜ਼ਾਦੀ ਆਉਣ ਤੋਂ ਪਹਿਲਾਂ ਦਾ ਹੈ, ਜੋ ਵੀਹਵੀਂ ਸਦੀ ਦੇ ਪਹਿਲੇ ਪੰਜ ਦਹਾਕਿਆਂ ਨੂੰ ਕਲਾਵੇ ਵਿਚ ਲਏ ਹੋਏ ਹੈ। ਇਸ ਦਾ ਵੱਡਾ ਗੁਣ ਇਹ ਹੈ ਕਿ ਨਾਵਲ ਦੇ ਨਾਲ ਇਹ ਦਸਤਾਵੇਜ਼ ਵੀ ਹੈ। ਨਾਵਲ ਹੋਣ ਦੇ ਨਾਤੇ ਇਹ ਗਲਪੀ ਵਿਧਾ ਦੀਆਂ ਸੰਭਾਵਨਾਵਾਂ ਹੰਢਾਉਣ ਵੱਲ ਰੁਚਿਤ ਹੈ ਅਤੇ ਦਸਤਾਵੇਜ਼ ਦੇ ਸਮਾਨ ਹੋਣ ਲਈ ਇਹ ਸਭਿਆਚਾਰ ਦੀ ਪੂਰੀ ਸਾਰ ਲੈਣ ਦੇ ਯਤਨ ਵਿਚ ਰਹਿੰਦਾ ਹੈ। ਤੇਜਵੰਤ ਸਿੰਘ ਗਿੱਲ

ਸੁੰਦਰ ਦਿੱਖ ਪੰਨੇ : 396 ਮੁੱਲ : 350 ਰੁਪਏ

**ਰਵੀ ਸਾਹਿਤ ਪ੍ਰਕਾਸ਼ਨ, ਹਾਲ ਬਾਜ਼ਾਰ, ਅੰਮ੍ਰਿਤਸਰ-143 006**